# ਤਤਕਰਾ


| ਕ੍ਰਮ ਅੰਕ | ਵਿਸ਼ਾ | ਪੰਨਾ |
|---|---|---|
| 1. | ਭੂਮਿਕਾ | 3 |
| 2. | ਮਾਈਕਲ ਐਂਜਿਲੋ | 8 |
| 3. | ਵਚਿੱਤਰ ਤਪੱਸਿਆ | 9 |
| 4. | ਸੰਤ ਵਿਨੋਬਾ ਭਾਵੇ | 11 |
| 5. | ਸੰਸਾਰ ਵਿਆਪੀ ਨਰਸਿੰਗ ਪ੍ਰਥਾ ਦੀ ਬਾਨੀ ਇੰਗਲੈਂਡ ਦੇਸ਼ ਦੀ ਬੀਬੀ ਨਾਈਟਿੰਗੇਲ | 13 |
| 6. | ਬੀਬੀ ਅਵੈਂਜਲੀਨ ਬੂਥ | 17 |
| 7. | ਬੀਬੀ ਜੇਨ ਆਦਮਜ਼ | 17 |
| 8. | ਸ੍ਰੀ ਰਾਮ ਕ੍ਰਿਸ਼ਨ ਪਰਮ ਹੰਸ | 18 |
| 9. | ਹੈੱਡ ਗ੍ਰੰਥੀ ਸੰਤ ਕਿਸ਼ਨ ਸਿੰਘ | 18 |
| 10. | ਡਾਲਟਨ ਸਾਇੰਸਦਾਨ | 22 |
| 11. | ਆਚਾਰੀਆ ਜੇ.ਬੀ.ਕ੍ਰਿਪਲਾਨੀ | 23 |
| 12. | ਬ੍ਰਹਮ ਗਿਆਨੀ ਥੋਰੋ | 24 |
| 13. | ਸ੍ਰਵੋਦਯ ਨੇਤਾ ਸ੍ਰੀ ਜੈ ਪ੍ਰਕਾਸ਼ ਨਰਾਇਣ | 25 |
| 14. | ਬੀਬੀ ਸੁਸ਼ੀਲ ਕੌਰ | 34 |
| 15. | ਇਕ ਸ਼ਲਾਘਾਯੋਗ ਭੁੱਲ | 45 |
| 16. | ਸਚਾਈ ਦਾ ਆਗੂ ਬਣਨ ਦੀ ਤਾਂਘ | 47 |
| 17. | ਉਸਾਰੀ ਦੀ ਮਹਿਮਾ | 49 |
| 18. | ਕੌਮਾਂ ਦੀ ਉਸਾਰੀ ਕਿਵੇਂ ਹੋਇਆ ਕਰਦੀ ਹੈ ? | 51 |
| 19. | ਮਨੁੱਖ ਦਾ ਜੀਵਨ ਆਦਰਸ਼ | 53 |
| 20. | ਇਕ ਬੁੱਧੀਵਾਦੀ ਨੌਜਵਾਨ ਨੂੰ | 55 |
| 21. | ਜੰਗਲ ਵਾਸੀਆਂ ਦਾ ਧਰਮ | 56 |
| 22. | ਜ਼ਹਿਰ ਪ੍ਰਵੇਸ਼ਤਾ | 58 |
| 23. | ਭਾਵ ਤੇ ਜਜ਼ਬੇ | 61 |
| 24. | ਜਿਣਸੀ ਪਵਿੱਤਰਤਾ ਹੀ ਇਕੋ ਇਕ ਪੁੰਨ ਹੈ | 64 |
| 25. | ਆਇਰਸ਼ ਕਿਸਾਨਾਂ ਦੀ ਕਰਾਮਾਤ | 67 |
| 26. | ਕੁਆਰੀਆਂ ਕੁੜੀਆਂ ਦੀਆਂ ਬਿਨ ਆਈਆਂ ਮੌਤਾਂ | 68 |
| 27. | ਨਰੋਈ ਸਿਹਤ | 71 |
| 28. | ਮਰਨ ਬਿਸਤਰੇ ’ਤੇ ਪਈ ਮੇਰੀ ਮਾਂ ਦੀ ਚਿੰਤਾ | 73 |
| 29. | ਸਿੱਖ ਗੁਰਦਵਾਰਿਆਂ ਦੀ ਸੇਵਾ | 76 |
| 30. | ਹਨੂੰਮਾਨ ਜਤੀ ਦੀਆਂ ਮੇਰੇ ਨਾਲ ਗੱਲਾਂ | 85 |
| 31. | ਨੌਜਵਾਨ ਮੁੰਡੇ ਕੁੜੀਆਂ ਦੀ ਸੇਵਾ ਵਿਚ ਇਕ ਬੇਨਤੀ | 91 |
| 32. | ਭਿਆਨਕ ਗੁਪਤ ਰੋਗ ਸੁਜ਼ਾਕ ਅਤੇ ਆਤਸ਼ਿਕ | 92 |
| 33. | ਭਾਰਤ ਨੂੰ ਤੀਜਾ ਸਥਾਨ | 93 |
| 34. | ਮੇਰੀ ਸਾਰੀ ਉਮਰ ਦਾ ਕੁਆਰਾਪਨ | 97 |
| 35. | ਡਾਕਟਰੀ ਵਿਦਿਆ ਦੀ ਉੱਨਤੀ ਦਾ ਅਬਾਦੀ ਦੇ ਵਾਧੇ ’ਤੇ ਪ੍ਰਭਾਵ | 101 |
| | **ਜੀਵਨ ਖੇਡਾਂ** | |
| 36. | Self-Control | 106 |
| 37. | ਜੀਵਨ-ਖੇਡ ਸ਼ਤਰੰਜ ਦੀ ਖੇਡ ਨਾਲੋਂ ਕਈ ਗੁਣਾਂ ਵਧੇਰੇ ਔਖੀ ਤੇ ਗੁੰਝਲਦਾਰ ਹੁੰਦੀ ਹੈ | 107 |
| 38. | ਪ੍ਰਾਰਥਨਾ ਸ਼ਕਤੀ ਹੈ | 108 |
| 39. | ਆਤਮਾ ਦੀ ਸਭ ਤੋਂ ਗਹਿਰੀ ਲੋੜ | 110 |
| 40. | ਆਚਰਣ ਦੀ ਘਾੜਤ ਕਰਨ ਵਾਲੇ ਚਾਰ ਘਾੜੂ ਹੁੰਦੇ ਹਨ | 112 |
| 41. | ਹਰਕਤ, ਬ੍ਰਹਿਮੰਡ ਦਾ ਕਾਨੂੰਨ ਹੈ | 114 |
| 42. | ਧਰਮੀ ਬੰਦਾ ਬਣਨ ਦੀ ਲੋੜ | 116 |
| 43. | ਦਇਆਵਾਨ ਹੋਣ ਦੀ ਲੋੜ | 117 |
| | **ਜੀਵਨ ਸੇਧਾਂ** | |
| 44. | ਰੱਬ ਦਾ ਸੱਦਾ | 121 |
| 45. | ਇਕ ਜਾਪਾਨੀ ਬੰਦੇ ਦੀ ਨਿਗਾਹ ਵਿਚ ਦੇਸ਼ ਵਾਸੀਆਂ ਦੀ ਨਕਰਮਣਤਾ | 124 |
| 46. | ਅਬਾਦੀ ਦੀ ਭਿਆਨਕ ਸਮੱਸਿਆ | 130 |
| 47. | ਭਾਰਤ ਦੇ ਕਾਲਾਂ ਦਾ ਇਤਿਹਾਸ | 132 |
| 48. | ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ | 136 |

# ਭੂਮਿਕਾ

ਬੰਬਈ ਵਿਚ ਤਿੰਨਾਂ ਮਹੀਨਿਆਂ ਮਗਰੋਂ ਇਕ ਵਾਰ ਛਪਣ ਵਾਲਾ ਅੰਗਰੇਜ਼ੀ ਪਰਚਾ " Tata's Journal of Social Work, 'ਟਾਟਾਜ਼ ਜਰਨਲ ਆਫ਼ ਸੋਸ਼ਲ ਵਰਕ' ਦੇਸ਼ ਦਾ ਇਕ ਬਹੁਤ ਉੱਚੇ ਦਰਜੇ ਦਾ ਪਰਚਾ ਹੈ ਜਿਸ ਵਿਚ ਦੇਸ਼ ਦੀਆਂ ਸਮਾਜਿਕ ਸਮੱਸਿਆਵਾਂ 'ਤੇ ਖੋਜ-ਭਰਪੂਰ ਲੇਖ ਛਪਦੇ ਹਨ । 1947 ਦੇ ਲਾਗੇ ਇਸ ਪਰਚੇ ਵਿਚ ਸੰਤਾਨ-ਸੰਜਮ ਦੇ ਵਿਸ਼ੇ 'ਤੇ ਇਕ ਲੇਖ ਛਪਿਆ ਸੀ ਜਿਸ ਦਾ ਲੇਖਕ ਕੈਨੇਡਾ ਦੇਸ਼ ਦਾ ਇਕ ਵਿਦਵਾਨ ਸੀ । ਉਸ ਵਿਦਵਾਨ ਨੇ ਸੰਤਾਨ-ਸੰਜਮ ਦੇ ਵਿਸ਼ੇ ਉੱਤੇ ਹਰ ਪੱਖ 'ਤੇ ਬਹੁਤ ਬਰੀਕੀ ਨਾਲ ਖੋਜ ਕੀਤੀ ਹੋਈ ਸੀ । ਸੰਤਾਨ-ਸੰਜਮ ਦੇ ਢੰਗ ਹਨ— ਇਕ '**ਮਨ ਦਾ ਦਮਨ**' ਜਿਸ ਤੋਂ ਬ੍ਰਹਮਚਰਯ ਉਪਜਦਾ ਹੈ ਤੇ ਦੂਸਰਾ ਢੰਗ '**ਯੰਤਰ ਤੇ ਗੋਲੀਆਂ**' ਹਨ, ਜਿਨ੍ਹਾਂ ਦੀ ਵਰਤੋਂ ਨਾਲ ਇਸਤਰੀ ਨੂੰ ਗਰਭ ਨਹੀਂ ਠਹਿਰਦਾ। ਗਰਭ-ਪਾਤ ਕਰਨ ਲਈ ਓਪਰੇਸ਼ਨ ਵੀ ਕੀਤਾ ਜਾਂਦਾ ਹੈ।

ਮਨ ਦੇ ਸੰਜਮ ਦੇ ਢੰਗ ਨੂੰ ਉਸ ਵਿਦਵਾਨ ਨੇ ਮਹਾਤਮਾ ਗਾਂਧੀ ਦਾ ਢੰਗ ਲਿਖਿਆ ਸੀ । ਇਸ ਢੰਗ ਬਾਰੇ ਉਸ ਨੇ ਲਿਖਿਆ ਸੀ ਕਿ ਜੇਕਰ ਲੋਕਾਂ ਨੂੰ ਮਨ ਦੇ ਦਮਨ ਦੇ ਰਾਹ 'ਤੇ ਤੋਰਨਾ ਹੋਵੇ ਤਾਂ ਉਹਨਾਂ ਅੱਗੇ ਉਹਨਾਂ ਇਸਤਰੀਆਂ ਪੁਰਸ਼ਾਂ ਦੇ ਜੀਵਨ ਲਿਆਂਦੇ ਜਾਣੇ ਚਾਹੀਦੇ ਹਨ ਜਿਨ੍ਹਾਂ ਨੇ ਸਾਰੀ ਉਮਰ ਵਿਆਹ ਨਾ ਕਰਾਇਆ ਹੋਵੇ ਤੇ ਸਾਰੀ ਉਮਰ ਹੀ ਬ੍ਰਹਮਚਾਰੀ ਰਹੇ ਹੋਣ ।

ਵਿਨੋਬਾ ਭਾਵੇ ਨੇ ਲਿਖਿਆ ਹੈ ਕਿ ਜਦੋਂ ਇਕ ਸੰਗਤ ਵਿਚ ਜੁੜੇ ਹੋਏ ਮਰਦਾਂ ਤੇ ਇਸਤਰੀਆਂ ਨੂੰ ਇਹ ਗੱਲ ਦੱਸੀ ਕਿ ਸ੍ਰੀ ਰਾਮਚੰਦਰ ਜੀ ਮਹਾਰਾਜ ਨੇ ਦੋ ਤੋਂ ਵੱਧ ਸੰਤਾਨ ਪੈਦਾ ਨਹੀਂ ਕੀਤੀ ਸੀ ਤੇ ਸਾਨੂੰ ਕੀ ਹੱਕ ਹੈ ਕਿ ਅਸੀਂ ਦੋ ਤੋਂ ਵੱਧ ਬੱਚੇ ਪੈਦਾ ਕਰਦੇ ਜਾਈਏ, ਤਾਂ ਇਸਤਰੀਆਂ ਤੇ ਬੰਦੇ ਰੋਣ ਲੱਗ ਪਏ ਸਨ । ਉਨ੍ਹਾਂ ਨੇ ਰੋਂਦਿਆਂ ਕਿਹਾ ਸੀ ਕਿ ਸਾਨੂੰ ਇਹ ਗੱਲ ਦੱਸੀ ਹੀ ਕਿਸੇ ਨੇ ਨਹੀਂ । ਕੈਨੇਡਾ ਦੇ ਵਿਦਵਾਨ ਦੇ ਉੱਤੇ ਦਿੱਤੇ ਵਿਚਾਰ ਮੈਂ ਬਹੁਤ ਸਾਲਾਂ ਦੇ ਪੜ੍ਹੇ ਹੋਏ ਸਨ ਪਰ ਇਹ ਕਿਤਾਬਚਾ ਲਿਖੇ ਜਾਣ ਵਿਚ ਦੇਰੀ ਹੁੰਦੀ ਗਈ। ਇਸ ਵੇਲੇ ਮੇਰੀ ਉਮਰ ੭੮ ਸਾਲਾਂ ਦੀ ਹੈ । ਮੈਂ ਆਪਣੀ ਮਾਂ ਨਾਲ ਹਿਰਦੇ ਦੀ ਪੂਰੀ ਪਵਿੱਤਰਤਾ ਨਾਲ ਸਾਰੀ ਉਮਰ ਕੰਵਾਰਾ ਰਹਿਣ ਦਾ ਪ੍ਰਣ ਕੀਤਾ ਸੀ । ਇਹ ਪ੍ਰਣ ਸਿੱਖ ਗੁਰਦੁਆਰਿਆਂ ਦੀ ਛਤਰ-ਛਾਇਆ ਹੇਠ ਮਿਲੇ ਪ੍ਰਾਣੀ-ਮਾਤਰ ਦੀ ਸੇਵਾ ਦੇ ਦਿਨ ਰਾਤ ਦੇ ਕਾਰਜਾਂ ਵਿਚ ਰੁੱਝਿਆ



ਹੋਇਆ ਸਹਿਜੇ ਹੀ ਨਿਭਦਾ ਰਿਹਾ ਹੈ । ਇਸ ਲਈ ਸੰਸਾਰ ਦੇ ਵੱਧ ਤੋਂ ਵੱਧ ਬੰਦਿਆਂ ਦੇ ਅੱਗੇ ਉਹਨਾਂ ਮਹਾਂਪੁਰਖਾਂ ਦੇ ਜੀਵਨ ਲਿਆਂਦੇ ਜਾਣੇ ਚਾਹੀਦੇ ਹਨ ਜਿਨ੍ਹਾਂ ਦੇ ਸਹਿਜ-ਸੁਭਾਅ ਪਵਿੱਤਰ ਕੁਆਰੇਪਨ ਦੇ ਸਾਰੀ ਉਮਰ ਦੇ ਜੀਵਨ ਬਿਤਾਏ ਗਏ ਹੋਣ। ਇਸ ਕਿਤਾਬਚੇ ਵਿਚ ਮੈਂ ਇਹ ਕੁਝ ਕਰਨ ਦਾ ਯਤਨ ਕੀਤਾ ਹੈ ।

ਇਸ ਲੇਖ ਨੂੰ ਪੜ੍ਹਨ ਤੋਂ ਪਿੱਛੋਂ ਮੈਂ ਕਈ ਸਾਲ ਸੋਚਦਾ ਰਿਹਾ ਹਾਂ ਕਿ ਮੈਂ ਅਜਿਹੇ ਮਰਦਾਂ ਤੇ ਇਸਤਰੀਆਂ ਦੇ ਜੀਵਨ ਲਿਖਾਂ । ਇਕ ਵਾਰੀ ਮੈਂ ਦਿੱਲੀ ਸ਼ਹਿਰ ਗਿਆ ਸਾਂ, ਉੱਥੇ ਪੁਸਤਕਾਂ ਦੀ ਰਾਮਾ ਕ੍ਰਿਸ਼ਨਾ ਦੁਕਾਨ 'ਤੇ ਮੇਰੀ ਨਿਗਾਹ ਅਮਰੀਕਾ ਦੇਸ਼ ਵਿਚ ਛਪੀ ਹੋਈ ਅੰਗਰੇਜ਼ੀ ਦੀ ਇਕ ਪੁਸਤਕ 'ਤੇ ਪੈ ਗਈ ਜਿਸ ਦਾ ਨਾਮ Living Biographies of Famous Women ਅਰਥਾਤ 'ਪ੍ਰਸਿੱਧ ਇਸਤਰੀਆਂ ਦੀਆਂ ਜਿਊਦੀਆਂ ਜੀਵਨ-ਕਥਾਵਾਂ ।' ਇਸ ਪੁਸਤਕ ਵਿਚ ਇੰਗਲੈਂਡ ਦੀ ਇਕ ਕਹਾਣੀ ਸੰਸਾਰ ਪ੍ਰਸਿੱਧ ਬੀਬੀ ਫਲੋਰੈਂਸ ਨਾਈਟਿੰਗੇਲ ਦੀ ਵੀ ਸੀ ਜਿਸ ਦੀ ਕਹਾਣੀ ਨੂੰ ਮੈਂ ਆਪਣੀ ਦਸਵੀਂ ਜਮਾਤ ਵਿਚ ਵੀ ਪੜ੍ਹਿਆ ਸੀ । ਪਰ ਉਸ ਮਹਾਨ ਇਸਤਰੀ ਬਾਰੇ ਇਹ ਖ਼ਿਆਲ ਮੈਂ ਕਦੇ ਨਹੀਂ ਕੀਤਾ ਸੀ ਕਿ ਉਹ ਸਾਰੀ ਉਮਰ ਹੀ ਕੰਵਾਰੀ ਰਹੀ ਸੀ । ਉਸ ਪੁਸਤਕ ਵਿਚੋਂ ਮੈਂ ਬੀਬੀ ਨਾਈਟਿੰਗੇਲ ਦੀ ਕਹਾਣੀ ਨੂੰ ਵੀ ਪੜ੍ਹਿਆ ਤੇ ਕੁਝ ਹੋਰ ਕਹਾਣੀਆਂ ਵੀ ਪੜ੍ਹੀਆਂ ਜਿਨ੍ਹਾਂ ਵਿਚੋਂ ਇਕ ਕਹਾਣੀ ਅਮਰੀਕਾ ਦੇਸ਼ ਦੀ ਬੀਬੀ ਜੇਨ ਆਦਮਜ਼ ਦੀ ਵੀ ਸੀ । ਉਸ ਬੀਬੀ ਨੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ '**ਹੱਲ ਹਾਊਸ**' ਨਾਮ ਦਾ ਆਸ਼ਰਮ ਬਣਾਇਆ ਸੀ ਜਿਸ ਦਾ ਮਨੋਰਥ ਕਿਸੇ ਪ੍ਰਕਾਰ ਦੇ ਸੰਕਟ ਵਿਚ ਫਸੀਆਂ ਬੀਬੀਆਂ ਦੀ ਸਹਾਇਤਾ ਕਰਨਾ ਸੀ ਤੇ ਇਸੇ ਕਾਰਜ ਵਿਚ ਉਸ ਨੇ ਆਪਣਾ ਸਾਰਾ ਜੀਵਨ ਬਿਤਾਇਆ ਸੀ । ਉਸ ਬੀਬੀ ਨੇ ਆਪਣੇ ਸੇਵਾ ਦੇ ਜੀਵਨ ਵਿਚੋਂ ਇਹ ਤੱਤ ਕੱਢਿਆ ਸੀ ਕਿ (Recreation) ਤਾਜ਼ਗੀ ਦੇਣ ਵਾਲੇ ਦਿਲ-ਪਰਚਾਵੇ ਤੋਂ ਜੋ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ ਉਹ ਗੁਨਾਹ ਭਰੇ ਦਿਲ-ਪ੍ਰਚਾਵਿਆਂ ਤੋਂ ਕਈ ਗੁਣਾਂ ਵੱਧ ਹੁੰਦੀ ਹੈ । ਉਸ ਦੇ ਸ਼ਬਦ ਸਨ :-

**Recreation is stronger than vice.**

ਮੈਂ ਆਪਣੇ ਜੀਵਨ ਵਿਚ ਕਈ ਅਜਿਹੀਆਂ ਇਸਤਰੀਆਂ ਤੇ ਮਰਦ ਦੇਖੇ ਹਨ ਜਿਨ੍ਹਾਂ ਦਾ ਵਿਆਹ ਵੱਲ ਧਿਆਨ ਹੀ ਨਹੀਂ ਗਿਆ ਸੀ । ਆਤਮਾ ਦਾ ਰਸ ਵੀ ਇਕ ਮਹਾਨ ਰਸ ਹੈ । ਵਰਤਮਾਨ ਕਾਲ ਵਿਚ ਅਬਾਦੀ ਦਾ ਮਸਲਾ ਸੰਸਾਰ ਦੇ ਵੱਡੇ ਮਸਲਿਆਂ ਵਿਚੋਂ ਇਕ ਹੈ । ਸ਼ਾਇਦ ਇਹ ਸਭ ਤੋਂ

ਵੱਡਾ ਮਸਲਾ ਹੀ ਹੈ । ਇਸ ਮਸਲੇ ਨੂੰ ਹੱਲ ਕਰਨ ਲਈ ਮਨੁੱਖ ਦੀ ਆਤਮਾ ਦੇ ਉਸ ਰਸ ਨੂੰ ਚੇਤੇ ਨਾ ਰੱਖਣਾ ਜਿਸ ਰਸ ਨੂੰ ਮਾਣਦਾ ਹੋਇਆ ਬੰਦਾ ਇੰਦਰੀਆਂ ਦੇ ਸਾਰੇ ਰਸਾਂ ਤੋਂ ਉੱਪਰ ਉੱਠ ਜਾਂਦਾ ਹੈ, ਭਾਰੀ ਬੇਸਮਝੀ ਦੀ ਗੱਲ ਹੋਵੇਗੀ । ਭਾਰਤ ਦੇ ਸਭਿਆਚਾਰ ਨੂੰ ਤਿੰਨਾਂ ਦੱਦਿਆਂ ਵਿਚ ਵੰਡਿਆ ਗਿਆ ਹੈ : ਦਇਆ, ਦਮਨ ਤੇ ਦਾਨ । ਜੇ ਭਾਰਤਵਾਸੀ ਇਹਨਾਂ ਤਿੰਨਾਂ ਦੱਦਿਆਂ ਵੱਲ ਹੀ ਪਿੱਠ ਫੇਰ ਲੈਣ ਤਾਂ ਫਿਰ ਉਹਨਾਂ ਦੇ ਪੱਲੇ ਰਹਿ ਹੀ ਕੀ ਜਾਂਦਾ ਹੈ।

**ਮਨ ਦਾ ਦਮਨ**

ਅਬਾਦੀ ਨੂੰ ਘਟਾਉਣ ਦੇ ਸੰਬੰਧ ਵਿਚ ਮਹਾਤਮਾ ਗਾਂਧੀ ਜੀ ਨੇ ਮਨ ਦੇ ਦਮਨ ਦੇ ਮਾਰਗ ਨੂੰ ਹੀ ਸਭ ਤੋਂ ਵਧੀਆ ਮਾਰਗ ਦੱਸਿਆ ਹੈ । ਜਿਹੜੀਆਂ ਲੜਕੀਆਂ ਇਸ ਕਿਤਾਬਚੇ ਨੂੰ ਪੜ੍ਹਦੀਆਂ ਹਨ ਉਹ ਇਸ ਨੂੰ ਬਹੁਤ ਪਸੰਦ ਕਰਦੀਆਂ ਹਨ ਤੇ ਮੁੜ ਮੁੜ ਕੇ ਇਸ ਦੀ ਮੰਗ ਉਹਨਾਂ ਪਾਸੋਂ ਸਾਨੂੰ ਆਉਂਦੀ ਰਹਿੰਦੀ ਹੈ । ਇਸ ਲੇਖ ਦੇ ਆਰੰਭ ਵਿਚ ਮੈਂ ਕੈਨੇਡਾ ਦੇਸ਼ ਦੇ ਇਕ ਵਿਦਵਾਨ ਦਾ ਜੋ ਵਿਚਾਰ ਪੇਸ਼ ਕੀਤਾ ਹੈ ਉਸ ਅਨੁਸਾਰ ਤਾਂ ਮੇਰੇ ਇਸ ਕਿਤਾਬਚੇ ਵੱਲ ਸਰਕਾਰ ਨੂੰ ਵੀ ਤੁਰੰਤ ਧਿਆਨ ਦੇਣਾ ਚਾਹੀਦਾ ਹੈ; ਪਰ ਪਤਾ ਨਹੀਂ ਸਰਕਾਰ ਦੇ ਧਿਆਨ ਵਿਚ ਇਹ ਕਿਤਾਬਚਾ ਕਦੋਂ ਆਵੇ ਤੇ ਕਦੋਂ ਉਹ ਇਸ ਨੂੰ ਛਾਪ ਕੇ ਵੰਡਣ ਲਈ ਤਿਆਰ ਹੋਵੇ । ਹੋ ਸਕਦਾ ਹੈ ਉਸ ਵੇਲੇ ਹੀ ਸਰਕਾਰ ਦਾ ਧਿਆਨ ਇਸ ਕਿਤਾਬਚੇ ਵੱਲ ਜਾਵੇ ਜਦੋਂ ਇਸ ਦਾ ਡੰਕਾ ਹੀ ਦੇਸ਼ ਦੇ ਸਾਰੇ ਕਾਲਜਾਂ ਵਿਚ ਵੱਜ ਜਾਵੇ । ਹਾਲੇ ਤਾਂ ਮੈਂ ਪਿੰਗਲਵਾੜੇ ਵੱਲੋਂ ਹੀ ਸਾਰਾ ਖ਼ਰਚ ਕਰਨਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਦੇਸ਼ ਤੇ ਸੰਸਾਰ ਵਿਚ ੨੪ ਸਾਲ ਦੀ ਪੈਦਲ ਯਾਤਰਾ ਕਰ ਰਹੇ ਸਨ ਤਾਂ ਉਹਨਾਂ ਦਾ ਸਭ ਤੋਂ ਵੱਡਾ ਮਨੋਰਥ ਦੇਸ਼ ਤੇ ਦੁਨੀਆਂ ਦੇ ਬੰਦਿਆਂ ਦੀਆਂ ਆਤਮਾਵਾਂ ਨੂੰ ਜਗਾਉਣਾ ਸੀ । ਆਪਣੀ ੨੪ ਸਾਲ ਦੀ ਪੈਦਲ ਸੰਸਾਰ ਯਾਤਰਾ ਵਿਚ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸਵੇਰ ਵੇਲੇ ਅਗਲੇ ਪੜਾਅ ਨੂੰ ਤੁਰਿਆ ਕਰਦੇ ਸਨ ਤਾਂ ਉਹ ਭਾਈ ਮਰਦਾਨੇ ਨੂੰ ਹੇਠ ਲਿਖੇ ਸ਼ਬਦ ਕਿਹਾ ਕਰਦੇ ਸਨ —**'ਚਲ ਮਰਦਾਨਿਆਂ ਜੋਤਾਂ ਜਗਾਈਏ ।'**

ਵੇਖੋ, ਇਸ ਕਿਤਾਬਚੇ ਦੀ ਲਾਗਤ ਅੱਸੀ ਪੈਸੇ ਤੋਂ ਵੱਧ ਨਹੀਂ ਹੈ ਪਰ ਇਹ ਹਰ ਇਕ ਮੁੰਡੇ ਕੁੜੀ ਦੇ ਜੀਵਨ ਨੂੰ ਸੁਧਾਰ ਸਕਦਾ ਹੈ । ਇਸ ਦੇ ਮੁਕਾਬਲੇ ਵਿਚ ਜੋ ਖ਼ਰਚ ਕਿਸੇ ਮਰਦ ਇਸਤਰੀ ਦੇ ਸੰਤਾਨ ਸੰਜਮ ਦੇ ਓਪਰੇਸ਼ਨ 'ਤੇ ਆਉਂਦਾ ਹੈ, ਉਹ ਇਸ ਤੋਂ ਅਨੇਕਾਂ ਗੁਣਾਂ ਵੱਧ ਹੁੰਦਾ



ਹੈ। ਫੇਰ ਸਵਾਲ ਕੇਵਲ ਅਬਾਦੀ ਨੂੰ ਘਟਾਉਣ ਦਾ ਹੀ ਨਹੀਂ, ਸੁਜ਼ਾਕ ਤੇ ਆਤਸ਼ਿਕ ਜੈਸੇ ਭਿਆਨਕ ਰੋਗ ਹੁਣ ਬਹੁਤ ਤੇਜ਼ ਰਫ਼ਤਾਰ ਨਾਲ ਸੰਸਾਰ ਵਿਚ ਫੈਲ ਰਹੇ ਹਨ । ਬੰਬਈ, ਕਲਕੱਤਾ ਤੇ ਦਿੱਲੀ ਵਰਗੇ ਸ਼ਹਿਰਾਂ ਵਿਚ ਇਨ੍ਹਾਂ ਦੋਹਾਂ ਰੋਗਾਂ ਨੇ ਹਾਹਾਕਾਰ ਮਚਾਇਆ ਹੋਇਆ ਹੈ । ਦੱਸਿਆ ਜਾਂਦਾ ਹੈ ਕਿ ਇਕੱਲੇ ਬੰਬਈ ਵਿਚ ੧੫ ਤੋਂ ੨੫ ਸਾਲ ਦੀ ਉਮਰ ਦੇ ਮੁੰਡੇ-ਕੁੜੀਆਂ ਇਨ੍ਹਾਂ ਰੋਗਾਂ ਦਾ ਸ਼ਿਕਾਰ ਸਭ ਤੋਂ ਵਧੇਰੇ ਹੋ ਰਹੇ ਹਨ । ਫੇਰ ਕਾਮੀ ਪੁਰਸ਼ ਕਮਜ਼ੋਰ ਹੋ ਕੇ ਛੇਤੀ ਮੌਤ ਦੇ ਮੂੰਹ ਵਿਚ ਚਲਿਆ ਜਾਂਦਾ ਹੈ । ਦੁਨੀਆਂ ਦਾ ਇਤਿਹਾਸ ਦੱਸਦਾ ਹੈ ਕਿ ਜਿਸ ਦੇਸ਼ ਦੇ ਬੰਦੇ ਕਾਮ-ਵਾਸ਼ਨਾ ਦਾ ਸ਼ਿਕਾਰ ਹੋ ਜਾਣ ਉਹ ਦੇਸ਼ ਹਰ ਪੱਖ ਤੋਂ ਨਿੱਘਰ ਜਾਇਆ ਕਰਦਾ ਹੈ । ਪਿੰਡਾਂ ਵਿਚ ਤਾਂ ਜੇ ਕੋਈ ਮੁੰਡਾ ਆਪਣੇ ਘਰ ਤੋਂ ਬਾਹਰ ਦੀ ਕਿਸੇ ਲੜਕੀ ਨਾਲ ਗੱਲ ਵੀ ਕਰੇ ਤਾਂ ਸਾਰੇ ਪਿੰਡ ਨੂੰ ਸ਼ੱਕ ਪੈ ਜਾਂਦਾ ਹੈ । ਲੜਕੇ ਲੜਕੀ ਦੇ ਵਾਰਸ ਵੀ ਚੁਕੰਨੇ ਹੋ ਜਾਂਦੇ ਹਨ ; ਪਰ ਸ਼ਹਿਰਾਂ ਵਿਚ ਤਾਂ ਇਹ ਵੀ ਨਹੀਂ ਪਤਾ ਲੱਗਦਾ ਕਿ ਜਿਹੜੇ ਲੜਕੀ ਲੜਕਾ ਸ਼ਹਿਰ ਵਿਚ ਕਿਸੇ ਥਾਂ 'ਤੇ ਤੁਰੇ ਜਾ ਰਹੇ ਹਨ ਉਹ ਭੈਣ ਭਰਾ ਹਨ ਜਾਂ ਓਪਰੇ ਹਨ ਤੇ ਉਹ ਕਿਧਰ ਨੂੰ, ਕਿਸ ਕੰਮ ਲਈ ਤੁਰੇ ਜਾ ਰਹੇ ਹਨ ।

ਚੜ੍ਹਦੀ ਜਵਾਨੀ ਦਾ ਸਮਾਂ ਮਸਤੀ ਦਾ ਹੁੰਦਾ ਹੈ। ਜੇਕਰ ਜੀਵਨ ਦੇ ਇਸ ਪੜਾਅ 'ਤੇ ਕਿਸ ਮੁੰਡੇ ਜਾਂ ਕੁੜੀ ਨੂੰ ਇਹ ਨਾ ਦੱਸਿਆ ਜਾਵੇ ਕਿ ਉਸ ਦੇ ਜੀਵਨ ਦਾ ਮਨੋਰਥ ਕੀ ਹੈ, ਦੇਸ਼ ਤੇ ਸਮਾਜ ਦੇ ਹਾਲਾਤ ਕੀ ਹਨ ਤੇ ਉਹ ਹਾਲਾਤ ਉਸ ਪਾਸੋਂ ਕਿਸ ਕਰਤੱਵ ਦੀ ਮੰਗ ਕਰਦੇ ਹਨ ਤਾਂ ਉਹ ਆਪਣੀ ਮਸਤੀ ਵਿਚ ਹੀ ਤੁਰਿਆ ਜਾਏਗਾ । ਉਹ ਆਤਮਾ ਦੀਆਂ ਸੱਚੀਆਂ ਖ਼ੁਸ਼ੀਆਂ ਤੋਂ ਵਾਂਝਿਆਂ ਰਹਿ ਕੇ ਨੀਵੀਆਂ ਖ਼ੁਸ਼ੀਆਂ ਵੱਲ ਹੀ ਤੁਰਦਾ ਜਾਵੇਗਾ । ਇਸ ਗੱਲ ਨੂੰ ਇਸ ਕਿਤਾਬਚੇ ਵਿਚ ਫ਼ਿਲਾਸਫ਼ਰ ਥੋਰੋ ਦੇ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ:- "ਕੋਈ ਬੰਦਾ ਜਾਂ ਕੋਈ ਇਸਤਰੀ ਓਪਰੇਸ਼ਨ ਕਰਾ ਕੇ ਬੱਚੇ ਪੈਦਾ ਕਰਨ ਤੋਂ ਬਚ ਸਕਦੇ ਹਨ ਪਰ ਓਪਰੇਸ਼ਨ ਨਾਲ ਸੁਜ਼ਾਕ,ਆਤਸ਼ਿਕ ਜਿਹੇ ਭਿਆਨਕ ਰੋਗਾਂ ਤੋਂ ਤਾਂ ਨਹੀਂ ਬਚਿਆ ਜਾ ਸਕਦਾ । ਸੋ ਸਭ ਪ੍ਰਕਾਰ ਦੇ ਕਸ਼ਟਾਂ ਤੋਂ ਬਚਾਅ ਮਨ ਦੇ ਦਮਨ ਨਾਲ ਹੀ ਹੋਣਾ ਹੈ । ਫਿਰ ਸੁਜ਼ਾਕ, ਆਤਸ਼ਿਕ ਆਦਿ ਰੋਗਾਂ ਵਿਚ ਗ੍ਰੱਸੇ ਬੰਦੇ ਜਿਸ ਭਿਆਨਕ ਦਸ਼ਾ ਨਾਲ ਮਰਦੇ ਹਨ, ਉਸ ਨੂੰ ਬਿਆਨ ਕਰਨਾ ਵੀ ਕਠਿਨ ਹੈ ।"

ਇਕ ਨੌਜਵਾਨ ਇਸਤਰੀ ਨੇ ਮੈਨੂੰ ਦੱਸਿਆ ਕਿ ਉਹ ਜਦੋਂ ਕਾਲਜ ਵਿਚ ਪੜ੍ਹਦੀ ਸੀ ਤਾਂ ਉਸ ਨੂੰ ਕਿਸੇ ਬਾਲ-ਬੱਚੇਦਾਰ ਜਵਾਨ ਬੰਦੇ ਨੇ ਆਪਣੇ

ਆਪ ਨੂੰ ਕੁਆਰਾ ਦੱਸ ਕੇ ਫੁਸਲਾ ਲਿਆ । ਜਦੋਂ ਉਸ ਬੰਦੇ ਨੇ ਉਸ ਨਾਲ ਅਯੋਗ ਸੰਬੰਧ ਪੈਦਾ ਕਰ ਕੇ ਉਸ ਬੀਬੀ ਨੂੰ ਗਰਭਵਤੀ ਕਰ ਦਿੱਤਾ ਤੇ ਗਰਭ ਵੀ ੮ ਮਹੀਨੇ ਦਾ ਹੋ ਗਿਆ, ਤਾਂ ਉਹ ਉਸ ਨੂੰ ਅੰਮ੍ਰਿਤਸਰ ਦੀ ਸਭ ਤੋਂ ਵੱਡੀ ਡਾਕਟਰ ਬੀਬੀ ਪਾਸ ਹਮਲ ਗਿਰਾਉਣ ਲਈ ਲੈ ਗਿਆ ਜਿਸ ਤੋਂ ਪਤਾ ਲੱਗਾ ਕਿ ਹਮਲ ਗਿਰਾਉਣ ਦਾ ਸਮਾਂ ਹੀ ਲੰਘ ਚੁੱਕਾ ਹੋਇਆ ਹੈ ਤੇ ਏਨੇ ਸਮੇਂ ਦਾ ਗਰਭ ਗਿਰਾ ਕੇ ਬੀਬੀ ਜਿਊਂਦੀ ਨਹੀਂ ਰੱਖੀ ਜਾ ਸਕਦੀ ; ਪਰ ਫਿਰ ਵੀ ਉਹ ਬੰਦਾ ਗਰਭਵਤੀ ਬੀਬੀ ਨੂੰ ਬੜੇ ਜ਼ਬਰ ਜ਼ੋਰ ਨਾਲ ਗਰਭ ਗਿਰਾਉਣ ਲਈ ਮਜ਼ਬੂਰ ਕਰਦਾ ਰਿਹਾ । ਵੇਖੋ, ਉਹ ਆਪਣੀ ਕਾਮ-ਵਾਸ਼ਨਾ ਦੀ ਪੂਰਤੀ ਲਈ ਇਕ ਸੁੰਦਰ ਨੌਜਵਾਨ ਬੀਬੀ ਦਾ ਮੁੱਲ ਮੂਲੀ ਗਾਜਰ ਦੇ ਮੁੱਲ ਤੋਂ ਵੱਧ ਨਾ ਪਾ ਸਕਿਆ । ਉਸ ਬੀਬੀ ਨੇ ਮੈਨੂੰ ਇਹ ਵੀ ਦੱਸਿਆ ਕਿ ਜਦੋਂ ਉਸ ਨੇ ਬੱਚਾ ਜੰਮ ਲਿਆ ਤਾਂ ਉਸ ਜ਼ਾਲਿਮ ਨੇ ਉਸ ਨੂੰ ਡਰਾ ਡਰਾ ਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਬੱਚਾ ਕਿਸੇ ਨੂੰ ਦੇ ਦੇਵੇ । ਪਰ ਬੀਬੀ ਨੇ ਬੱਚੇ ਨੂੰ ਲੁਕ ਲੁਕ ਕੇ ਇਕ ਹੋਰ ਬੀਬੀ ਪਾਸੋਂ ਇਕ ਸੰਤ ਦੇ ਡੇਰੇ ਉੱਤੇ ਪਲਵਾਇਆ। ਪਰ ਉਹ ਜ਼ਾਲਮ ਬੰਦਾ ਬੀਬੀ ਨੂੰ ਮਜ਼ਬੂਰ ਕਰਦਾ ਰਿਹਾ ਕਿ ਉਹ ਬੱਚਾ ਕਿਸੇ ਹੋਰ ਨੂੰ ਦੇ ਦੇਵੇ । ਦੇਖੋ ਕਾਮ-ਵੱਸ ਬੰਦਾ ਕਿੰਨਾ ਜ਼ਾਲਮ ਹੁੰਦਾ ਹੈ ਤੇ ਇਸਤਰੀ ਨੂੰ ਉਸ ਦੇ ਫ਼ਰੇਬਾਂ ਤੋਂ ਬਚਣ ਲਈ ਕਿੰਨੀ ਲੋੜ ਹੈ, ਇਸ ਗੱਲ ਦਾ ਪਤਾ ਉਸ ਬੀਬੀ ਦੀ ਕਹਾਣੀ ਤੋਂ ਲੱਗ ਸਕਦਾ ਹੈ। ਮਨ-ਮੋਹਣੀਆਂ ਗੱਲਾਂ ਕਰ ਕੇ ਅਨੇਕ ਪ੍ਰਕਾਰ ਦੇ ਸਬਜ਼-ਬਾਗ ਦਿਖਾ ਕੇ ਛਲੀਏ ਬੰਦੇ ਭੋਲੀਆਂ ਭਾਲੀਆਂ ਕੰਵਾਰੀਆਂ ਕੁੜੀਆਂ ਨੂੰ ਭਿਆਨਕ ਮੌਤ ਦੇ ਰਾਹ 'ਤੇ ਤੋਰ ਦਿੰਦੇ ਹਨ । ਹਮਲ ਗਿਰਾਉਣ ਦੇ ਕਾਰਣ ਮਰਨ ਵਾਲੀਆਂ ਕੁਆਰੀਆਂ ਕੁੜੀਆਂ ਦੀਆਂ ਭਿਆਨਕ ਮੌਤਾਂ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਨਿਕਲਦੀਆਂ ਰਹਿੰਦੀਆਂ ਹਨ ਕਿਉਂਕਿ ਗਰਭ ਵਧੇਰੇ ਸਮੇਂ ਦੇ ਹੋ ਗਏ ਹੁੰਦੇ ਹਨ ।

ਕੁਝ ਸਾਲ ਹੋਏ ਹਨ ਇਕ ਸੁੰਦਰ ਜਰਮਨ ਨੌਜਵਾਨ ਲੜਕੀ ਤੇ ਉਸ ਦੇ ਦੋ ਸਾਥੀਆਂ ਨੇ ਪਿੰਗਲਵਾੜੇ ਰਾਤ ਕੱਟੀ । ਬੀਬੀ ਇਕ ਛੋਟੇ ਜਿਹੇ ਕਤੂਰੇ ਨੂੰ ਗੋਦੀ ਵਿਚ ਆਪਣੇ ਸਫ਼ਰ ਵਿਚ ਆਪਣੇ ਨਾਲ ਚੁੱਕੀ ਫਿਰਦੀ ਸੀ। ਮੇਰੇ ਪੁੱਛਣ 'ਤੇ ਉਸਨੇ ਮੈਨੂੰ ਦੱਸਿਆ ਕਿ ਮਨੁੱਖ ਪਸ਼ੂ ਦੇ ਮੁਕਾਬਲੇ ਵਿਚ ਮਾੜੇ ਹਨ। ਪਸ਼ੂ ਤਾਂ ਨਿਰਛਲ ਹੁੰਦੇ ਹਨ ਤੇ ਸੱਚਾ ਪਿਆਰ ਵੀ ਦਿੰਦੇ ਹਨ ; ਪਰ, ਅਨੇਕਾਂ ਮਨੁੱਖ ਕਪਟ ਦੀ ਮੂਰਤੀ ਹੁੰਦੇ ਹਨ ।

–ਭਗਤ ਪੂਰਨ ਸਿੰਘ



**ਪੱਥਰ ਦੀ ਘਾੜਤ ਦੀ ਕਲਾ ਦੇ ਜੀਵਨ ਦੀ ਮਸਤੀ ਨਾਲ**

**ਮਸਤ ਰਹਿ ਕੇ ਸਾਰੀ ਉਮਰ ਕੁਆਰਾ ਰਹਿਣ ਵਾਲਾ**

**ਇਟਲੀ ਦੇਸ਼ ਦਾ ਸੰਸਾਰ ਪ੍ਰਸਿੱਧ ਕਲਾਕਾਰ**

# ਮਾਈਕਲ ਐਂਜਿਲੋ

ਇਟਲੀ ਦੇਸ਼ ਦੇ ਕਿਸੇ ਵੱਡੇ ਸ਼ਹਿਰ ਵਿਚ ਇਕ ਬਹੁਤ ਲੰਬਾ ਚੌੜਾ ਪੱਥਰ ਸੈਂਕੜੇ ਜਾਂ ਹਜ਼ਾਰਾਂ ਸਾਲਾਂ ਤੋਂ ਪਿਆ ਸੀ । ਉਸ ਦੇਸ਼ ਵਿਚ ਇਕ ਬੰਦਾ ਜਿਸ ਦਾ ਨਾਮ ਮਾਈਕਲ ਐਂਜਿਲੋ ਸੀ ਉਹ ਪੱਥਰ ਦੀ ਘਾੜਤ ਦੀ ਕਲਾ ਦਾ ਕਲਾਕਾਰ ਬਣਿਆ । ਆਪਣੀ ਜਵਾਨੀ ਦੇ ਅਰੰਭ ਤੋਂ ਹੀ ਉਹ ਲੰਬੇ ਚੌੜੇ ਪੱਥਰ ਨੂੰ ਦੇਖ ਦੇਖ ਕੇ ਉਸ ਦੇ ਦਿਲ ਵਿਚ ਇਹ ਖ਼ਿਆਲ ਪੈਦਾ ਹੁੰਦਾ ਗਿਆ ਕਿ ਉਸ ਪੱਥਰ ਵਿਚੋਂ ਉਹ ਕੋਈ ਸੁੰਦਰ ਮੂਰਤੀ ਬਣਾਏ । ਪੱਥਰ ਦੀ ਘਾੜਤ ਦੀ ਕਲਾ ਸਿੱਖਣ ਤੋਂ ਪਿੱਛੋਂ ਉਹ ਉਸ ਪੱਥਰ ਵਿਚੋਂ ਮੂਰਤੀ ਬਣਾਉਣ ਲੱਗ ਪਿਆ । ਉਸ ਨੇ ਆਪਣੇ ਮਨ ਦੀ ਪੂਰੀ ਇਕਾਗਰਤਾ ਨਾਲ ਆਪਣੀ ਜ਼ਿੰਦਗੀ ਦਾ ਬਹੁਤਾ ਲੰਬਾ ਸਮਾਂ ਮੂਰਤੀ ਬਣਾਉਣ ਵਿਚ ਖ਼ਰਚ ਕੀਤਾ, ਪਤਾ ਨਹੀਂ ਸਮਾਂ ਤੀਹ ਸਾਲ ਦਾ ਸੀ ਜਾਂ ਚਾਲੀ ਸਾਲ ਦਾ ਸੀ ; ਉਸ ਦੀ ਲੰਬੇ ਸਮੇਂ ਦੀ ਸਾਂਸ ਸਾਂਸ ਦੀ ਇਕਾਗਰਤਾ ਨਾਲ ਜੋ ਮੂਰਤੀ ਤਿਆਰ ਹੋਈ ਉਹ ਸੰਸਾਰ ਨੂੰ ਹੈਰਾਨ ਕਰ ਗਈ । ਸ਼ਾਇਦ ਸੰਸਾਰ ਦੇ ੮ ਅਜੂਬਿਆਂ ਵਿਚੋਂ ਉਸ ਦੀ ਮੂਰਤੀ ਇਕ ਅਜੂਬਾ ਮੰਨੀ ਗਈ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ ਹੈ—

**"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥" (ਅੰਗ ੪੪੧)**

ਤੇ ਦੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਕਬੀਰ ਜੀ ਦਾ ਹੈ:-

**"ਕਹੁ ਕਬੀਰ ਇਹੁ ਰਾਮ ਕੀ ਅੰਸੁ ॥" (ਅੰਗ ੮੭੧)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਹੈ :-

**"ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥"**

**(ਅੰਗ ੭੫)**

ਜੇ ਕੋਈ ਬੰਦਾ ਮਨ ਲਾ ਕੇ ਹਿਰਦੇ ਦੀ ਪੂਰੀ ਇਕਾਗਰਤਾ ਨਾਲ ਸੰਸਾਰ ਭਲਾਈ ਦਾ ਕੋਈ ਕੰਮ ਕਰੇ ਤਾਂ ਰੱਬ ਉਸ ਦੇ ਕੰਮ ਵਿਚ ਪੂਰੀ ਬਰਕਤ ਪਾ ਦਿੰਦਾ ਹੈ । ਮਾਈਕਲ ਐਂਜਿਲੋ ਨੇ ਆਪਣੀ ਹਿਰਦੇ ਦੀ ਪੂਰੀ

ਇਕਾਗਰਤਾ ਨਾਲ ਜ਼ਿੰਦਗੀ ਦਾ ਲੰਮਾ ਸਮਾਂ ਮੂਰਤੀ ਦੀ ਘਾੜਤ 'ਤੇ ਲਾਇਆ ਤੇ ਵਾਹਿਗੁਰੂ ਨੇ ਉਸ ਦੇ ਹਿਰਦੇ ਨੂੰ ਭਾਗ ਲਾਇਆ । ਉਹ ਸੱਭਿਅਤਾ ਦੀ ਇਕ ਅਮੋਲਕ ਸਮੱਗਰੀ ਨੂੰ ਪੈਦਾ ਕਰਨ ਵਾਲਾ ਮਾਈਕਲ ਐਂਜਿਲੋ ਸਦਾ ਲਈ ਅਮਰ ਹੋ ਗਿਆ । ਦੋ ਕੁ ਸਾਲ ਹੋਏ ਹਨ ਕਿ ਕਿਸੇ ਮੂਰਖ ਬੰਦੇ ਨੇ ਉਸ ਮੂਰਤੀ ਦਾ ਕੋਈ ਅੰਗ ਜਿਵੇਂ—ਹੱਥ, ਕੰਨ ਜਾਂ ਨੱਕ ਪੱਥਰ ਮਾਰ ਕੇ ਤੋੜ ਦਿੱਤਾ ਸੀ । ਉਸ ਮੂਰਖ ਦੀ ਉਸ ਮੂਰਖਤਾ ਦੀ ਖ਼ਬਰ ਉਸ ਵੇਲੇ ਸਾਰੀ ਦੁਨੀਆਂ ਵਿਚ ਫੈਲ ਗਈ ਸੀ ਤੇ ਉਸ ਮੂਰਖ ਦੀ ਤੋੜੀ ਹੋਈ ਉਸ ਮੂਰਤੀ ਦੇ ਅੰਗ ਵਾਲੀ ਤਸਵੀਰ ਵੀ ਦੁਨੀਆਂ ਦੇ ਅਖ਼ਬਾਰਾਂ ਵਿਚ ਨਿਕਲੀ ਸੀ ।

ਮਾਈਕਲ ਐਂਜਿਲੋ ਨੇ ਸਾਰੀ ਉਮਰ ਵਿਆਹ ਨਹੀਂ ਕਰਾਇਆ ਸੀ। ਉਸ ਦੇ ਬੁਢਾਪੇ ਵਿਚ ਉਸ ਨੇ ਕਿਸੇ ਨੂੰ ਪੁੱਛਿਆ ਸੀ ਕਿ ਐਂਜਿਲੋ ਸਾਹਿਬ ਦੱਸੋ, ਤੁਸੀਂ ਵਿਆਹ ਕਰਵਾਇਆ ਸੀ ਕਿ ਨਹੀਂ ? ਉਸ ਨੇ ਉਸ ਪ੍ਰਸ਼ਨ ਦਾ ਇਹ ਉੱਤਰ ਦਿੱਤਾ ਸੀ ਕਿ 'ਕਲਾ ਬੜੀ ਈਰਖਾਵਾਦੀ ਇਸਤਰੀ ਹੈ । ਇਹ ਕਿਸੇ ਹੋਰ ਨੂੰ ਆਪਣੇ ਮੁਕਾਬਲੇ ਵਿਚ ਨਹੀਂ ਸਹਾਰਦੀ ।"

"Art is a jealous mistress. It does not suffer rivals".
-Michael Angelo

## ਵਚਿੱਤਰ ਤਪੱਸਿਆ

ਸ੍ਰੀ ਵਾਚਸਪਤੀ ਮਿਸਰ ਦੀ ਗੱਲ ਹੈ, ਉਹ ਉਹਨਾਂ ਦਿਨਾਂ ਵਿਚ ਆਪਣੇ ਸਭ ਤੋਂ ਪ੍ਰਸਿੱਧ ਵੇਦਾਂਤ ਗ੍ਰੰਥ ਭਾਮਤੀ ਦੀ ਰਚਨਾ ਵਿਚ ਲੱਗੇ ਹੋਏ ਸਨ । ਨਾ ਦਿਨ ਦਾ ਪਤਾ, ਨਾ ਰਾਤ ਦਾ । ਕੇਵਲ ਅਭਿਆਸ ਦੇ ਗੇੜ ਵਿਚ ਇਸ਼ਨਾਨ-ਸੰਧਿਆ ਆਦਿਕ ਕੰਮ ਸਰੀਰ ਤੋਂ ਸੁਭਾਵਕ ਹੀ ਆਪਣੇ ਆਪ ਹੁੰਦੇ ਰਹਿੰਦੇ ਸਨ । ਭੋਜਨ ਸਾਹਮਣੇ ਕੌਣ ਰੱਖ ਜਾਂਦਾ ਹੈ, ਕਿਵੇਂ ਰੱਖ ਜਾਂਦਾ ਹੈ, ਜੂਠੇ ਭਾਂਡੇ ਕੌਣ ਚੁੱਕ ਕੇ ਲੈ ਜਾਂਦਾ ਹੈ, ਕੁਝ ਪਤਾ ਨਹੀਂ । ਦੱਖਣੀ ਭਾਰਤ ਦੇ ਉਸ ਛੋਟੇ ਜਿਹੇ ਪਿੰਡ ਦੀ ਉਸ ਛੋਟੀ ਜਿਹੀ ਕੁਟੀਆ ਵਿਚ ਹੋਰ ਵੀ ਕੋਈ ਉਹਨਾਂ ਦੇ ਬਿਨਾਂ ਰਹਿੰਦਾ ਹੈ ਇਸ ਦਾ ਵੀ ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ।

ਇਕ ਰਾਤ ਮਿਸਰ ਜੀ ਲਿਖਣ ਵਿਚ ਲੀਨ ਹੋਏ ਸਨ । ਸਾਹਮਣੇ ਅਰਿੰਡੀ ਦੇ ਤੇਲ ਦੇ ਦੀਵੇ ਦੀ ਲੋਅ ਠੀਕ ਕਰਨ ਲਈ ਦੋ ਹੱਥ ਵਧੇ ਅਤੇ ਇਸ ਯਤਨ ਵਿਚ ਦੀਵਾ ਬੁਝ ਗਿਆ । ਉਨ੍ਹਾਂ ਹੱਥਾਂ ਨੇ ਬੱਤੀ ਫੇਰ ਜਗਾ



ਦਿੱਤੀ। ਸੰਜੋਗ ਸੀ ਕਿ ਪੰਡਿਤ ਜੀ ਦਾ ਗ੍ਰੰਥ ਉਸ ਸਮੇਂ ਪੂਰਾ ਹੋਇਆ ਸੀ; ਨਹੀਂ ਤਾਂ ਕਈ ਸਾਲ ਤਕ ਉਹ ਅਜਿਹੀਆਂ ਰੁਕਾਵਟਾਂ ਨੂੰ ਜਾਣ ਵੀ ਨਹੀਂ ਸਕੇ ਸਨ। ਲਿਖਣਾ ਅਤੇ ਕਲਮ ਰੱਖ ਕੇ ਅੱਖਾਂ ਬੰਦ ਕਰਕੇ ਸੋਚਣਾ, ਬੱਸ ਸੋਚਣ ਦੀ ਇਹ ਲੀਨਤਾ ਹੀ ਉਹਨਾਂ ਦਾ ਜੀਵਨ ਸੀ । ਦੀਵਾ ਵੀ ਕੁਝ ਹੁੰਦਾ ਹੈ ਲਿਖਣ ਲਈ, ਇਹ ਵੀ ਉਹਨਾਂ ਦੇ ਧਿਆਨ ਵਿਚ ਕਦੇ ਨਹੀਂ ਸੀ ਆਇਆ । ਉਹਨਾਂ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਉਹਨਾਂ ਦੀ ਦਵਾਤ ਨੂੰ ਸਿਆਹੀ ਵੀ ਚਾਹੀਦੀ ਹੈ ਤੇ ਪਾਣੀ ਵੀ ।

ਗ੍ਰੰਥ ਪੂਰਾ ਹੋ ਗਿਆ ਸੀ, ਇਸ ਲੇਖਕ ਦੀ ਬਿਰਤੀ ਅੰਦਰੋਂ ਬਾਹਰ ਆਈ । ਦੀਵਾ ਜਗਾ ਕੇ ਜਾਂਦੀ ਹੋਈ ਇਸਤਰੀ ਨੂੰ ਉਹਨਾਂ ਨੇ ਵੇਖਿਆ ਤੇ ਪੁੱਛਿਆ, "ਦੇਵੀ ਤੂੰ ਕੌਣ ? ਇੱਥੇ ਤੂੰ ਕਿਵੇਂ ਆਈ ਹੈਂ ?"

"ਮੈਂ ਤੁਹਾਡੀ ਸੇਵਾਦਾਰਨੀ ਹਾਂ ਤੇ ਪਿਛਲੇ ੪੦-੫੦ ਸਾਲਾਂ ਤੋਂ ਤੁਹਾਡੀ ਹੀ ਸੇਵਾ ਕਰ ਰਹੀ ਹਾਂ ।" ਉਸ ਇਸਤਰੀ ਨੇ ਨਿਮਰਤਾ ਨਾਲ ਕਿਹਾ। "ਅੱਜ ਦੀਵਾ ਬੁਝ ਜਾਣ ਦੇ ਕਾਰਣ ਤੁਹਾਡੇ ਕੰਮ ਵਿਚ ਵਿਘਨ ਪਿਆ, ਇਸ ਵਿਘਨ ਲਈ ਮੈਂ ਤੁਹਾਥੋਂ ਖਿਮਾਂ ਮੰਗਦੀ ਹਾਂ । ਆਪ ਮੈਨੂੰ ਖਿਮਾਂ ਕਰਨਾ।" "ਮੇਰੀ ਸੇਵਾਦਾਰਨੀ ?" ਪੰਡਿਤ ਜੀ ਇਸ ਉੱਤਰ ਨੂੰ ਕੁਝ ਸਮਝ ਨਾ ਸਕੇ । ਇਸਤਰੀ ਨੇ ਗੱਲ ਖੋਲ੍ਹਦਿਆਂ ਕਿਹਾ, "ਮਹਾਰਾਜ ਕਿਸੇ ਲੜਕੀ ਦਾ ਪਿਓ ਜਿਸ ਦੇ ਹੱਥ ਵਿਚ ਉਸ ਦਾ ਹੱਥ ਦੇ ਦੇਵੇ ਉਹ ਉਸ ਦੀ ਸੇਵਾਦਾਰਨੀ ਹੀ ਤਾਂ ਹੁੰਦੀ ਹੈ । ਤੁਸੀਂ ਤਾਂ ਆਪਣੇ ਫੇਰਿਆਂ ਦੇ ਵੇਲੇ ਵਿਆਹ ਦੇ ਮੰਡਪ ਵਿਚ ਵੀ ਹੱਥ ਵਿਚ ਕੁਝ ਪੰਨੇ ਲਈ ਉਹਨਾਂ ਦੀ ਸੋਚ ਵਿਚਾਰ ਵਿਚ ਹੀ ਲਿਵਲੀਨ ਸਓ ਤੇ ਤੁਹਾਡਾ ਫੇਰਿਆਂ ਵੱਲ ਵੀ ਧਿਆਨ ਨਹੀਂ ਸੀ। ਵਿਆਹ ਦੇ ਪਿੱਛੋਂ ਇਸ ਕੁਟੀਆ ਵਿਚ ਜਦੋਂ ਆਪਾਂ ਪੁੱਜੇ ਤਾਂ ਫਿਰ ਵੀ ਤੁਸੀਂ ਸਦਾ ਸੋਚਣ ਤੇ ਲਿਖਣ ਵਿਚ ਹੀ ਮਗਨ ਰਹੇ ਤੇ ਹੋਰ ਕਿਧਰੇ ਤੁਹਾਡਾ ਧਿਆਨ ਨਾ ਗਿਆ । ਮੇਰਾ ਹਾਲ ਇਹ ਰਿਹਾ ਹੈ ਕਿ ਮੈਂ ਤੁਹਾਡੀ ਸੇਵਾ ਕਰਦੀ ਰਹੀ ਹਾਂ ਤੇ ਘਰ ਦੇ ਗੁਜ਼ਾਰੇ ਲਈ ਗੁਆਂਢੀਆਂ ਦੇ ਘਰਾਂ ਵਿਚ ਜਾ ਕੇ ਬੱਚਿਆਂ ਨੂੰ ਸੰਭਾਲਣਾ, ਸੀਣਾ, ਪ੍ਰੋਣਾ, ਗਾਉਣਾ ਆਦਿਕ ਸਿਖਾਉਂਦੀ ਰਹੀ ਹਾਂ। ਇਹੀ ਮੇਰਾ ਦਿਨ ਰਾਤ ਦਾ ਵਿਹਾਰ ਤੁਹਾਡੀ ਸੇਵਾ ਵਿਚ ਆਉਣ ਤੋਂ ਪਿਛੋਂ ਰਿਹਾ ਹੈ ।"

"ਤੂੰ ਹੁਣ ਮੈਥੋਂ ਕੀ ਚਾਹੁੰਦੀ ਹੈਂ ?" ਸਰਸਵਤੀ ਤੋਂ ਵਰਦਾਨ ਪ੍ਰਾਪਤ

ਕਰ ਚੁੱਕੇ ਪੁੱਤਰ ਦਾ ਤਪ ਤੇਜ ਹੋਰ ਵੀ ਗੰਭੀਰ ਹੋ ਗਿਆ । ਤ੍ਰਿਲੋਕੀ ਵਿਚ ਭਲਾ ਉਸ ਤਪੱਸਵੀ ਲਈ ਦੁਰਲੱਭ ਵਸਤੂ ਕਿਹੜੀ ਸੀ ।

"ਇਹ ਇੱਛਿਆ ਮੈਨੂੰ ਕਿਸੇ ਵੇਲੇ ਜ਼ਰੂਰ ਰਹੀ ਕਿ ਸੰਸਾਰ ਵਿਚ ਸਾਡਾ ਨਾਮ ਬਾਕੀ ਰਹਿ ਜਾਣ ਦਾ ਕੋਈ ਅਧਾਰ ਹੁੰਦਾ, ਇਸਤਰੀ ਉਸ ਅਵਸਥਾ ਨੂੰ ਕਦੋਂ ਦੀ ਪਾਰ ਕਰ ਚੁੱਕੀ ਹੈ, ਜਦ ਸ਼ਰਮ ਉਸ ਨੂੰ ਬੋਲਣ ਨਹੀਂ ਦਿੰਦੀ । ਹੁਣ ਸਿਰ ਦੇ ਵਾਲ ਚਿੱਟੇ ਹੋ ਗਏ ਹਨ, ਸਰੀਰ 'ਤੇ ਝੁਰੜੀਆਂ ਪੈ ਚੁੱਕੀਆਂ ਹਨ, ਹੁਣ ਤਾਂ ਤੁਹਾਡੀ ਸੇਵਾ ਵਿਚ ਹੀ ਮੈਨੂੰ ਪਰਮ ਸੁੱਖ ਪ੍ਰਾਪਤ ਹੁੰਦਾ ਹੈ।" ਪੰਡਿਤ ਜੀ ਨੇ ਪੁੱਛਿਆ, "ਬੀਬੀ ਤੇਰਾ ਨਾਮ ?" "ਭਾਮਤੀ" ਛੋਟਾ ਜਿਹਾ ਉੱਤਰ ਸੀ । ਪੰਡਿਤ ਜੀ ਨੇ ਕਲਮ ਚੁੱਕੀ ਤੇ ਬੋਲੇ-**"ਸੰਸਾਰ ਵਿਚ ਜਦ ਤਕ ਵੇਦਾਂਤ ਦੀ ਚਰਚਾ ਰਹੇਗੀ, ਤੇਰਾ ਨਾਮ ਅਮਰ ਰਹੇਗਾ ।"**

## ਸੰਤ ਵਿਨੋਭਾ ਭਾਵੇ

ਵਿਨੋਭਾ ਜੀ ਦਾ ਇਕ ਲੇਖ ਹੇਠਾਂ ਦਿੱਤਾ ਜਾਂਦਾ ਹੈ :-

**"ਤੁਹਾਨੂੰ ਸਾਰਿਆਂ ਨੂੰ ਬੈਠ ਕੇ ਆਪਸ ਵਿਚ ਬਰਾਬਰਤਾ ਦਾ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਸੰਜਮ ਦੁਆਰਾ ਜਨ-ਸੰਖਿਆ ਨੂੰ ਵਧਣ ਤੋਂ ਰੋਕਣਾ ਸੰਭਵ ਹੈ ਜਾਂ ਨਹੀਂ ? ਜੇਕਰ ਸੰਭਵ ਹੈ, ਤਾਂ ਤੁਸੀਂ ਉਸ ਕਿਸਮ ਦੇ ਲੋਕਾਂ ਨੂੰ ਕਹੋ ਕਿ ਜਨ-ਸੰਖਿਆ ਦਾ ਭੋਇੰ 'ਤੇ ਭਾਰ ਹੋਵੇਗਾ। ਜ਼ਮੀਨ 'ਤੇ ਭਾਰ ਹੋਣ ਪਿੱਛੋਂ ਧਰਤੀ ਹਿੱਲਣ ਲੱਗਦੀ ਹੈ। ਅਜਿਹੀ ਸਥਿਤੀ ਪੈਦਾ ਹੋਵੇਗੀ ਤਾਂ ਮਨੁੱਖ ਮਨੁੱਖ ਨੂੰ ਮਾਰ ਕੇ ਖਾਵੇਗਾ ,ਇਹ ਪ੍ਰਸ਼ਨ ਸਾਹਮਣੇ ਹੈ । ਹਰ ਇਕ ਬੰਦੇ ਨੂੰ ਇਸ ਕਾਰਜ ਦਾ ਫ਼ਿਕਰ ਕਰਨਾ ਪਵੇਗਾ ।"**

ਸੰਤ ਵਿਨੋਭਾ ਭਾਵੇ ਭਾਰਤ ਦੇ ਵਰਤਮਾਨ ਕਾਲ ਦੇ ਮਹਾਨ ਵਿਅਕਤੀ ਹਨ ਜਿਨ੍ਹਾਂ ਦਾ ਨਾਮ ਭਾਰਤ ਵਿਚ ਥਾਂ ਥਾਂ ਪ੍ਰਸਿੱਧ ਹੈ । ਆਪ ਸਾਰੀ ਉਮਰ ਕੁਆਰੇ ਰਹੇ ਹਨ । ਆਪ ਮਹਾਤਮਾ ਗਾਂਧੀ ਜੀ ਦੇ ਪੈਰੋਕਾਰ ਹਨ ਤੇ ਸਾਰੀ ਉਮਰ ਉਨ੍ਹਾਂ ਦੇ ਅਸੂਲਾਂ ਦਾ ਪ੍ਰਚਾਰ ਵੀ ਕਰਦੇ ਰਹੇ ਹਨ । ਆਪ ਨੇ ਪੈਦਲ ਯਾਤਰਾ ਕਰਦਿਆਂ ਸਾਰੇ ਦੇਸ਼ ਦਾ ਦੌਰਾ ਕੀਤਾ ਤੇ ਇਹ ਪ੍ਰਚਾਰ ਕੀਤਾ ਕਿ ਬਹੁਤੀ ਜ਼ਮੀਨ ਵਾਲੇ ਜ਼ਿਮੀਂਦਾਰ ਆਪਣੀ ਖ਼ੁਸ਼ੀ ਨਾਲ ਉਨ੍ਹਾਂ ਖੇਤ-ਮਜ਼ਦੂਰਾਂ ਨੂੰ ਜ਼ਮੀਨ ਵੰਡਣ ਜਿਨ੍ਹਾਂ ਪਾਸ ਜ਼ਮੀਨ ਨਹੀਂ। ਆਪ ਸੰਸਕ੍ਰਿਤ ਦੇ ਬਹੁਤ



ਵੱਡੇ ਵਿਦਵਾਨ ਹਨ । ਆਪ ਨੇ ਜਪੁ ਜੀ ਸਾਹਿਬ ਦਾ ਹਿੰਦੀ ਭਾਸ਼ਾ ਵਿਚ ਤਰਜਮਾ ਵੀ ਕੀਤਾ ਹੈ । ਆਪ ਨੇ ਕਈ ਗ੍ਰੰਥ ਹਿੰਦੀ ਭਾਸ਼ਾ ਵਿਚ ਲਿਖੇ ਹਨ। ਆਪ ਦੇਸ਼ ਤੇ ਦੁਨੀਆਂ ਦੇ ਹਾਲਾਤ ਦਾ ਪੂਰਾ ਅਧਿਐਨ ਕਰਦੇ ਰਹੇ ਹਨ ਤੇ ਦੇਸ਼ ਵਿਚ ਉਨ੍ਹਾਂ ਨੂੰ ਵਰਤਮਾਨ ਕਾਲ ਦਾ ਇਕ ਰਿਸ਼ੀ ਮੰਨਿਆ ਜਾਂਦਾ ਹੈ। ਦੇਸ਼ ਦੇ ਹਾਲਾਤ ਬਾਰੇ ਉਨ੍ਹਾਂ ਦੇ ਵਿਚਾਰਾਂ ਨੂੰ ਦੇਸ਼-ਵਾਸੀ ਬੜੀ ਗਹੁ ਨਾਲ ਸੁਣਦੇ ਹਨ । ਦੇਸ਼ ਦੇ ਸੁਤੰਤਰਤਾ ਅੰਦੋਲਨ ਦੇ ਸਮੇਂ ੧੯੩੦ ਵਿਚ ਜਿਹੜੀ ਨਮਕ ਸਤਿਆਗ੍ਰਹਿ ਦੀ ਲਹਿਰ ਮਹਾਤਮਾ ਗਾਂਧੀ ਨੇ ਚਲਾਈ ਸੀ ਉਸ ਵਿਚ ਮਹਾਤਮਾ ਜੀ ਨੇ ਉਨ੍ਹਾਂ ਨੂੰ ਅਪਣੇ ਇਕੱਲੇ ਪ੍ਰਤੀਨਿਧ ਦੇ ਤੌਰ 'ਤੇ ਨਮਕ ਬਣਾਉਣ ਲਈ ਭੇਜਿਆ ਸੀ । ਗਾਂਧੀ ਜੀ ਦਾ ਪ੍ਰਚਾਰ ਇਹ ਸੀ ਕਿ ਹੱਥ ਦਾ ਕੱਤਿਆ ਹੋਇਆ ਤੇ ਹੱਥ ਦਾ ਬੁਣਿਆ ਹੋਇਆ ਖੱਦਰ ਦਾ ਕੱਪੜਾ ਖ਼ਰੀਦੋ। ਜੇ ਬਜ਼ਾਰ ਤੋਂ ਕੋਈ ਭਾਂਡਾ ਮੁੱਲ ਲੈਣਾ ਹੋਵੇ ਜਿਵੇਂ ਥਾਲੀ, ਗੜਵੀ ਜਾਂ ਕੌਲਾ ਉਹ ਭਾਂਡੇ ਮਸ਼ੀਨ ਦੇ ਬਣਾਏ ਹੋਏ ਨਾ ਖ਼ਰੀਦੋ, ਕਿਸੇ ਕਾਰਗੀਰ ਦੇ ਹੱਥ ਦੇ ਬਣਾਏ ਹੋਏ ਖ਼ਰੀਦੋ ਜਿਹੜੇ ਉਸ ਨੇ ਹਥੌੜੇ ਨਾਲ ਕੁੱਟ ਕੁੱਟ ਕੇ ਬਣਾਏ ਹੋਣ।

•

## ਸੰਸਾਰ ਵਿਆਪੀ ਨਰਸਿੰਗ ਪ੍ਰਥਾ ਦੀ ਬਾਨੀ
## ਇੰਗਲੈਂਡ ਦੇਸ਼ ਦੀ ਬੀਬੀ ਫਲੋਰੈਂਸ ਨਾਈਟਿੰਗੇਲ

ਬੀਬੀ ਨਾਈਟਿੰਗੇਲ ਇੰਗਲੈਂਡ ਦੇ ਇਕ ਬਹੁਤ ਉੱਚੇ ਤੇ ਪ੍ਰਸਿੱਧ ਘਰਾਣੇ ਵਿਚ ਜੰਮੀ ਪਲੀ ਸੀ । ਉਸ ਨੇ ਉੱਚੀ ਤੋਂ ਉੱਚੀ ਵਿੱਦਿਆ ਪ੍ਰਾਪਤ ਕੀਤੀ । ਉੱਚ ਘਰਾਣੇ ਵਿਚ ਪੈਦਾ ਹੋਣ ਦੇ ਕਾਰਨ ਓਸ ਦੀ ਪਹੁੰਚ ਇੰਗਲੈਂਡ ਦੇ ਸ਼ਾਹੀ ਘਰਾਣੇ ਤਕ ਸੀ । ਉਹ ਬਹੁਤ ਸੁੰਦਰ ਸੀ। ਜਦ ਉਸ ਨੂੰ ਪਤਾ ਲੱਗਿਆ ਕਿ ਜੰਗ ਦੇ ਮੈਦਾਨ ਵਿਚ ਜ਼ਖ਼ਮੀ ਸਿਪਾਹੀਆਂ ਦੀ ਪੂਰੀ ਸੇਵਾ ਸੰਭਾਲ ਨਹੀਂ ਹੋ ਰਹੀ ਤੇ ਉਚਿਤ ਸੇਵਾ ਸੰਭਾਲ ਤੋਂ ਬਿਨਾਂ ਉਹ ਬਿਨ ਆਈਆਂ ਮੌਤਾਂ ਮਰ ਰਹੇ ਹਨ, ਤਾਂ ਉਸਨੇ ਆਪਣੇ ਮਨ ਵਿਚ ਇਹ ਫੈਸਲਾ ਕੀਤਾ ਕਿ ਉਸਨੂੰ ਇਸ ਸੇਵਾ ਲਈ ਆਪ ਜੰਗ ਦੇ ਮੈਦਾਨ ਵੱਲ ਜਾਣਾ ਚਾਹੀਦਾ ਹੈ, ਤਾਂ ਜੋ ਜ਼ਖ਼ਮੀ ਸਿਪਾਹੀਆਂ ਦੀ ਪੂਰੀ ਸੇਵਾ ਸੰਭਾਲ ਹੋ ਸਕੇ । ਆਪਣੇ ਦਿਲ ਵਿਚ ਇਹ ਫੈਸਲਾ ਕਰਕੇ ਫਲੋਰੈਂਸ ਨਾਈਟਿੰਗੇਲ ਨੇ ਆਪਣੇ ਮਾਤਾ ਪਿਤਾ ਦੋਹਾਂ ਨੂੰ ਕਹਿ ਦਿੱਤਾ ਕਿ ਮਾਂ ਜੀ ਤੇ ਪਿਤਾ ਜੀ ਮੈਂ ਤਾਂ ਨਰਸ ਬਣਨ ਲੱਗੀ ਹਾਂ । ਇਕ ਸੁੰਦਰ ਨੌਜਵਾਨ ਪੜ੍ਹੀ ਲਿਖੀ ਕੰਵਾਰੀ ਬੇਟੀ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਮਾਂ ਬਾਪ ਹੱਕੇ ਬੱਕੇ ਰਹਿ ਗਏ ਤੇ ਉਹਨਾਂ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਮਾਤਾ ਪਿਤਾ ਨੇ ਫਲੋਰੈਂਸ ਨਾਈਟਿੰਗੇਲ ਨੂੰ ਕਿਹਾ ਕਿ ਬੇਟੀ ਇੰਗਲੈਂਡ ਦੇ ਇਕ ਬਹੁਤ ਉੱਚੇ ਘਰਾਣੇ ਦੀ ਤੂੰ ਧੀ ਹੋਵੇਂ ਤੇ ਨਰਸ ਬਣਨਾ ਚਾਹੇਂ ? ਕੀ ਤੂੰ ਪਾਗਲ ਤਾਂ ਨਹੀਂ ਹੋ ਗਈ ਧੀਏ ? ਅਕਲ ਦੀ ਗੱਲ ਕਰ ਧੀਏ । ਨਾਈਟਿੰਗੇਲ ਨੇ ਉੱਤਰ ਦਿੱਤਾ ਕਿ ਆਪਣੇ ਇਸ ਪਾਗਲਪਨ ਲਈ ਮੈਂ ਰੱਬ ਦਾ ਧੰਨਵਾਦ ਕਰਦੀ ਹਾਂ ।

ਇੱਥੇ ਇਹ ਗੱਲ ਦੱਸੀ ਜਾਣ ਵਾਲੀ ਹੈ ਕਿ ਉਹਨਾਂ ਦਿਨਾਂ ਵਿਚ ਰੋਗੀਆਂ ਦੀ ਸੇਵਾ ਸੰਭਾਲ ਦਾ ਕੰਮ ਆਮ ਤੌਰ ’ਤੇ ਬੁੱਢੀਆਂ ਕੰਜਰੀਆਂ ਹੀ ਕਰਿਆ ਕਰਦੀਆਂ ਸਨ ਜਿਹੜੀਆਂ ਆਪਣੀ ਡਿਊਟੀ ਅਰਥਾਤ ਕੰਮ ਕਰਨ ਦੇ ਵੇਲੇ ਰਾਤ ਨੂੰ ਸੌਂ ਜਾਇਆ ਕਰਦੀਆਂ ਸਨ ਤੇ ਇਹ ਕੰਮ ਕੋਈ ਸਤਿਕਾਰ ਵਾਲਾ ਕੰਮ ਨਹੀਂ ਗਿਣਿਆ ਜਾਂਦਾ ਸੀ ।

ਬੀਬੀ ਫਲੋਰੈਂਸ ਨਾਈਟਿੰਗੇਲ ਨੇ ਰੋਗੀਆਂ ਦੀ ਸੇਵਾ ਦੇ ਕਿੱਤੇ ਨੂੰ ਆਪਣੇ ਜੀਵਨ ਦੇ ਆਦਰਸ਼ ਦੇ ਤੌਰ ’ਤੇ ਚੁਣਿਆ ਤੇ ਆਪਣੇ ਇਸ ਕਿੱਤੇ



ਰਾਹੀਂ ਆਪਣੀ ਆਤਮਾ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ । ਉਸ ਦੇ ਜੀਵਨ ਦੇ ਇਤਿਹਾਸ ਵਿਚ ਲਿਖਿਆ ਹੈ :-

"The shadows of Nightingale cured the patients more than her medicines did."

ਨਾਈਟਿੰਗੇਲ ਦੇ ਪ੍ਰਛਾਵੇਂ ਉਸ ਦੀਆਂ ਦਵਾਈਆਂ ਨਾਲੋਂ ਰੋਗੀਆਂ ਦਾ ਵਧੇਰੇ ਇਲਾਜ ਕਰਦੇ ਸਨ ।

ਨੋਟ :-ਇਸ ਗੱਲ ਦਾ ਭਾਵ ਇਹ ਹੈ ਕਿ ਉਹ ਰੋਗੀਆਂ ਨਾਲ ਏਨੇ ਪਿਆਰ ਨਾਲ ਪੇਸ਼ ਆਉਂਦੀ ਸੀ ਜਿਵੇਂ ਧੀ ਪਿਓ ਨੂੰ ਪਿਆਰ ਕਰਦੀ ਹੈ ਤੇ ਭੈਣ ਭਰਾ ਨੂੰ ਪਿਆਰ ਕਰਦੀ ਹੈ । ਉਹ ਹਰ ਰੋਗੀ ਦਾ ਦੁੱਖ ਸੁੱਖ ਸੁਣਦੀ ਸੀ, ਉਸ ਨੂੰ ਤਸੱਲੀ ਦਿੰਦੀ ਸੀ ਕਿ ਉਹ ਉਦਾਸ ਨਾ ਹੋਵੇ, ਉਹ ਉਸ ਦੀ ਪੂਰੀ ਖ਼ਬਰਸਾਰ ਰੱਖੇਗੀ ਤੇ ਉਸ ਦਾ ਦੁੱਖ ਸੁੱਖ ਵੀ ਸੁਣਦੀ ਰਹੇਗੀ ।

ਇਕ ਚੰਗੇ ਹਿਤੈਸ਼ੀ ਦੇ ਤੌਰ ’ਤੇ ਬੀਬੀ ਨਾਈਟਿੰਗੇਲ ਰੋਗੀਆਂ ਦੇ ਹਿਰਦਿਆਂ ਵਿਚ ਆਪਣਾ ਕਿੰਨਾ ਥਾਂ ਬਣਾ ਲੈਂਦੀ ਸੀ ਤੇ ਰੋਗੀ ਉਸ ਨੂੰ ਆਪਣਾ ਦੁੱਖ ਸੁੱਖ ਦੱਸ ਕੇ ਕਿਵੇਂ ਆਪਣੇ ਦਿਲ ਨੂੰ ਹੌਲਾ ਕਰਦੇ ਸਨ, ਇਸ ਗੱਲ ਦਾ ਪਤਾ ਹੇਠ ਲਿਖੀ ਕਹਾਣੀ ਤੋਂ ਲੱਗਦਾ ਹੈ ਜਿਹੜੀ **'Living biographies of famous women'** ਪੁਸਤਕ ਵਿਚ ਛਪੀ ਹੈ । ਜੰਗ ਦੇ ਜ਼ਖ਼ਮੀ ਸਿਪਾਹੀਆਂ ਨੂੰ ਦੇਖਣ ਲਈ ਬਾਦਸ਼ਾਹ ਦਾ ਪੁੱਤ ਵੀ ਹਸਪਤਾਲ ਦੀਆਂ ਬਾਰਕਾਂ ਵਿਚ ਜਾਂਦਾ ਰਹਿੰਦਾ ਸੀ। ਆਪਣੀ ਇਕ ਫੇਰੀ ਵਿਚ ਉਸ ਨੇ ਜ਼ਖ਼ਮੀ ਸਿਪਾਹੀ ਨੂੰ ਵੇਖਿਆ ਜਿਸ ਦੀ ਹਾਲਤ ਬਹੁਤ ਖ਼ਰਾਬ ਸੀ ਤੇ ਮਰਨ ਵਾਲਾ ਸੀ । ਬਾਦਸ਼ਾਹ ਦਾ ਪੁੱਤਰ ਜਦੋਂ ਅਗਲੀ ਵਾਰ ਹਸਪਤਾਲ ਵਿਚ ਆਇਆ ਤਾਂ ਉਸ ਨੇ ਜ਼ਖ਼ਮੀ ਸਿਪਾਹੀ ਨੂੰ ਵੇਖ ਕੇ ਉਸ ਨੂੰ ਪੁੱਛਿਆ, ‘ਸੁਣਾ ਬਈ ਤੂੰ ਅਜੇ ਮਰਿਆ ਨਹੀਂ ?’ ਬਾਦਸ਼ਾਹ ਦੇ ਪੁੱਤਰ ਦੇ ਜਾਣ ਤੋਂ ਪਿੱਛੋਂ ਜਦੋਂ ਬੀਬੀ ਫਲੋਰੈਂਸ ਨਾਈਟਿੰਗੇਲ ਜ਼ਖ਼ਮੀ ਸਿਪਾਹੀ ਨੂੰ ਦਵਾਈ ਦੇਣ ਜਾਂ ਉਸ ਦਾ ਬਿਸਤਰਾ ਠੀਕ ਕਰਨ ਆਈ ਤਾਂ ਉਸ ਰੋਗੀ ਨੇ ਉਸ ਨੂੰ ਰੋਂਦਿਆਂ ਹੋਇਆਂ ਦੱਸਿਆ ਕਿ ਬੀਬੀ, ਬਾਦਸ਼ਾਹ ਦਾ ਪੁੱਤਰ ਹਸਪਤਾਲ ਆਇਆ ਸੀ ਤੇ ਉਸ ਨੇ ਮੈਨੂੰ ਵੇਖ ਕੇ ਇਹ ਦਿਲ-ਤੋੜਵੇਂ ਸ਼ਬਦ ਆਖੇ । ਜ਼ਖ਼ਮੀ ਸਿਪਾਹੀ ਦੇ ਉੱਪਰ ਲਿਖੇ ਸ਼ਬਦ ਸੁਣ ਕੇ ਬੀਬੀ ਨੇ ਉਸ ਨੂੰ ਦਿਲਾਸਾ ਦੇਣਾ ਸੀ ਤੇ ਉਸ ਦਾ ਗ਼ਮ ਦੂਰ ਕਰਨਾ ਸੀ ਜੋ ਉਸ ਨੇ ਪਿਆਰ ਸਤਿਕਾਰ ਭਰੇ ਸ਼ਬਦਾਂ ਨਾਲ ਦੂਰ

ਕੀਤਾ । ਬੀਬੀ ਰਾਤ ਦੇ ਵੇਲੇ ਲਾਲਟੈਣ ਹੱਥ ਵਿਚ ਲੈ ਕੇ ਹਸਪਤਾਲ ਦੀਆਂ ਬਾਰਕਾਂ ਦਾ ਦੌਰਾ ਕਰਦੀ ਤੇ ਇਕੱਲੇ ਇਕੱਲੇ ਰੋਗੀ ਦੀ ਖ਼ਬਰਦਾਰ ਪੁੱਛਦੀ । ਉਸ ਦਾ ਨਾਂ ਲਾਲਟੈਣ ਵਾਲੀ ਬੀਬੀ ਪ੍ਰਸਿੱਧ ਹੋ ਗਿਆ ਸੀ ।

ਜੰਗ ਦੇ ਸਾਰੇ ਸਮੇਂ ਵਿਚ ਬੀਬੀ ਨਾਈਟਿੰਗੇਲ ਨੇ ਰੋਗੀਆਂ ਦੀ ਸੇਵਾ-ਸੰਭਾਲ ਦਾ ਕਾਰਜ ਆਪਣੇ ਬੀਬੀਆਂ ਦੇ ਜੱਥੇ ਨਾਲ ਕੀਤਾ। ਜਦੋਂ ਜੰਗ ਲੱਗਾ ਹੋਇਆ ਸੀ ਤਾਂ ਇਕ ਦਿਨ ਫੌਜ ਦੇ ਅਫ਼ਸਰਾਂ ਨੇ ਇਸ ਗੱਲ ’ਤੇ ਵਿਚਾਰ ਕੀਤੀ ਕਿ ਜੰਗ ਦੇ ਸਮਾਪਤ ਹੋ ਜਾਣ ਪਿੱਛੋਂ ਉਹਨਾਂ ਵਿਚੋਂ ਕਿਸ ਦਾ ਨਾ ਬਾਕੀ ਰਹਿ ਜਾਵੇਗਾ ? ਇਕ ਨੇ ਉੱਤਰ ਦਿੱਤਾ ਜੇਕਰ ਜੰਗ ਦੇ ਪਿੱਛੋਂ ਕਿਸੇ ਦਾ ਨਾਂ ਬਾਕੀ ਰਹਿ ਜਾਵੇਗਾ ਤਾਂ ਕੇਵਲ ਉਹ ਫਲੋਰੈਂਸ ਨਾਈਟਿੰਗੇਲ ਦਾ ਨਾਮ ਹੀ ਹੋਵੇਗਾ ਜਿਸ ਨੇ ਨਿਸ਼ਕਾਮ ਭਾਵਨਾ ਨਾਲ ਉਹ ਸੇਵਾ ਕੀਤੀ ਹੈ, ਜਿਸ ਨੂੰ ਨੀਵੇਂ ਤੋਂ ਨੀਵੇਂ ਦਰਜੇ ਦੀ ਸੇਵਾ ਕਿਹਾ ਜਾਂਦਾ ਹੈ । ਆਪਾਂ ਜੰਗ ਦੇ ਮੈਦਾਨ ਵਿਚ ਲੜਨ ਵਾਲਿਆਂ ਵਿਚੋਂ ਕਿਸੇ ਦਾ ਵੀ ਨਾਮ ਬਾਕੀ ਨਹੀਂ ਰਹਿ ਜਾਣਾ । ਉਹੋ ਗੱਲ ਹੋਈ ਫਲੋਰੈਂਸ ਨਾਈਟਿੰਗੇਲ ਨੇ ਆਪਣੇ ਤਿਆਗ ਤੇ ਕੁਰਬਾਨੀ ਨਾਲ ਨਰਸਿੰਗ ਪ੍ਰਥਾ ਦੀ ਨੀਂਹ ਰੱਖੀ ਤੇ ਸੰਸਾਰ ਭਰ ਦੀਆਂ ਨਰਸਾਂ ਹਰ ਸਾਲ ਉਸ ਦਾ ਜਨਮ ਦਿਨ ਮਨਾ ਕੇ ਉਸ ਨੂੰ ਸੰਸਾਰ ਦੀ ਇਕ ਮਹਾਨ ਉੱਚੀ ਆਤਮਾ ਦੇ ਤੌਰ ’ਤੇ ਯਾਦ ਕਰਦੀਆਂ ਹਨ । ਜਿਸ ਵੈਰਾਗ ਨਾਲ ਫਲੋਰੈਂਸ ਨਾਈਟਿੰਗੇਲ ਨੇ ਇਸ ਕੰਮ ਲਈ ਆਪਣਾ ਜੀਵਨ ਅਰਪਣ ਕੀਤਾ ਸੀ ਉਸ ਨੂੰ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ :-

Florence Nightingale wanted to get away from all this painted and powdered artificiality. She wanted to come to grip with life, to know real people in their real moments of suffering, she says.

“ਮੇਰਾ ਮਨ ਬਣਾਉਟੀ ਵਿਖਾਵੇ ਦੇ ਜੀਵਨ ਤੋਂ ਉਕਤਾਅ ਗਿਆ ਹੈ। ਮੈਂ ਹੁਣ ਜੀਵਨ ਨਾਲ ਦੋ ਹੱਥ ਕਰਨਾ ਚਾਹੁੰਦੀ ਹਾਂ । ਮੈਂ ਅਸਲ ਲੋਕਾਂ ਦੇ ਦਰਸ਼ਨ ਉਨ੍ਹਾਂ ਦੇ ਦੁੱਖ ਭਰੇ ਹਕੀਕੀ ਪਲਾਂ ਵਿਚ ਕਰਨਾ ਚਾਹੁੰਦੀ ਹਾਂ ਜਦੋਂ ਉਹ ਦੁੱਖਾਂ ਵਿਚੋਂ ਲੰਘ ਰਹੇ ਹੁੰਦੇ ਹਨ ।”

In 1850 she (Florence Nightingale) wrote in her diary, “I am thirty now the age at which Christ



began His mission.....No more childish things, no more vain things, no more love, no more marriage!”

Father, mother, “I am going to be a nurse.”

“Why, you are insane.”

May be, I am. All I can say is, thank God for my insanity.

੧੮੫੦ ਵਿਚ ਫਲੋਰੈਂਸ ਨੇ ਆਪਣੀ ਡਾਇਰੀ (ਰੋਜ਼ਨਾਮਚੇ) ਵਿਚ ਇਉਂ ਲਿਖਿਆ ਸੀ: “ਹੁਣ ਮੈਂ ੩੦ ਸਾਲਾਂ ਦੀ ਹੋ ਗਈ ਹਾਂ—ਇਹੋ ਉਮਰ ਸੀ ਹਜ਼ਰਤ ਈਸਾ ਮਸੀਹ ਜੀ ਦੀ ਜਦੋਂ ਉਨ੍ਹਾਂ ਨੇ ਆਪਣੇ ਮਿਸ਼ਨ ਦਾ ਆਰੰਭ ਕੀਤਾ ਸੀ—ਤੇ ਹੁਣ ਮੈਂ ਬੱਚਿਆਂ ਵਾਲੀਆਂ ਗੱਲਾਂ ਹੋਰ ਨਹੀਂ ਕਰਾਂਗੀ, ਫੋਕਟ ਗੱਲਾਂ ਵਿਚ ਹੋਰ ਨਹੀਂ ਪਵਾਂਗੀ, ਨਾ ਹੋਰ ਪਿਆਰ-ਪੀਂਘਾਂ, ਪੈਣਗੀਆਂ ਤੇ ਨਾ ਮੇਰਾ ਵਿਆਹ ਹੀ ਹੋਵੇਗਾ । ਹੇ ਮੇਰੀ ਮਾਤਾ, ਹੇ ਮੇਰੇ ਪਿਤਾ, ਮੈਂ ਹੁਣ ਨਰਸ ਬਣਨ ਲੱਗੀ ਹਾਂ।" ਮਾਤਾ ਪਿਤਾ ਨੇ ਹੈਰਾਨ ਹੋ ਕੇ ਕਿਹਾ-“ਇਹ ਕਿਉਂ ? ਧੀਏ ਕੀ ਤੂੰ ਪਾਗਲ ਹੋ ਗਈ ਹੈਂ?” (ਫਲੋਰੈਂਸ ਦਾ ਉੱਤਰ) ਹਾਂ, ਸ਼ਾਇਦ ਮੈਂ ਪਾਗਲ ਹੀ ਹਾਂ । ਮੈਂ ਇਹ ਹੀ ਕਹਿ ਸਕਦੀ ਹਾਂ ਕਿ ਮੈਂ ਪ੍ਰਮਾਤਮਾ ਦਾ ਸ਼ੁਕਰ ਕਰਦੀ ਹਾਂ ਕਿ ਉਸ ਨੇ ਮੈਨੂੰ ਅਜਿਹਾ ਪਾਗਲਪਨ ਦਿੱਤਾ ਹੈ।

—(ਮਿਸ਼ਨ ਅਰਥਾਤ ਧਰਮਾਂ ਦਾ ਪ੍ਰਚਾਰ-ਦੁਨੀਆਂ ਲਈ ਆਪਣੇ ਸੁਨੇਹੇ ਦਾ ਪ੍ਰਚਾਰ।)

•

ਸਾਰੀ ਉਮਰ ਕੰਵਾਰਿਆਂ ਰਹਿ ਕੇ ਦੀਨ ਦੁਖੀਆਂ ਦੀ ਸੇਵਾ ਵਿਚ
ਜੀਵਨ ਗੁਜ਼ਾਰਨ ਵਾਲੀ ਇੰਗਲੈਂਡ ਦੇਸ਼ ਦੀ ਮਹਾਨ

## ਬੀਬੀ ਅਵੈਂਜਿਲੀਨ ਬੂਥ

ਇੰਗਲੈਂਡ ਦੀ ਸੰਸਾਰ-ਪ੍ਰਸਿੱਧ ਮੁਕਤੀ ਫੌਜ ਦੇ ਬਾਨੀ ਜਨਰਲ ਵਿਲੀਅਮ ਬੂਥ ਦੀ ਧੀ ਅਵੈਂਜਿਲੀਨ ਬੂਥ ਨੇ ਵੀ ਸਾਰੀ ਉਮਰ ਵਿਆਹ ਨਹੀਂ ਕਰਵਾਇਆ ਸੀ । ਉਹ ਵੀ ਬੜੀ ਉੱਚੀ ਵਿਦਿਆ ਵਾਲੀ ਅਤੇ ਸੁੰਦਰ ਲੜਕੀ ਸੀ । ਮੁਕਤੀ ਫੌਜ ਦਾ ਸਭ ਤੋਂ ਵੱਡਾ ਕੰਮ ਸੜਕਾਂ 'ਤੇ ਰੁਲਣ ਵਾਲੇ ਅਪਾਹਿਜਾਂ ਦੀ ਸੇਵਾ ਸੰਭਾਲ ਕਰਨਾ ਹੈ । ਉਸ ਬੀਬੀ ਨੇ ਵੀ ਸਾਰੀ ਉਮਰ ਬੇ-ਆਸਰੇ ਅਪਾਹਿਜਾਂ ਦੀ ਸੇਵਾ ਤੇ ਇਸਾਈ ਧਰਮ ਦੇ ਪ੍ਰਚਾਰ ਵਿਚ ਗੁਜ਼ਾਰੀ ਸੀ । ਜਦੋਂ ਉਹ ੮੧ ਸਾਲ ਦੀ ਹੋਈ ਤਾਂ ਉਸਨੂੰ ਕਿਸੇ ਨੇ ਪੁੱਛਿਆ ਬੀਬੀ ਤੂੰ ਬੜੀ ਤਿੱਖੀ ਜਾਪਦੀ ਏਂ, ਵਿਆਹ ਤਾਂ ਜ਼ਰੂਰ ਕਰਵਾਇਆ ਹੋਵੇਗਾ? ਅਵੈਂਜਿਲੀਨ ਨੇ ਉੱਤਰ ਵਿਚ ਕਿਹਾ, ਵਿਆਹ ਕਰਾਉਣ ਲਈ ਮੈਂ ਤਿਆਰ ਤਾਂ ਜ਼ਰੂਰ ਹੋਈ ਸਾਂ ਪਰ ਜਿਸ ਬੰਦੇ ਨਾਲ ਵਿਆਹ ਕਰਨ ਲਈ ਮਨ ਬਣਾਇਆ ਸੀ ਉਸ ਨੇ ਵਿਆਹ ਦੀ ਇਹ ਸ਼ਰਤ ਲਾ ਦਿੱਤੀ ਸੀ ਕਿ ਮੁਕਤੀ ਫੌਜ ਦੀ ਸੇਵਾ ਦੇ ਕੰਮ ਨਾ ਕਰਾਂ ; ਪਰ ਮੈਨੂੰ ਉਸ ਦੀ ਸ਼ਰਤ ਪ੍ਰਵਾਨ ਨਹੀਂ ਸੀ ਤੇ ਮੈਂ ਉਸ ਨੂੰ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਤੇਰੇ ਇਕੱਲੇ ਦੇ ਪਿਆਰ ਦੀ ਖ਼ਾਤਰ ਮੈਂ ਹਜ਼ਾਰਾਂ ਅਪਾਹਿਜਾਂ ਨੂੰ ਪਿਆਰ ਕਰਨ ਦਾ ਰਸਤਾ ਨਹੀਂ ਛੱਡ ਸਕਦੀ ।

## ਬੀਬੀ ਜੇਨ ਆਦਮਜ਼

ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਇਕ ਬੀਬੀ ਜੇਨ ਆਦਮਜ਼ ਹੋਈ ਹੈ । ਕੋਲੰਬਸ ਨੇ ਜਦੋਂ ਅਮੀਰਕਾ ਦੇਸ਼ ਦੀ ਢੂੰਡ ਕੀਤੀ ਤੇ ਯੂਰਪ ਦੇ ਵੱਖ ਵੱਖ ਦੇਸ਼ਾਂ ਦੇ ਬੰਦਿਆਂ ਨੇ ਅਮਰੀਕਾ ਨੂੰ ਅਬਾਦ ਕੀਤਾ ਤਾਂ ਇਸ ਗੱਲ ਦੀ ਲੋੜ ਮਹਿਸੂਸ ਹੋਈ ਕਿ ਕੋਈ ਅਜਿਹਾ ਸਮਾਜ ਸੇਵਾ ਦਾ ਡੇਰਾ ਬਣੇ ਜਿੱਥੇ ਬੇਆਸਰੇ ਜਾਂ ਮੁਸੀਬਤਾਂ ਵਿਚ ਫਸੇ ਬੰਦੇ, ਬੱਚੇ ਜਾਂ ਇਸਤਰੀਆਂ ਆਪਣੀ ਮੁਸਬੀਤ ਦਾ ਵੇਲਾ ਕੱਟ ਸਕਣ ਤੇ ਹਰ ਪ੍ਰਕਾਰ ਦੀ ਸਹਾਇਤਾ ਪ੍ਰਾਪਤ ਕਰ ਸਕਣ । ਇਸ ਕਾਰਜ ਲਈ ਅਮਰੀਕਾ ਦੀ ਇਕ ਪੜ੍ਹੀ ਲਿਖੀ ਕੰਵਾਰੀ ਲੜਕੀ ਜੇਨ ਆਦਮਜ਼ ਨੇ ਆਪਣੇ ਆਪ ਨੂੰ ਪੇਸ਼ ਕੀਤਾ ਤੇ ਉਸ ਨੇ ਇਸ



ਕਾਰਜ ਲਈ ਸ਼ਿਕਾਗੋ ਸ਼ਹਿਰ ਵਿਚ ਇਕ ਆਸ਼ਰਮ ਬਣਾਇਆ ਜਿਸ ਦਾ ਨਾਮ ਉਸ ਨੇ **'ਹੱਲ ਹਾਊਸ' (Hull Houuse)** ਰੱਖਿਆ । ਇਸ ਬੀਬੀ ਦੀ ਅਮਰੀਕਾ ਵਿਚ ਏਨੀ ਪੂਜਾ ਹੋਈ ਕਿ ਉਸ ਨੂੰ ਅਮਰੀਕਾ ਦੇ ਪ੍ਰਧਾਨ ਨੇ ਬੁਲਾ ਕੇ ਕਿਹਾ, ਬੀਬੀ ਮੈਂ ਵਿਦਵਾਨ ਹਾਂ ਤੇ ਅਮਰੀਕਾ ਦੇ ਭਲੇ ਵਾਸਤੇ ਬੜਾ ਕੁਝ ਸੋਚਣ ਦੀ ਯੋਗਤਾ ਰੱਖਦਾ ਹਾਂ । ਮੈਂ ਦੇਸ਼ ਦੇ ਭਲੇ ਵਾਸਤੇ ਕੁਝ ਗੱਲਾਂ ਜਨਤਾ ਅੱਗੇ ਰੱਖੀਆਂ ਹਨ । ਲੋਕ ਉਸਤਤੀ ਕਰਨ ਦੀ ਥਾਂ ਸਗੋਂ ਮੇਰੀ ਵਿਰੋਧਤਾ ਕਰਦੇ ਹਨ । ਬੀਬੀ ਤੂੰ ਦੱਸ ਕਿ ਤੂੰ ਕਿਹੜੇ ਗੁਣ ਨਾਲ ਸਾਰੇ ਦੇਸ਼ ਦੀ ਜਨਤਾ ਨੂੰ ਆਪਣੇ ਪਿੱਛੇ ਲਾ ਲਿਆ ਹੈ ਤੇ ਤੇਰੀ ਘਰ ਘਰ ਵਿਚ ਪੂਜਾ ਹੋ ਰਹੀ ਹੈ? ਬੀਬੀ ਨੇ ਉੱਤਰ ਦਿੱਤਾ :-

'Mr. President people do not care for theories, they want to see men in action.'

ਅਰਥਾਤ-ਪ੍ਰਧਾਨ ਜੀ, ਲੋਕੀਂ ਸਿਧਾਂਤਾਂ ਦੀ ਪਰਵਾਹ ਨਹੀਂ ਕਰਦੇ ਉਹ ਤਾਂ ਬੰਦਿਆਂ ਦਾ ਅਮਲ (ਕਰਨੀ) ਦੇਖਣਾ ਚਾਹੁੰਦੇ ਹਨ ।

## ਸ੍ਰੀ ਰਾਮ ਕ੍ਰਿਸ਼ਨ ਪਰਮਹੰਸ

ਸ੍ਰੀ ਰਾਮ ਕ੍ਰਿਸ਼ਨ ਮਿਸ਼ਨ ਦੇ ਬਾਨੀ ਸਵਾਮੀ ਰਾਮ ਕ੍ਰਿਸ਼ਨ ਪਰਮਹੰਸ ਦਾ ਜਦੋਂ ਵਿਆਹ ਹੋ ਗਿਆ ਤਾਂ ਉਹਨਾਂ ਦੀ ਪਤਨੀ ਨੂੰ ਪਤਾ ਲੱਗਾ ਕਿ ਪਰਮਹੰਸ ਜੀ ਸਾਰੀ ਉਮਰ ਬ੍ਰਹਮਚਾਰੀ ਰਹਿਣ ਦਾ ਮਨ ਬਣਾ ਚੁੱਕੇ ਹਨ। ਸੋ ਉਹਨਾਂ ਨੇ ਪਰਮਹੰਸ ਜੀ ਨੂੰ ਕਿਹਾ ਕਿ ਮੈਨੂੰ ਤੁਹਾਡੀ ਸਾਰੀ ਉਮਰ ਬ੍ਰਹਮਚਾਰੀ ਰਹਿਣ ਦੀ ਇੱਛਿਆ ਦਾ ਪਤਾ ਲੱਗ ਚੁੱਕਿਆ ਹੈ । ਮੈਂ ਤੁਹਾਡੀ ਇਸ ਇੱਛਿਆ ਵਿਚ ਕਦੀ ਰੁਕਾਵਟ ਨਹੀਂ ਬਣਾਂਗੀ ਤੇ ਖ਼ੁਸ਼ੀ ਨਾਲ ਤੁਹਾਡੇ ਇਸ ਸ਼ੁੱਭ ਮਨੋਰਥ ਦੀ ਪੂਰਤੀ ਲਈ ਤੁਹਾਡਾ ਸਾਥ ਦੇਵਾਂਗੀ ।

## ਹੈੱਡ ਗ੍ਰੰਥੀ ਸੰਤ ਕਿਸ਼ਨ ਸਿੰਘ

ਮੈਂ ਆਪਣੀਆਂ ਅੱਖਾਂ ਨਾਲ ਜਵਾਨੀ ਤੋਂ ਬੁਢਾਪੇ ਤਕ ਇਕ ਅਜਿਹੇ ਵਿਅਕਤੀ ਦਾ ਜੀਵਨ ਗੁਜ਼ਰਦੇ ਦੇਖਿਆ ਹੈ ਜਿਸ ਨੇ ਆਪਣੀ ਜਵਾਨੀ ਦੇ ਆਰੰਭ ਤੋਂ ਹੀ ਸਾਰੀ ਉਮਰ ਕੰਵਾਰਾ ਰਹਿਣ ਦਾ ਇਰਾਦਾ ਕਰ ਲਿਆ ਸੀ, ਉਹ ਸਨ ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ

ਲਾਹੌਰ (ਪਾਕਿਸਤਾਨ) ਦੇ ਹੈੱਡ ਗ੍ਰੰਥੀ ਸੰਤ ਕਿਸ਼ਨ ਸਿੰਘ ਜੀ । ਉਹ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਭੂਰੇ ਵਿਚ ਇਕ ਜ਼ਿਮੀਂਦਾਰ ਘਰਾਣੇ ਵਿਚ ਪੈਦਾ ਹੋਏ ਸਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਉਹ ਅਕਸਰ ਬੋਲਿਆ ਕਰਦੇ ਸਨ :-

**੧. ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ ॥**
**ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥ (ਅੰਗ ੧੪੮)**
**੨. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥**
**ਨਾਨਕ ਅਵਰੁ ਨ ਜੀਵੈ ਕੋਇ ॥ (ਅੰਗ ੧੪੨)**

ਸੰਤ ਜੀ ਦੇ ਜੀਵਨ ਦੀ ਇਸ ਪਵਿੱਤਰਤਾ ਵਿਚ ਜੋ ਭੇਦ ਛੁਪਿਆ ਹੋਇਆ ਸੀ ਉਹ ਹੇਠ ਲਿਖਿਆ ਸੀ :-

ਉਹ ਪ੍ਰਤੀ ਦਿਨ ਸਵੇਰੇ ਪੌਣੇ ਤਿੰਨ ਵਜੇ ਉੱਠਦੇ ਸਨ । ਟੱਟੀ ਜਾਣ ਪਿੱਛੋਂ ਉਹ ਦਾਤਣ-ਕੁਰਲਾ ਅਤੇ ਇਸ਼ਨਾਨ ਕਰਦੇ । ਉਹ ਇਤਨੇ ਪੱਕੇ ਸਿੱਖ ਸਨ ਕਿ ਇਸ਼ਨਾਨ ਕਰਨ ਸਮੇਂ ਆਪਣੀ ਕ੍ਰਿਪਾਨ ਨੂੰ ਪਿੰਡੇ ਤੋਂ ਵੱਖਰਾ ਨਹੀਂ ਸੀ ਕਰਦੇ ਬਲਕਿ ਸਿਰ ਉੱਤੇ ਬੰਨ੍ਹ ਲੈਂਦੇ ਸਨ । ਇਸ਼ਨਾਨ ਕਰਨ ਦੇ ਵੇਲੇ ਵੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਪੜ੍ਹਨਾ ਆਰੰਭ ਕਰ ਦਿੰਦੇ ਅਤੇ ਪੰਦਰਾਂ ਸ਼ਬਦ ਪੜ੍ਹਦੇ । ਉਨ੍ਹਾਂ ਸ਼ਬਦਾਂ ਨੂੰ ਉਹ ਆਪਣੇ ਹਿਰਦੇ ਵਿਚ ਮਗਨ ਹੋ ਕੇ ਪੜ੍ਹਦੇ ਜਿਵੇਂ ਕੋਈ ਗਾ ਰਿਹਾ ਹੋਵੇ । ਪੰਦਰਾਂ ਸ਼ਬਦਾਂ ਪਿੱਛੋਂ ਉਹ ਗੁਰਬਾਣੀ ਦੇ ਨਿਤਨੇਮ ਦਾ ਪਾਠ ਆਰੰਭ ਦਿੰਦੇ । ਇਸ ਵਿਚ ਉਹ ਜਪੁ ਜੀ ਸਾਹਿਬ, ਸ਼ਬਦ ਹਜ਼ਾਰੇ, ਅਨੰਦ ਸਾਹਿਬ, ਸਵੱਯੇ, ਚੌਪਈ ਤੋਂ ਛੁੱਟ ਸੁਖਮਨੀ ਸਾਹਿਬ ਅਤੇ ਆਸਾ ਦੀ ਵਾਰ ਦੇ ਪਾਠ ਵੀ ਕਰਦੇ । ਪਾਠ ਉਹ ਬਹੁਤ ਉੱਚੀ ਅਵਾਜ਼ ਨਾਲ ਕਰਦੇ ਸਨ ਜਿਸ ਨੂੰ ਦੂਰ ਬੈਠੇ ਲੋਕ ਸੁਣਦੇ ਸਨ । ਸਵੇਰ ਦੇ ਨਿਤਨੇਮ ਦੇ ਪਾਠ ਵਿਚ ਉਹਨਾਂ ਦਾ ਸਾਢੇ ਚਾਰ ਘੰਟੇ ਦਾ ਸਮਾਂ ਖ਼ਰਚ ਹੋ ਜਾਂਦਾ । ਉਹ ਸਵੇਰ ਸਮੇਂ ਹਨੇਰੇ ਵਿਚ ਹੀ ਸ੍ਰੀ ਦਰਬਾਰ ਸਾਹਿਬ ਨੂੰ ਮੱਥਾ ਟੇਕਣ ਚਲੇ ਜਾਂਦੇ ਅਤੇ ਮੰਜੀ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ ਪੈਣ ’ਤੇ ਵਾਪਸ ਪਰਤਦੇ । ਰਸਤੇ ਵਿਚ ਚਲਦੇ ਹੋਏ ਉਨ੍ਹਾਂ ਦੀ ਨਿਗਾਹ ਸਦਾ ਹੇਠਾਂ ਧਰਤੀ ’ਤੇ ਰਹਿੰਦੀ ਸੀ । ਉਹ ਦਿਨ ਵਿਚ ਕੇਵਲ ਦੋ ਵਾਰ ਖਾਣਾ ਖਾਂਦੇ ਸਨ—ਸਵੇਰੇ ਅੱਠ ਵਜੇ ਅਤੇ ਸ਼ਾਮ ਨੂੰ ਚਾਰ ਵਜੇ । ਉਹ ਪਿੰਗਲਵਾੜੇ ਦੇ ਲੰਗਰ ਦਾ ਸਾਧਾਰਣ ਖਾਣਾ ਖਾਂਦੇ ਸਨ—ਖੁਸ਼ਕ ਅਣਚੋਪੜਿਆ ਪ੍ਰਸ਼ਾਦਾ।



ਸਵੇਰ ਦੇ ਵੇਲੇ ਇਕੱਲੀ ਦਾਲ ਅਤੇ ਸ਼ਾਮ ਦੇ ਵੇਲੇ ਸਬਜ਼ੀ । ਸਾਡੇ ਦਾਲ ਅਤੇ ਸਬਜ਼ੀ ਨੂੰ ਸਰ੍ਹੋਂ ਦੇ ਤੇਲ ਦਾ ਤੜਕਾ ਲੱਗਦਾ ਹੈ । ਜੀਭ ਦੇ ਸਵਾਦਾਂ ਲਈ ਉਨ੍ਹਾਂ ਦੀ ਨਿਗ੍ਹਾ ਕਿਸੇ ਵਸਤੂ ਵੱਲ ਨਹੀਂ ਜਾਂਦੀ ਸੀ । ਉਨ੍ਹਾਂ ਨੇ ਕਦੇ ਬਾਜ਼ਾਰ ਵਿਚੋਂ ਮਿਠਿਆਈ ਮੰਗਵਾ ਕੇ ਨਹੀਂ ਖਾਧੀ ਸੀ । ਉਹਨਾਂ ਦੇ ਦਿਲ ਵਿਚ ਕਦੇ ਇਹ ਖ਼ਿਆਲ ਨਹੀਂ ਆਉਂਦਾ ਸੀ ਕਿ ਮਿੱਠੀ ਚੀਜ਼ ਜਿਵੇਂ ਖੀਰ ਆਦਿ ਬਣਾ ਕੇ ਖਾਣ । ਉਹ ਸਦਾ ਆਪਣੇ ਰੁੱਖੇ ਸੁੱਖੇ ਖਾਣੇ ’ਤੇ ਪ੍ਰਸੰਨ ਰਹੇ । ਉਹ ਸਦਾ ਆਪਣੇ ਕਮਰੇ ਵਿਚ ਬੈਠਣਾ ਅਤੇ ਬਾਣੀ ਦੇ ਪਾਠ ਵਿਚ ਵੱਧ ਤੋਂ ਵੱਧ ਸਮਾਂ ਗੁਜ਼ਾਰਨਾ ਪਸੰਦ ਕਰਦੇ ਸਨ । ਉਹ ਫਾਲਤੂ ਗੱਲ ਕਰਨਾ ਪਸੰਦ ਨਹੀਂ ਕਰਦੇ ਸਨ । ਉਹਨਾਂ ਦੀ ਗੱਲ ਬਾਤ ਦਾ ਵਿਸ਼ਾ ਦੇਸ਼ ਅਤੇ ਸਿੱਖ ਪੰਥ ਦੇ ਹਾਲਾਤ ਅਤੇ ਮਹਾਂਭਰਤ ਜੈਸੇ ਗ੍ਰੰਥਾਂ ਦੀਆਂ ਕਹਾਣੀਆਂ ਹੁੰਦਾ ਸੀ । ਉਹ ਹੱਥ ਦੇ ਕੱਤੇ ਤੇ ਹੱਥ ਦੇ ਬੁਣੇ ਹੋਏ ਖੱਦਰ ਦੇ ਕੱਪੜੇ ਪਹਿਨਦੇ ਸਨ ਤੇ ਆਪਣੇ ਕੱਪੜੇ ਉਹ ਆਪ ਹੀ ਧੋਂਦੇ ਸਨ । ਉਹਨਾਂ ਦੀ ਪੋਸ਼ਾਕ ਕੇਵਲ ਚਾਰ ਕੱਪੜੇ ਹੁੰਦੇ ਸਨ। ਛੋਟੀ ਤੇ ਵੱਡੀ ਪੱਗ, ਗੋਡਿਆਂ ਤਕ ਲੰਮਾ ਚੋਲਾ ਤੇ ਕਛਹਿਰਾ । ਉਹ ਦੇਸੀ ਪੇਂਡੂ ਜੁੱਤੀ ਪਾਉਂਦੇ ਸਨ । ਉਹ ਫੌਜ ਵਿਚ ਨੌਕਰ ਰਹੇ ਸਨ । ਗੁਰਦੁਆਰਾ ਸੁਧਾਰ ਲਹਿਰ ਨਾਲ ਸੰਬੰਧ ਦੇ ਕਾਰਨ ਹੀ ਉਨ੍ਹਾਂ ਨੂੰ ਅੰਗਰੇਜ਼ੀ ਸਰਕਾਰ ਨੇ ਫੌਜ ਵਿਚੋਂ ਕੱਢ ਦਿੱਤਾ ਸੀ । ਉਹ ਬਹੁਤ ਦਇਆਵਾਨ ਸਨ । ਉਹ ਸਿੱਖ ਇਤਿਹਾਸ, ਰਾਮਾਇਣ ਅਤੇ ਮਹਾਂਭਾਰਤ ਜੈਸੇ ਭਾਰਤ ਦੇ ਪੁਰਾਣੇ ਧਰਮ ਗ੍ਰੰਥਾਂ ਵਿਚ ਦਿੱਤੀਆਂ ਗਈਆਂ ਧਰਮੀ ਬੰਦਿਆਂ ਦੀਆਂ ਕਹਾਣੀਆਂ ਵੀ ਸੁਣਾਉਂਦੇ ਰਹਿੰਦੇ ਸਨ ਤੇ ਗੁਰੂ ਘਰ ਦੀਆਂ ਸਾਖੀਆਂ ਵੀ ।

ਸੰਤ ਕਿਸ਼ਨ ਸਿੰਘ ਜੀ ਚਾਰ ਭਰਾ ਸਨ । ਏਨੇ ਭਰਾਵਾਂ ਲਈ ਘਰ ਦੀ ਜ਼ਮੀਨ ਬਹੁਤ ਥੋੜ੍ਹੀ ਸੀ । ਸੰਤ ਜੀ ਨੇ ਸੋਚਿਆ ਸੀ ਕਿ ਜੇਕਰ ਮੈਂ ਵਿਆਹ ਕਰਵਾ ਲਿਆ ਤਾਂ ਟੱਬਰਦਾਰ ਬਣ ਜਾਣ ਦੇ ਕਾਰਣ ਮੈਨੂੰ ਭਰਾਵਾਂ ਕੋਲੋਂ ਜ਼ਮੀਨ ਵੰਡਾਉਣੀ ਪਵੇਗੀ । ਇਸ ਲਈ ਉਹਨਾਂ ਨੇ ਵਿਆਹ ਕਰਾਉਣ ਦਾ ਖ਼ਿਆਲ ਛੱਡ ਦਿੱਤਾ ਸੀ । ਸੰਤ ਜੀ ਪਿੰਗਲਵਾੜੇ ਦੇ ਤਨਖ਼ਾਹਦਾਰ ਨੌਕਰ ਸਨ । ਉਹ ਜਿੰਨਾ ਚਿਰ ਜਿਉਂਦੇ ਰਹੇ ਆਪਣੀ ਤਨਖ਼ਾਹ ਭਰਾਵਾਂ ਨੂੰ ਭੇਜਦੇ ਰਹੇ । ਉਹਨਾਂ ਨੇ ਆਪਣੇ ਇਕ ਭਤੀਜੇ ਨੂੰ ਪਿੰਗਲਵਾੜੇ ਆਪਣੇ ਪਾਸ ਰੱਖ ਕੇ ਦਸਵੀਂ ਜਮਾਤ ਤਕ ਪੜ੍ਹਾਇਆ ਸੀ । ਉਹਨਾਂ ਦੇ ਭਰਾ ਸੰਤ ਜੀ ਨੂੰ ਬਹੁਤ ਪਿਆਰ ਸਤਿਕਾਰ ਦਿੰਦੇ ਸਨ ਪਰ ਸੰਤ ਜੀ ਦਾ ਮਨ ਪਿੰਗਲਵਾੜੇ ਲੱਗਾ ਹੋਇਆ ਸੀ । ਆਪਣੀ ਮ੍ਰਿਤੂ ਤੋਂ ਪਹਿਲਾਂ ਉਹ ਪੰਜ ਕੁ ਮਹੀਨਿਆਂ ਦਾ ਸਮਾਂ

ਬਿਮਾਰ ਰਹੇ । ਮ੍ਰਿਤੂ ਤੋਂ ਪਹਿਲਾਂ ਉਹ ਪਿੰਡ ਰਹਿਣ ਲਈ ਵੀ ਗਏ ਸਨ। ਭਾਵੇਂ ਭਰਾਵਾਂ ਵੱਲੋਂ ਉਨ੍ਹਾਂ ਦੀ ਪੂਰੀ ਪੂਰੀ ਸੇਵਾ ਸੰਭਾਲ ਹੋ ਰਹੀ ਸੀ, ਪਰ ਉਨ੍ਹਾਂ ਦਾ ਉੱਥੇ ਮਨ ਨਾ ਲੱਗਾ । ਇਸ ਲਈ, ਉਹ ਮੁੜ ਕੇ ਪਿੰਗਲਵਾੜੇ ਆ ਗਏ ਸਨ ; ਕਿਉਂਕਿ ਪਿੰਗਲਵਾੜੇ ਵਿਚ ਉਨ੍ਹਾਂ ਦੀ ਸੇਵਾ ਵੀ ਵੱਧ ਤੋਂ ਵੱਧ ਹੋ ਰਹੀ ਸੀ । ਇਕ ਵਾਰੀ ਸਿਆਲ ਦੇ ਦਿਨਾਂ ਵਿਚ ਉਨ੍ਹਾਂ ਪਾਸ ਰਜਾਈ ਨਹੀਂ ਸੀ ਤੇ ਉਹ ਲੋਈ ਵਿਚ ਹੀ ਰਾਤ ਕੱਟਦੇ ਸਨ । ਮੇਰੇ ਲਈ ਕਿਸੇ ਮਾਈ ਨੇ ਇਕ ਰਜਾਈ ਭੇਜੀ ਸੀ । ਮੈਂ ਉਹਨਾਂ ਨੂੰ ਰਜਾਈ ਦੇ ਦਿੱਤੀ ਸੀ । ਆਪ ਮੈਂ ਕੰਬਲ ਲੈ ਕੇ ਲੰਗਰ ਦੀ ਲੋਹ ਦੇ ਕੰਢੇ ਸੌਂਦਾ ਰਿਹਾ ਸਾਂ । ਮੈਂ ਰਜਾਈ ਇਸ ਲਈ ਨਹੀਂ ਬਣਵਾਈ ਸੀ ਕਿਉਂਕਿ ਉਨ੍ਹਾਂ ਦਿਨਾਂ ਵਿਚ ਪਿੰਗਲਵਾੜੇ ਦੇ ਸਿਰ ’ਤੇ ਚੋਖਾ ਕਰਜ਼ਾ ਚੜ੍ਹਿਆ ਰਹਿੰਦਾ ਸੀ । ਮੈਨੂੰ ਕਿਸੇ ਸ਼ਿਕਾਇਤ ਦੇ ਆ ਜਾਣ ਕਰ ਕੇ ਲੋਹ ਦੀ ਗਰਮਾਈ ਨਾਲ  ਗਰਮ ਹੋਏ ਪਿੰਡੇ ਨਾਲ ਤੜਕੇ ਦੇ ਹਨੇਰੇ ਵਿਚ ਬਾਹਰ ਨਿਕਲਣਾ ਪੈ ਗਿਆ । ਕੁਦਰਤੀ ਮੇਰਾ ਬਚਾਅ ਹੋ ਗਿਆ ਸੀ ਨਹੀਂ ਤਾਂ ਦੋ ਫੇਫੜਿਆਂ ਦੇ ਨਮੂਨੀਏ ਦੇ ਕਾਰਨ ਮੇਰੇ ਮਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਰਹਿ ਗਈ ਸੀ । ਜਦੋਂ ਸੰਤ ਜੀ ਦੇ ਮ੍ਰਿਤਕ ਸਰੀਰ ਨੂੰ ਅਗਨ ਭੇਂਟ ਕੀਤਾ ਗਿਆ ਸੀ ਤਾਂ ਮੈਂ ਹੰਝੂਆਂ ਭਰੀਆਂ ਅੱਖਾਂ ਨਾਲ ਉਹਨਾਂ ਦੀ ਚਿਤਾ ਦੀ ਪ੍ਰਕਰਮਾ ਕੀਤੀ ਸੀ । ਸੰਤ ਜੀ ਨੂੰ ਮੈਂ ਜੋ ਪਿਆਰ ਸਤਿਕਾਰ ਦਿੱਤਾ ਉਸ ਦੀ ਕਹਾਣੀ ਲੰਮੀ ਹੈ, ਉਸ ਨੂੰ ਮੈਂ ਇਸ ਪੁਸਤਕ ਦੀ ਅਗਲੀ ਛਪਾਈ ਵਿਚ ਪੂਰੀ ਬਿਆਨ ਕਰਨ ਦਾ ਯਤਨ ਕਰਾਂਗਾ ।

ਸੰਤ ਜੀ ਦੇਸ਼ ਦੀ ਵੰਡ ਦੇ ਪਿੱਛੋਂ ਗੁਰਦੁਆਰਾ ਡੇਹਰਾ ਸਾਹਿਬ ਤੋਂ ਪੰਜਾਹ ਹਜ਼ਾਰ ਰੁਪਏ ਦਾ ਸਾਮਾਨ ਤੇ ਦਸ ਹਜ਼ਾਰ ਰੁਪਏ ਦਾ ਸੋਨਾ ਲੈ ਕੇ ਆਏ ਸਨ । ਉਹਨਾਂ ਦਿਨਾਂ ਵਿਚ ਥਾਂ ਥਾਂ ’ਤੇ ਲੁੱਟ ਮਾਰ ਹੋ ਰਹੀ ਸੀ । ਸੰਤ ਜੀ ਗੁਰਦੁਆਰੇ ਦਾ ਸਾਰਾ ਸਾਮਾਨ ਤੇ ਸੋਨਾ ਆਪਣੇ ਪਾਸ ਰੱਖ ਸਕਦੇ ਸਨ ; ਪਰ ਉਹਨਾਂ ਨੇ ਧਰਮ ਕਮਾਇਆ । ਸੰਤ ਜੀ ਦਾ ਘਰਾਣਾ ਇਕ ਗ਼ਰੀਬ ਘਰਾਣਾ ਸੀ । ਉਹਨਾਂ ਨੇ ਗੁਰਦੁਆਰੇ ਦੀ ਕੋਈ ਚੀਜ਼ ਆਪਣੇ ਪਾਸ ਨਾ ਰੱਖੀ ਤੇ ਗ਼ਰੀਬ ਬਣਿਆ ਰਹਿਣਾ ਪ੍ਰਵਾਨ ਕੀਤਾ; ਇਸ ਲਈ ਉਹਨਾਂ ਨੇ ਜਿੱਥੇ ਘਰ ਵਾਲਿਆਂ ਤੋਂ ਭਾਰਾ ਸਤਿਕਾਰ ਪਿਆਰ ਪ੍ਰਾਪਤ ਕੀਤਾ ਉੱਥੇ ਮੇਰੇ ਵਰਗੇ ਅਨੇਕਾਂ ਹੋਰਨਾਂ ਪਾਸੋਂ ਵੀ ਉਨ੍ਹਾਂ ਨੂੰ ਭਾਰਾ ਪਿਆਰ ਸਤਿਕਾਰ ਮਿਲਿਆ ਸੀ । ਸੰਤ ਜੀ ਨੇ ਗੁਰਦੁਆਰਾ ਡੇਹਰਾ ਸਾਹਿਬ ਦੇ ਸਟੋਰ-ਕੀਪਰ ਹੁੰਦਿਆਂ ਗ਼ਰੀਬ ਵਿਦਿਆਰਥੀਆਂ ਤੇ ਮੇਰੇ ਵਰਗੇ ਬਿਨਾਂ ਤਨਖ਼ਾਹ ਤੋਂ ਸੇਵਾ



ਕਰਨ ਵਾਲੇ ਸੇਵਕਾਂ ਦੀ ਜਿਸ ਤਰ੍ਹਾਂ ਸਹਾਇਤਾ ਕੀਤੀ ਉਹ ਉਹਨਾਂ ਦੇ ਹੀ ਹਿੱਸੇ ਸੀ । ਭਾਰਤ ਦੇ ਸਕੂਲਾਂ ਤੇ ਕਾਲਜਾਂ ਵਿਚ ਪੜ੍ਹਨ ਵਾਲੇ ਤੇ ਪੜ੍ਹ ਚੁੱਕੇ ਵਿਦਿਆਰਥੀਆਂ ਨੂੰ ਮੈਂ ਖ਼ਬਰਦਾਰ ਕਰ ਦੇਣਾ ਚਾਹੁੰਦਾ ਹਾਂ ਕਿ ਦੇਸ਼ ਤੇ ਦੁਨੀਆਂ ਦੇ ਹਾਲਾਤ ਅਨੇਕਾਂ ਪੱਖਾਂ ਤੋਂ ਚਿੰਤਾਜਨਕ ਹੋ ਚੁੱਕੇ ਹਨ ਤੇ ਦਿਨ ਪ੍ਰਤੀ ਦਿਨ ਉਹ ਪਹਿਲਾਂ ਨਾਲੋਂ ਹੋਰ ਵਧੇਰੇ ਚਿੰਤਾਜਨਕ ਹੁੰਦੇ ਜਾ ਰਹੇ ਹਨ ਤੇ ਜੇ ਉਹ ਹਾਲਾਤ ਏਸੇ ਤਰ੍ਹਾਂ ਅਗਾਂਹ ਤੋਂ ਅਗਾਂਹ ਵਿਗੜਦੇ ਗਏ ਤਾਂ ਉਹਨਾਂ ਦਾ ਜਿਊਣਾ ਦੁੱਭਰ ਹੋ ਜਾਵੇਗਾ । ਜੇ ਉਹਨਾਂ ਦੇ ਖਾਣ ਲਈ ਅੰਨ ਹੀ ਲੋੜ ਅਨੁਸਾਰ ਪੈਦਾ ਨਾ ਹੋਇਆ ਤਾਂ ਉਹ ਕਿਸ ਤਰ੍ਹਾਂ ਜਿਊਣਗੇ । ਉਹਨਾਂ ਨੂੰ ਸਾਰੀ ਉਮਰ ਕੰਵਾਰੇ ਰਹਿੰਦੇ ਹੋਏ ਦੇਸ਼ ਦੀ ਹਾਲਾਤ ਦੀ ਪੜ੍ਹਾਈ ਅਖ਼ਬਾਰਾਂ, ਪੁਸਤਕਾਂ, ਮਾਸਿਕ-ਪੱਤਰਾਂ ਦੁਆਰਾ ਕਰਕੇ ਉਸ ਪੜ੍ਹਾਈ ਤੋਂ ਪੈਦਾ ਹੋਏ ਗਿਆਨ ਦੇ ਪ੍ਰਚਾਰ ਲਈ ਸਾਧ ਬਣਨ ਲਈ ਤਿਆਰ ਹੋ ਜਾਣਾ ਚਾਹੀਦਾ ਹੈ। ਮੈਂ ਆਪਣਾ ੭੮ ਸਾਲਾਂ ਦਾ ਜੀਵਨ ਇਸੇ ਤਰ੍ਹਾਂ ਗੁਜ਼ਾਰਿਆ ਹੈ । ਮੈਨੂੰ ਆਪਣੇ ਜੀਵਨ ਤੋਂ ਭਾਰੀ ਪ੍ਰਸੰਨਤਾ ਪ੍ਰਾਪਤ ਹੋ ਰਹੀ ਹੈ ।

## ਡਾਲਟਨ ਸਾਇੰਸਦਾਨ

ਡਾਲਟਨ ਸਾਇੰਸਦਾਨ ਨੇ ਸਾਰੀ ਉਮਰ ਸ਼ਾਦੀ ਨਹੀਂ ਕਰਾਈ ਸੀ ਤੇ ਉਹ ਸਾਰੀ ਉਮਰ ਸਾਇੰਸ ਦੀਆਂ ਨਵੀਆਂ ਕਾਢਾਂ ਨੂੰ ਈਜਾਦ ਕਰਨ ਲਈ ਦਿਨ ਰਾਤ ਸਾਇੰਸ ਦੇ ਤਜਰਬਿਆਂ ਵਿਚ ਰੁੱਝਾ ਰਿਹਾ ਸੀ, ਜਦੋਂ ਉਹ ਬੁੱਢਾ ਹੋਇਆ ਤਾਂ ਉਸ ਨੂੰ ਕਿਸੇ ਗੱਭਰੂ ਨੇ ਪੁੱਛਿਆ ਸੀ ਕਿ ਡਾਲਟਨ ਸਾਹਿਬ ਦੱਸੋ ਤੁਸੀਂ ਵਿਆਹ ਕਰਵਾਇਆ ਸੀ ਕਿ ਨਹੀਂ ? ਗੱਭਰੂ ਦਾ ਇਹ ਪ੍ਰਸ਼ਨ ਸੁਣ ਕੇ ਡਾਲਟਨ ਸੋਚਾਂ ਵਿਚ ਪੈ ਗਿਆ ਸੀ ਤੇ ਸੋਚ ਸੋਚ ਕੇ ਕੁਝ ਚਿਰ ਮਗਰੋਂ ਗੱਭਰੂ ਨੂੰ ਕਹਿਣ ਲੱਗਾ ਕਿ ਭਾਈ ਸੱਜਣਾ ਮੈਨੂੰ ਤਾਂ ਸਾਰੀ ਉਮਰ ਆਪਣੇ ਵਿਆਹ ਦਾ ਖ਼ਿਆਲ ਹੀ ਨਹੀਂ ਆਇਆ ਤੇ ਜੇ ਮੈਨੂੰ ਵਿਆਹ ਕਰਾਉਣਾ ਭੁੱਲਿਆ ਹੀ ਨਾ ਰਹਿੰਦਾ ਤਾਂ ਮੈਂ ਆਪਣਾ ਵਿਆਹ ਜ਼ਰੂਰ ਕਰਾਉਂਦਾ। ਮਹਾਤਮਾ ਗਾਂਧੀ ਨੇ ਬ੍ਰਹਮਚਰਯ ਬਾਰੇ ਇਕ ਪੁਸਤਕ ਲਿਖੀ ਹੈ ‘Self Restriant Versus Self Indulgence’ ਉਹਨਾਂ ਨੇ ਬ੍ਰਹਮਚਰਯ ਰੱਖਣ ਲਈ ਤਿੰਨ ਵੱਡੇ ਸਾਧਨ ਦੱਸੇ ਹਨ—

੧. ਹਰ ਸਮੇਂ ਰਾਮ ਨਾਮ ਦਾ ਸਿਮਰਨ ਕਰਨਾ ।

੨. ਮਨ ਤੇ ਸਰੀਰ ਨੂੰ ਹਰ ਵੇਲੇ ਅੱਛੇ ਕੰਮ ਵਿਚ ਲਾ ਕੇ ਰੱਖਣਾ।

੩. ਕਿਸੇ ਤਰਸਯੋਗ ਹਾਲਤ ਵਾਲੇ ਕਿਸੇ ਬਹੁਤ ਦੁਖੀ ਦਾ ਖ਼ਿਆਲ ਹਰ ਵੇਲੇ ਆਪਣਾ ਮਨ ਵਿਚ ਵਸਾਈ ਰੱਖਣਾ ।

ਸਵਾਮੀ ਰਾਮ ਕ੍ਰਿਸ਼ਨ ਪਰਮਹੰਸ ਨੇ ਵਾਹਿਗੁਰੂ ਦੇ ਨਾਮ ਦਾ ਜਾਪ ਜਪ ਕੇ ਆਪਣੇ ਹਿਰਦੇ ਨੂੰ ਪਵਿੱਤਰ ਰੱਖਿਆ । ਡਾਲਟਨ ਨੇ ਸਾਰੀ ਉਮਰ ਹਰ ਵੇਲੇ ਨਵੀਆਂ ਕਾਢਾਂ ਕੱਢਣ ਵਿਚ ਰੁਝਿਆ ਰਹਿ ਕੇ ਵਿਆਹ ਦਾ ਖ਼ਿਆਲ ਭੁਲਾਇਆ ਸੀ । ਜੈ ਪ੍ਰਕਾਸ਼ ਜੀ ਨੇ ਸਾਰੀ ਉਮਰ ਦੇਸ਼ ਦੀਆਂ ਚਿੰਤਾਜਨਕ ਸਮੱਸਿਆਵਾਂ ਬਾਰੇ ਸੋਚਦਿਆਂ ਤੇ ਉਨ੍ਹਾਂ ਦਾ ਹੱਲ ਕਰਨ ਲਈ ਦਿਨ ਰਾਤ ਕਠਿਨ ਘਾਲਾਂ ਘਾਲਦਿਆਂ ਜੀਵਨ ਬਿਤਾਉਂਦਿਆਂ ਹੋਇਆਂ ਹਿਰਦੇ ਦੀ ਪਵਿੱਤਰਤਾ ਦਾ ਬ੍ਰਹਮਚਰਯ ਦਾ ਸਾਰੀ ਉਮਰ ਦਾ ਲੰਬਾ ਜੀਵਨ ਬਿਤਾਇਆ ਸੀ । ਬੀਬੀ ਫਲੋਰੈਂਸ ਨਾਈਟਿੰਗੇਲ ਤੇ ਅਵੈਂਜਿਲੀਨ ਬੂਥ ਦੋਹਾਂ ਨੇ ਦੀਨ ਦੁਖੀਆਂ ਦੀ ਸੇਵਾ ਕਰ ਕੇ ਬ੍ਰਹਮਚਰਯ ਦਾ ਜੀਵਨ ਬਿਤਾਇਆ।

ਇਸ ਸੰਬੰਧ ਵਿਚ ਥੋਰੋ ਫ਼ਿਲਾਸਫ਼ਰ ਦਾ ਇਹ ਕਥਨ ਬੜਾ ਕੀਮਤੀ ਹੈ ਕਿ ਬੰਦੇ ਦੇ ਮਨ ਦਾ ਖੋਟਾ ਪਾਸਾ ਓਨਾ ਹੀ ਜਾਗਦਾ ਹੈ ਜਿੰਨਾ ਉਸ ਦੇ ਮਨ ਦਾ ਖਰਾ ਪਾਸਾ ਸੁੱਤਾ ਹੁੰਦਾ ਹੈ । ਇਸ ਤੋਂ ਇਹ ਵੀ ਉਪਜਦਾ ਹੈ ਕਿ ਜਿਸ ਮਨੁੱਖ ਦੇ ਮਨ ਦਾ ਖਰਾ ਪਾਸਾ ਜਾਗਦਾ ਹੈ ਉਸ ਦਾ ਖੋਟਾ ਪਾਸਾ ਸੁੱਤਾ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਵੀ ਹੈ :-

ਇਹ ਰਸ ਛਾਡੇ ਉਹ ਰਸੁ ਆਵਾ ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ ਅੰਗ ੩੪੨

ਜਦ ਬੰਦੇ ਨੂੰ ਚੰਗੇ ਕੰਮਾਂ ਦਾ ਸੁਆਦ ਆਉਣ ਲੱਗ ਜਾਂਦਾ ਹੈ ਤਾਂ ਉਸ ਨੂੰ ਬੁਰੇ ਕੰਮਾਂ ਦੇ ਸੁਆਦ ਦੀ ਲੋੜ ਨਹੀਂ ਰਹਿ ਜਾਂਦੀ ।

## ਆਚਾਰੀਆ ਜੇ.ਬੀ. ਕ੍ਰਿਪਲਾਨੀ

ਭਾਰਤ ਦੇ ਸੁਤੰਤਰਤਾ ਅੰਦੋਲਨ ਵਿਚ ਜਿਨ੍ਹਾਂ ਉੱਚ ਕੋਟੀ ਦੇ ਆਗੂਆਂ ਨੇ ਹਿੱਸਾ ਲਿਆ ਉਨ੍ਹਾਂ ਵਿਚੋਂ ਆਚਾਰੀਆ ਜੇ.ਬੀ.ਕ੍ਰਿਪਲਾਨੀ, ਆਚਾਰੀਆ ਵਿਨੋਭਾ ਭਾਵੇ ਜੈਸੇ ਗਿਣਤੀ ਦੇ ਵੱਡੇ ਵੱਡੇ ਆਗੂ ਹੀ ਜਿਊਂਦੇ ਹਨ, ਹੋਰ ਸਾਰੇ ਮਰ ਚੁੱਕੇ ਹਨ । ਗਾਂਧੀਵਾਦੀ ਆਗੂ ਕਾਕਾ ਕਾਲੇਲਕਰ ਵੀ ਲੰਬੀ ਉਮਰ ਭੋਗ ਕੇ ਇਸ ਲੰਘ ਰਹੇ ਸਾਲ ੧੯੮੧ ਵਿਚ ਸਰਵਰਗਵਾਸ ਹੋਏ ਹਨ ।



ਆਚਾਰੀਆ ਜੀ ਦੀ ਉਮਰ ਇਸ ਸਮੇਂ ਨੱਬੇ ਤੇ ਸੌ ਸਾਲਾਂ ਦੇ ਵਿਚਕਾਰ ਹੈ । ਉਨ੍ਹਾਂ ਦਾ ਵਿਆਹ ਸਵਰਗਵਾਸੀ ਬੀਬੀ ਸੁਚੇਤਾ ਨਾਲ ਹੋਇਆ ਸੀ । ਸੁਚੇਤਾ ਜੀ ਨੇ ਚੜ੍ਹਦੀ ਜਵਾਨੀ ਤੋਂ ਹੀ ਦੇਸ਼ ਦੀ ਸੁਤੰਤਰਤਾ ਅੰਦੋਲਨ ਵਿਚ ਭਾਰੀ ਹਿੱਸਾ ਲਿਆ ਸੀ । ਦੇਸ਼ ਦੀ ਸੁਤੰਤਰਤਾ ਦੇ ਪਿੱਛੋਂ ਉਹ ਯੂ.ਪੀ. ਦੇ ਮੁੱਖ ਮੰਤਰੀ ਰਹੇ । ਆਚਾਰੀਆ ਜੀ ਨੇ ਚੜ੍ਹਦੀ ਜਵਾਨੀ ਤੋਂ ਦੇਸ਼ ਦੇ ਸੁਤੰਤਰਤਾ ਅੰਦੋਲਨ ਵਿਚ ਸਰਗਰਮ ਹਿੱਸਾ ਲਿਆ ਸੀ । ਉਹ ਸਰਬ-ਹਿੰਦ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਰਹੇ ਸਨ । ਉਹ ਬਹੁਤ ਵੱਡੇ ਵਿਦਵਾਨ ਹਨ । ਉਹ ਵੀ ਵਿਆਹੇ ਹੋਣ ਦੇ ਬਾਵਜੂਦ ਬ੍ਰਹਮਚਾਰੀ ਰਹੇ । ਦੇਸ਼ ਦੇ ਇਕ ਭਰੋਸੇ ਯੋਗ ਤੇ ਮਹਾਨ ਵਿਦਵਾਨ ਆਗੂ ਦੇ ਤੌਰ ’ਤੇ ਇਸ ਸਮੇਂ ਇਕੱਲੇ ਆਚਾਰੀਆ ਜੀ ਹੀ ਭਾਰਤ ਵਿਚ ਸਭ ਤੋਂ ਉੱਚੀ ਪਦਵੀ ਰੱਖਦੇ ਹਨ ਜਿਹੜੇ ਦੇਸ਼ ਵਾਸੀਆਂ ਨੂੰ ਸਮੇਂ ਦੀ ਉੱਚਿਤ ਅਗਵਾਈ ਦੇ ਰਹੇ ਹਨ—ਕ੍ਰਿਪਲਾਨੀ ਜੀ ਦੀ ਸਾਰੀ ਉਮਰ ਦੇ ਸੰਜਮੀ ਜੀਵਨ ਦਾ ਹੀ ਇਹ ਫਲ ਹੈ ਕਿ ੧੦੦ ਸਾਲਾਂ ਦੀ ਉਮਰ ਦੇ ਨੇੜੇ ਪੁੱਜ ਕੇ ਉਹ ਆਪਣੇ ਵਿਖਿਆਨਾਂ ਤੇ ਲੇਖਾਂ ਨਾਲ ਦੇਸ਼ ਦੀ ਅਗਵਾਈ ਕਰ ਰਹੇ ਹਨ ।

## ਬ੍ਰਹਮ ਗਿਆਨੀ ਥੋਰੋ

ਇੰਗਲੈਂਡ ਵਿਚ ਥੋਰੋ ਬਾਰੇ ਛਪੀ ਪੁਸਤਕ The Living Thoughts of Thoreau ਵਿਚ ਉਸ ਦਾ ਜੋ ਲੇਖ Chastity ਜਤ ਸਤ ਬਾਰੇ ਹੈ ਉਸ ਦੀਆਂ ਕੁਝ ਕੁ ਪੰਕਤੀਆਂ ਦਾ ਉਲਥਾ ਹੇਠ ਲਿਖਿਆ ਹੈ :-

“ਯਤਨ ਤੋਂ ਉਪਜਦੀ ਹੈ ਸਿਆਣਪ ਅਤੇ ਪਵਿੱਤ੍ਰਤਾ, ਆਲਸ ਤੋਂ ਜਹਾਲਤ ਅਤੇ ਇੰਦ੍ਰਕ ਭਾਵਨਾਵਾਂ । ਅਪਵਿੱਤਰ ਮਨੁੱਖ ਸਦਾ ਆਲਸੀ ਹੁੰਦਾ ਹੈ, ਜੋ ਚੁੱਲ੍ਹੇ ਪਾਸ ਹੀ ਬੈਠਦਾ ਹੈ, ਉਸ ਦੇ ਲੰਮੇ ਪਏ ਹੋਏ ਉੱਤੇ ਹੀ ਸੂਰਜ ਆਪਣੀ ਰੋਸ਼ਨੀ ਸੁੱਟਦਾ ਹੈ, ਜੋ ਬਿਨਾਂ ਥੱਕਿਆਂ ਹੀ ਅਰਾਮ ਕਰਨਾ ਚਾਹੁੰਦਾ ਹੈ । ਜੇ ਤੁਸੀਂ ਅਪਵਿੱਤਰਤਾ ਤੋਂ ਅਤੇ ਸਾਰੇ ਪਾਪਾਂ ਤੋਂ ਬਚਣਾ ਚਾਹੁੰਦੇ ਹੋ ਤਾਂ ਗੰਭੀਰਤਾ ਨਾਲ ਅਰਥਾਤ ਤਨੋਂ ਮਨੋਂ ਕੰਮ ਕਰੋ ਭਾਵੇਂ ਇਹ ਕੰਮ ਤਬੇਲੇ ਨੂੰ ਸਾਫ਼ ਕਰਨਾ ਹੋਵੇ । ਕਾਮ ਦਾ ਸੱਪ ਬੰਦੇ ਤੋਂ ਦੂਰ ਨਹੀਂ ਰਹਿੰਦਾ ਬਲਕਿ ਉਸ ਦੇ ਤਨ ਦੇ ਕੱਪੜਿਆਂ ਵਿਚ ਛੁਪਿਆ ਰਹਿੰਦਾ ਹੈ ਤੇ ਉਸ ਦੇ ਕੁੜਤੇ ਦੀ ਬਾਂਹ ਉਸ ਸੱਪ ਦੀ ਵਰਮੀ ਸਮਝਣੀ ਚਾਹੀਦੀ ਹੈ। ਕਾਮ ਦਾ ਇਹ ਸੱਪ ਬਾਂਹ ਦੇ ਕੁੜਤੇ ਦੀ ਵਰਮੀ ਵਿਚੋਂ ਬੰਦੇ ’ਤੇ ਵਾਰ ਕਰਨ ਲਈ ਉਦੋਂ ਬਾਹਰ ਨਿਕਲਦਾ

ਹੈ ਜਦੋਂ ਉਸ ਦੇ ਹੱਥ ਵਿਹਲੇ ਹੋਣ ਤੇ ਉਹ ਮਨ ਕਰਕੇ ਵੀ ਵਿਹਲਾ ਬੈਠਾ ਹੋਵੇ ।" ਇਸ ਤਰ੍ਹਾਂ ਥੋਰੋ ਨੇ ਬੰਦੇ ਨੂੰ ਉਪਦੇਸ਼ ਦਿੱਤਾ ਹੈ ਕਿ ਜੇ ਉਹ ਕਾਮ ਦੇ ਸੱਪ ਦੇ ਡੰਗ ਤੋਂ ਬਚਣਾ ਚਾਹੁੰਦਾ ਹੈ ਤਾਂ ਉਹ ਜਾਗਦਾ ਹੋਇਆ ਵਿਹਲਾ ਕਦੇ ਨਾ ਰਹੇ ਤੇ ਜੇ ਉਸ ਅੱਗੇ ਕਰਨ ਲਈ ਉੱਚੇ ਦਰਜੇ ਦਾ ਕੋਈ ਕੰਮ ਨਾ ਵੀ ਹੋਵੇ ਤਾਂ ਉਹ ਹੋਰ ਨਹੀਂ ਤਾਂ ਆਪਣੇ ਡੰਗਰਾਂ ਦੇ ਤਬੇਲੇ ਵਿਚ ਵੜ ਕੇ ਉਹਨਾਂ ਦਾ ਗੋਹਾ ਜਾਂ ਲਿੱਦ ਹੀ ਬਾਹਰ ਸੁੱਟਣ ਵਿਚ ਰੁੱਝ ਜਾਵੇ ।

## ਸਰਵੋਦਯ ਨੇਤਾ ਸ੍ਰੀ ਜੈ ਪ੍ਰਕਾਸ਼ ਨਾਰਾਇਣ

ਸਰਵੋਦਯ ਨੇਤਾ ਸ੍ਰੀ ਜੈ ਪ੍ਰਕਾਸ਼ ਨਾਰਾਇਣ ਦੇ ਵਿਆਹ ਸਮੇਂ ਉਨ੍ਹਾਂ ਦੀ ਪਤਨੀ ਪ੍ਰਭਾਵਤੀ ਜੀ ਦੀ ਉਮਰ ੧੪ ਸਾਲ ਸੀ। ਸ਼ਾਦੀ ਹੁੰਦਿਆਂ ਹੀ ਜੈ ਪ੍ਰਕਾਸ਼ ਜੀ ਨੂੰ ਆਪਣੀ ਪੜ੍ਹਾਈ ਲਈ ਅਮਰੀਕਾ ਜਾਣਾ ਪਿਆ ਜਿੱਥੇ ਉਹ ੭ ਸਾਲ ਰਹੇ । ਇਸ ਸਮੇਂ ਵਿਚ ਉਹਨਾਂ ਦੀ ਪਤਨੀ ਗਾਂਧੀ ਜੀ ਦੇ ਆਸ਼ਰਮ ਵਿਚ ਉਹਨਾਂ ਦੀ ਪੁੱਤਰੀ ਬਣ ਕੇ ਰਹੀ । ਮਹਾਤਮਾ ਗਾਂਧੀ ਜੀ ਦੇ ਆਸ਼ਰਮ ਵਿਚ ਰਹਿੰਦਿਆਂ ਪ੍ਰਭਾਵਤੀ ਜੀ ਨੂੰ ਇਹ ਪ੍ਰੇਰਨਾ ਹੋ ਗਈ ਕਿ ਉਹ ਸਾਰੀ ਉਮਰ ਹੀ ਬ੍ਰਹਮਚਾਰੀ ਰਹਿਣ । ਜਦੋਂ ਜੈ ਪ੍ਰਕਾਸ਼ ਜੀ ਅਮਰੀਕਾ ਤੋਂ ਵਾਪਸ ਆਏ ਤਾਂ ਉਹਨਾਂ ਨੂੰ ਪਤਨੀ ਦੀ ਸਾਰੀ ਉਮਰ ਬ੍ਰਹਮਚਾਰੀ ਰਹਿਣ ਦੀ ਇੱਛਾ ਦਾ ਪਤਾ ਲੱਗਿਆ । ਪਤਨੀ ਦੀ ਇਸ ਇੱਛਿਆ ਦਾ ਪਤਾ ਲੱਗਣ ਉੱਤੇ ਪਹਿਲਾਂ ਤਾਂ ਉਹਨਾਂ ਨੇ ਉਸ ਨੂੰ ਕਿਹਾ ਕਿ ਆਪਾਂ ਨੂੰ ਦੋ ਬੱਚੇ ਪੈਦਾ ਕਰ ਲੈਣੇ ਚਾਹੀਦੇ ਹਨ । ਪਰ ਜਦੋਂ ਪਤਨੀ ਵੱਲੋਂ ਇਸ ਪ੍ਰਸ਼ਨ ਦਾ ਇਹ ਉੱਤਰ ਮਿਲਿਆ ਕਿ ਤੁਸੀਂ ਤਾਂ ਸਾਰੀ ਉਮਰ ਦੇਸ਼ ਸੇਵਾ ਵਿਚ ਗੁਜ਼ਾਰਨੀ ਹੈ । ਬੱਚਿਆਂ ਦੇ ਜੰਮ ਪੈਣ ਉੱਤੇ ਤਾਂ ਤੁਸੀਂ ਆਪਣਾ ਸਾਰਾ ਧਿਆਨ ਦੇਸ਼ ਸੇਵਾ ਵੱਲ ਨਾ ਦੇ ਸਕੋਗੇ ; ਫਿਰ ਤਾਂ ਤੁਹਾਨੂੰ ਬੱਚਿਆਂ ਦੀ ਪਾਲਣਾ ਵੱਲ ਵੀ ਧਿਆਨ ਤੇ ਸਮਾਂ ਦੇਣਾ ਪਵੇਗਾ ਜਦ ਕਿ ਦੇਸ਼ ਦੀ ਸੁਤੰਤਰਤਾ ਦੀ ਸ਼ਾਂਤਮਈ ਜੰਗ ਤੁਹਾਡੇ ਪੂਰਨ ਧਿਆਨ ਤੇ ਪੂਰਨ ਸਮੇਂ ਦੀ ਮੰਗ ਕਰਦੀ ਹੈ । ਪਤਨੀ ਦੀ ਇਹ ਦਲੀਲ ਸੁਣ ਕੇ ਸ੍ਰੀ ਜੈ ਪ੍ਰਕਾਸ਼ ਜੀ ਨੇ ਉਸ ਦੀ ਇਹ ਇੱਛਿਆ ਖਿੜ੍ਹੇ ਮੱਥੇ ਪ੍ਰਵਾਨ ਕਰ ਲਈ ਕਿ ਸਾਰੀ ਉਮਰ ਦੋਵੇਂ ਜਣੇ ਬ੍ਰਹਮਚਾਰੀ ਰਹਿਣ । ਪ੍ਰਭਾਵਤੀ ਜੀ ਦੀ ਮ੍ਰਿਤੂ ੧੫ ਅਪ੍ਰੈਲ ੧੯੭੩ ਵਾਲੇ ਦਿਨ ਹੋਈ । ਗ੍ਰਿਸਥ ਦੇ ੫੨ ਸਾਲਾਂ ਦੇ ਸਮੇਂ ਵਿਚ ਜੈ ਪ੍ਰਕਾਸ਼ ਜੀ ਤੇ ਉਹਨਾਂ ਦੀ ਪਤਨੀ ੪੫ ਸਾਲ ਦੋਵੇਂ ਇਕੱਠੇ ਰਹੇ, ਪਰ ਬ੍ਰਹਮਚਾਰੀ ਰਹੇ ।



ਕਿਸੇ ਸਿਆਣੇ ਦਾ ਕਥਨ ਹੈ ਕਿ ਜਿਹੜੇ ਬੰਦੇ ਵਿਚਾਰਾਂ ਨੂੰ ਜਨਮ ਦੇਂਦੇ ਹਨ ਉਹ ਬੱਚਿਆਂ ਨੂੰ ਜਨਮ ਨਹੀਂ ਦਿੰਦੇ । ਜੈ ਪ੍ਰਕਾਸ਼ ਜੀ ਦੀ ਸਾਰੀ ਉਮਰ ਦੇਸ਼ ਤੇ ਜਨਤਾ ਦੀ ਸੇਵਾ ਵਿਚ ਗੁਜ਼ਰੀ । ਪਹਿਲਾਂ ਪਹਿਲ ਉਹ ਸੋਸ਼ਲਿਜ਼ਮ ਦੀ ਫ਼ਿਲਾਸਫ਼ੀ ਅਨੁਸਾਰ ਮਜ਼ਦੂਰਾਂ ਦੇ ਲੀਡਰ ਬਣੇ, ਪਰ ਫਿਰ ਉਹਨਾਂ ਨੇ ਸੋਸ਼ਲਿਜ਼ਮ ਦੀ ਫ਼ਿਲਾਸਫ਼ੀ ਅਨੁਸਾਰ ਚੱਲ ਰਹੀ ਮਜ਼ਦੂਰ ਤਹਿਰੀਕ ਵਿਚ ਇਹ ਨੁਕਸ ਦੇਖਿਆ ਕਿ ਇਸ ਤਹਿਰੀਕ ਦੇ ਅਧੀਨ ਮਜ਼ਦੂਰ ਕੇਵਲ ਆਪਣੇ ਹਿੱਤਾਂ ਨੂੰ ਵੇਖਦਾ ਹੈ, ਭਾਵੇਂ ਉਹ ਲੋੜਵੰਦ ਹੈ ਭਾਵੇਂ ਨਹੀਂ ਤੇ ਮਾਲਕ ਦੇ ਹਿੱਤਾਂ ਵੱਲ ਨਹੀਂ ਤੱਕਦਾ ; ਪਰ ਸਰਵੋਦਯ ਦੀ ਫ਼ਿਲਾਸਫ਼ੀ ਸਰਬੱਤ ਦਾ ਭਲਾ ਮੰਗਦੀ ਹੈ ਭਾਵੇਂ ਮਜ਼ਦੂਰ ਹੋਵੇ ਭਾਵੇਂ ਮਾਲਕ । ਜੈ ਪ੍ਰਕਾਸ਼ ਜੀ ਦੇਸ਼ ਦੇ ਉੱਚ ਕੋਟੀ ਦੇ ਵਿਦਵਾਨ ਸਨ ਤੇ ਉੱਚ ਕੋਟੀ ਦੇ ਨੇਤਾ । ਦੇਸ਼ ਦੀ ਕੋਈ ਅਜਿਹੀ ਵੱਡੀ ਸਮੱਸਿਆ ਨਹੀਂ ਸੀ ਜਿਸ ਦੀ ਉਹਨਾਂ ਨੇ ਚਿੰਤਾ ਨਾ ਕੀਤੀ ਹੋਵੇ ਤੇ ਜਿਸ ਉੱਤੇ ਉਹ ਪੂਰਾ ਧਿਆਨ ਨਾ ਦੇਂਦੇ ਰਹੇ ਹੋਣ ।

ਪਿਛਲੇ ੧੫ ਸਾਲਾਂ ਵਿਚ ਬਿਹਾਰ ਪ੍ਰਾਂਤ ਵਿਚ ਦੋ ਵਾਰੀ ਜ਼ਬਰ-ਦਸਤ ਕਾਲ ਪਿਆ। ਇਹਨਾਂ ਦੋਹਾਂ ਕਾਲਾਂ ਦੇ ਅਵਸਰਾਂ ਉੱਤੇ ਜੈ ਪ੍ਰਕਾਸ਼ ਜੀ ਨੇ ਕਾਲ ਪੀੜਿਤ ਲੋਕਾਂ ਦੀ ਸਹਾਇਤਾ ਲਈ ਜੋ ਘਾਲਾਂ ਘਾਲੀਆਂ ਸਨ ਉਹਨਾਂ ਤੋਂ ਸਾਰੇ ਦੇਸ਼ ਵਾਸੀ ਜਾਣੂ ਹਨ । ਬਿਹਾਰ ਰਿਆਸਤ ਦੀ ਜਿਹੜੀ ਕਮੇਟੀ ਕਾਲ-ਪੀੜਿਤ ਲੋਕਾਂ ਦੀ ਸਹਾਇਤਾ ਲਈ ਬਣੀ ਉਸ ਦੇ ਉਹ ਪ੍ਰਧਾਨ ਸਨ ਤੇ ਉਹਨਾਂ ਨੇ ਉਸ ਕਾਰਜ ਲਈ ਦਿਨ ਰਾਤ ਇਕ ਕਰ ਕੇ ਕਾਲ-ਪੀੜਿਤਾਂ ਦੀ ਸਹਾਇਤਾ ਕੀਤੀ ।

ਉਹਨਾਂ ਕਾਲਾਂ ਦੇ ਦਿਨਾਂ ਵਿਚ ਜੈ ਪ੍ਰਕਾਸ਼ ਜੀ ਨੇ ਪੂਰੀ ਹਿੰਮਤ, ਮਿਹਨਤ ਤੇ ਲਗਨ ਨਾਲ ਦਾਨ ਨੂੰ ਜਥੇਬੰਦ ਕਰਨ ਦਾ ਕੰਮ ਕੀਤਾ । ਅਖ਼ਬਾਰਾਂ ਵਿਚ ਖ਼ਾਸ ਕਰਕੇ ਅੰਗਰੇਜ਼ੀ ਅਖ਼ਬਾਰਾਂ ਵਿਚ ਉਨ੍ਹਾਂ ਵੱਲੋਂ ਦਾਨ ਦੀਆਂ ਵੱਡੀਆਂ ਵੱਡੀਆਂ ਅਪੀਲਾਂ ਛਪਦੀਆਂ ਰਹਿੰਦੀਆਂ ਸਨ ਜਿਨ੍ਹਾਂ ਵਿਚ ਅਜਿਹੀਆਂ ਗੱਲਾਂ ਰੋਜ਼ ਹੁੰਦੀਆਂ ਸਨ ਕਿ ਹੁਣ ਤੁਹਾਡੇ ਪਾਸ ਇਸਤਰੀਆਂ ਲਈ ਕੇਵਲ ਇਤਨੀਆਂ ਧੋਤੀਆਂ ਰਹਿ ਗਈਆਂ ਹਨ । ਧੋਤੀਆਂ ਦੀ ਉਹ ਗਿਣਤੀ ਥੋੜ੍ਹੀ ਜਿਹੀ ਹੁੰਦੀ ਸੀ । ਆਪਣੀਆਂ ਉਨ੍ਹਾਂ ਦਾਨ ਦੀਆਂ ਅਪੀਲਾਂ ਵਿਚ ਜੈ ਪ੍ਰਕਾਸ਼ ਜੀ ਨੇ ਜਨਤਾ ਦਾ ਖ਼ਾਸ ਧਿਆਨ ਜਿਸ ਗੱਲ ਵੱਲ ਦਿਵਾਇਆ ਉਹ ਇਹ ਸੀ ਕਿ ਜੇਕਰ ਗਰਭਰਤੀ ਇਸਤਰੀਆਂ, ਦੁੱਧ

ਚੁੰਘਦੇ ਬੱਚਿਆਂ ਤੇ ਛੋਟੀ ਉਮਰ ਦੇ ਬਾਲਕਾਂ ਨੂੰ ਚੰਗੀ ਖ਼ੁਰਾਕ ਨਾ ਦਿੱਤੀ ਗਈ ਤਾਂ ਪੇਟ ਦੇ ਬੱਚਿਆਂ ਅਤੇ ਜੰਮ ਚੁੱਕੇ ਛੋਟੀ ਉਮਰ ਦੇ ਬੱਚਿਆਂ ਦੇ ਦਿਮਾਗ ਪੂਰੀ ਤਰ੍ਹਾਂ ਨਹੀਂ ਬਣ ਸਕਦੇ ਅਤੇ ਉਹ ਖ਼ਰਾਬ ਦਿਮਾਗ ਵਾਲੇ ਕਮਲੇ ਜਿਹੇ ਬੰਦੇ ਬਣਨਗੇ । ਉਹਨਾਂ ਨੇ ਦੱਸਿਆ ਸੀ ਕਿ ਅੰਨ ਸੰਕਟ ਦੀ ਮਾਰ ਹੇਠਾਂ ਆਏ ਹੋਏ ਛੋਟੀ ਉਮਰ ਦੇ ਮੁੰਡੇ ਕੁੜੀਆਂ ਦੀ ਗਿਣਤੀ ਬਿਹਾਰ ਵਿਚ ਇਕ ਕਰੋੜ ਦੇ ਕਰੀਬ ਹੈ ਤੇ ਜੇਕਰ ਉਹਨਾਂ ਨੂੰ ਗਿਜ਼ਾਅ ਵਾਲੀ ਪੌਸ਼ਟਿਕ ਖ਼ੁਰਾਕ ਨਾ ਮਿਲੀ ਤਾਂ ਉਹਨਾਂ ਦੇ ਦਿਮਾਗ਼ਾਂ ਦੀ ਬਣਤਰ 'ਤੇ ਬਹੁਤ ਬੁਰਾ ਅਸਰ ਪਵੇਗਾ । ਉਹਨਾਂ ਨੇ ਲਿਖਿਆ ਸੀ ਕਿ ਜੇ ਦੇਸ਼ ਦੀ ੫੫ ਕਰੋੜ ਅਬਾਦੀ ਵਿਚ ਭੁੱਖ ਦੀ ਮਾਰ ਹੇਠ ਆਏ ਹੋਏ ਬੱਚਿਆਂ ਦੇ ਕਾਰਨ ਦਿਮਾਗ਼ੀ ਖ਼ਰਾਬੀ ਵਾਲੇ ਬੰਦਿਆਂ ਦੀ ਗਿਣਤੀ ਇਕ ਕਰੋੜ ਹੋਰ ਵਧ ਗਈ ਤਾਂ ਦੇਸ਼ ਲਈ ਬਹੁਤ ਹਾਨੀਕਾਰਕ ਗੱਲ ਹੋਵੇਗੀ। ਬੱਚੇ ਦਾ ਦਿਮਾਗ਼ ੧੨ ਸਾਲ ਦੀ ਉਮਰ ਵਿਚ ਪੂਰਾ ਬਣਦਾ ਹੈ ਤੇ ਇਸ ਉਮਰ ਤਕ ਉਸ ਨੂੰ ਬਹੁਤ ਚੰਗੀ ਖ਼ੁਰਾਕ ਮਿਲਣੀ ਚਾਹੀਦੀ ਹੈ ।

ਪਿਛਲੇ ਕਾਲ ਦੇ ਦਿਨਾਂ ਵਿਚ ਅਮਰੀਕਾ ਦੇਸ਼ ਵਿਚ ਵੀ ਬਹੁਤ ਚਰਚਾ ਉਹਨਾਂ ਕਾਲਾਂ ਦਾ ਹੋਇਆ । ਉਸ ਦੇਸ਼ ਵਿਚ ਵੀ ਕਾਲਜਾਂ ਦੇ ਮੁੰਡਿਆਂ ਨੇ ਬਿਹਾਰ ਦੇ ਕਾਲ-ਪੀੜਿਤਾਂ ਦੀ ਸਹਾਇਤਾ ਲਈ ਇਕ ਡੰਗ ਦੇ ਵਰਤ ਰੱਖਣੇ ਸ਼ੁਰੂ ਕੀਤੇ । ਯੂਰਪ ਦੇ ਦੇਸ਼ਾਂ ਵਿਚ ਵੀ ਉਹਨਾਂ ਕਾਲਾਂ ਦਾ ਚਰਚਾ ਹੋਇਆ ਤੇ ਕੁਝ ਦੇਸ਼ਾਂ ਦੇ ਸਕੂਲਾਂ ਦੇ ਵਿਦਿਆਰਥੀ ਇਕ ਡੰਗ ਦਾ ਵਰਤ ਰੱਖਣ ਦੀ ਹੱਦ ਤਕ ਗਏ । ਕਿਸੇ ਦੇਸ਼ ਵਿਚ ਕੋਈ ਸੰਕਟ ਆਵੇ ਤੇ ਉਸ ਸੰਕਟ ਦੇ ਦੁੱਖ ਨੂੰ ਦੂਜੇ ਦੇਸ਼ਾਂ ਦੇ ਬੰਦੇ ਮਹਿਸੂਸ ਕਰਨ ਤੇ ਉਸ ਨੂੰ ਦੂਰ ਕਰਨ ਲਈ ਵਰਤ ਰੱਖ ਕੇ ਮਾਇਆ ਬਚਾਉਣ ਦੀ ਹੱਦ ਤਕ ਜਾਣ ਇਹ ਚੰਗੀ ਗੱਲ ਹੈ ; ਪਰ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਦੂਜੇ ਦੇਸ਼ਾਂ ਦੇ ਬੰਦੇ ਬਿਹਾਰ ਦੇ ਕਾਲ ਪੀੜਿਤ ਬੰਦਿਆਂ ਦੀ ਸਹਾਇਤਾ ਲਈ ਵਰਤ ਰੱਖਣ ਦੀ ਹੱਦ ਤਕ ਕਿਉਂ ਗਏ । ਉਹਨਾਂ ਨੂੰ ਜੋ ਖ਼ਬਰਾਂ ਬਿਹਾਰ ਦੇ ਕਾਲ ਪੀੜਿਤ ਬੰਦਿਆਂ ਦੀਆਂ ਪੁੱਜੀਆਂ ਉਹ ਕਿਹੋ ਜਿਹੀਆਂ ਖ਼ਬਰਾਂ ਸਨ ; ਉਹੋ ਜਿਹੀਆਂ ਖ਼ਬਰਾਂ ਪੁੱਜਣੀਆਂ ਚਾਹੀਦੀਆਂ ਸਨ ਜਾਂ ਨਹੀਂ । ਕੀ ਉਹ ਖ਼ਬਰਾਂ ਭਾਰਤ ਵਾਸਤੇ ਲੱਜਾਜਨਕ ਤਾਂ ਨਹੀਂ ਸਨ ? ਕੋਈ ਦੇਸ਼ ਕਿਸੇ ਦੂਜੇ ਦੇਸ਼ ਦੇ ਅੰਨ ਸੰਕਟ ਦੀ ਖ਼ਬਰ ਸੁਣ ਕੇ ਰਿਵਾਜਣ ਵੀ ਉਸ ਦੇਸ਼ ਨੂੰ ਮਾਇਆ ਭੇਜ ਸਕਦਾ ਹੈ ਪਰ ਗੱਲ ਤਾਂ ਇਹ ਹੈ ਕਿ ਆਪਣੇ ਸੰਕਟ ਦੇ ਵੇਲੇ ਜਿਸ ਗੱਲ ਨੂੰ ਕਿਸੇ ਦੇਸ਼ ਦੇ ਬੰਦਿਆਂ ਨੇ ਸੋਚਣਾ



ਹੁੰਦਾ ਹੈ ਉਹ ਇਹ ਹੁੰਦੀ ਹੈ ਕਿ ਉਸ ਦੇਸ਼ ਦੀ ਤਰਸਯੋਗ ਹਾਲਤ ਦੂਸਰੇ ਦੇਸ਼ਾਂ ਨੂੰ ਨਾ ਜਾਵੇ ਤੇ ਨਾ ਹੀ ਤਰਸਯੋਗ ਹਾਲਾਤ ਪੈਦਾ ਹੋਣ ਦਿੱਤੀ ਜਾਵੇ। ਪਰ ਇਸ ਸੰਕਟ ਦੇ ਵੇਲੇ ਜਿਹੜੀਆਂ ਖ਼ਬਰਾਂ ਤੇ ਤਸਵੀਰਾਂ ਦੂਜੇ ਦੇਸ਼ਾਂ ਨੂੰ ਗਈਆਂ ਉਨ੍ਹਾਂ ਵਿਚ ਬਿਹਾਰ ਵਾਸੀਆਂ ਦੀ ਬਹੁਤ ਦੁਰਦਸ਼ਾ ਦਰਸਾਈ ਗਈ ਸੀ ਜਿਵੇਂ ਸਾਰਾ ਹਿੰਦੁਸਤਾਨ ਹੀ ਕੰਗਾਲ ਹੋਵੇ ਤੇ ਉਸ ਵਿਚ ਉਹਨਾਂ ਨੂੰ ਐਨੇ ਭੁੱਖ ਨਾਲ ਮਰ ਰਹੇ ਵਿਖਾਇਆ ਗਿਆ ਸੀ ਜਿਵੇਂ ਸਾਰਾ ਭਾਰਤ ਹੀ ਉਹਨਾਂ ਦੀ ਸਹਾਇਤਾ ਕਰਕੇ ਉਨ੍ਹਾਂ ਨੂੰ ਬਚਾਉਣ ਤੋਂ ਅਸਮਰਥ ਹੋਵੇ । ਉਸ ਭਿਆਨਕ ਇਤਿਹਾਸਕ ਅੰਨ-ਸੰਕਟ ਵਿਚ ਸਭ ਤੋਂ ਭੈੜੀ ਸ਼ਰਮ ਵਾਲੀ ਗੱਲ ਵੇਖਣ ਵਿਚ ਇਹ ਆਈ ਸੀ ਕਿ ਰਾਜਸੀ ਬੰਦੇ ਆਪਣੇ ਰਾਜਸੀ ਝਗੜਿਆਂ ਤੇ ਪ੍ਰਲੋਭਣਾਂ ਵਿਚ ਪਏ ਰਹੇ ਸਨ ਤੇ ਉਨ੍ਹਾਂ ਨੇ ਕੋਈ ਫ਼ਿਕਰ ਬਿਹਾਰ ਦੇ ਕਾਲ-ਪੀੜਿਤਾਂ ਲਈ ਨਹੀਂ ਕੀਤਾ ਸੀ । ਉਸ ਕਾਲ ਤੋਂ ਪਿੱਛੋਂ ਦੇਸ਼ ਦੇ ਪ੍ਰਸਿੱਧ ਵਿਦਵਾਨ ਸਵਰਗਵਾਸੀ ਸ੍ਰੀ ਐਚ.ਵੀ.ਆਰ ਆਇੰਗਰ ਨੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਦੇ ਇਕ ਲੇਖ ਵਿਚ ਲਿਖਿਆ ਸੀ ਕਿ ਬਿਹਾਰ ਦੇ ਜੋ ਬੰਦੇ ਅੰਨ-ਸੰਕਟ ਵਿਚ ਮਰੇ ਉਹ ਨਹੀਂ ਮਰਨੇ ਚਾਹੀਦੇ ਸਨ ਤੇ ਬਿਹਾਰ ਦੇ ਕਰੋੜ ਡੇਢ ਕਰੋੜ ਕਾਲ-ਪੀੜਿਤਾਂ ਨੂੰ ਭੁੱਖ ਤੋਂ ਬਚਾਉਣਾ ਦੇਸ਼ ਦੀ ਸਾਰੀ ਜਨਤਾ ਲਈ ਕੋਈ ਔਖਾ ਕੰਮ ਨਹੀਂ ਸੀ । ਉਸ ਨੇ ਦਲੀਲ ਦਿੱਤੀ ਸੀ ਕਿ ਜੇ ੫੦ ਬੰਦੇ ਰੋਟੀ ਖਾ ਰਹੇ ਹੋਣ ਤੇ ਉਨ੍ਹਾਂ ਸਾਹਮਣੇ ਇਕ ਭੁੱਖਾ ਬੰਦਾ ਆ ਜਾਵੇ ਤਾਂ ਉਨ੍ਹਾਂ ਲਈ ਇਕ ਭੁੱਖੇ ਲਈ ਰੋਟੀ ਕੱਢਣੀ ਕੋਈ ਔਖੀ ਗੱਲ ਨਹੀਂ ਹੁੰਦੀ । ਬਿਹਾਰ ਦੇ ਕਾਲ-ਪੀੜਿਤਾਂ ਦੀ ਔਸਤ ੫੦ ਬੰਦਿਆਂ ਪਿੱਛੇ ਇਕ ਦੀ ਬਣਦੀ ਸੀ । ਉਸ ਨੇ ਹਿਸਾਬ ਲਾਇਆ ਸੀ ਕਿ ਬਿਹਾਰ ਦੇ ਕਾਲ-ਪੀੜਿਤਾਂ ਦੀ ਜੋ ਗਿਣਤੀ ਹੈ ਉਸ ਗਿਣਤੀ ਅਨੁਸਾਰ ਦੇਸ਼ ਦੇ ੫੦ ਭੁੱਖੇ ਬੰਦਿਆਂ ਵਿਚੋਂ ਇਕ ਭੁੱਖਾ ਬਣਦਾ ਹੈ। ਭਾਰਤ ਦੇ ਜੋ ੫੦ ਬੰਦੇ ਇਕ ਭੁੱਖੇ ਨੂੰ ਰੋਟੀ ਨਹੀਂ ਦੇ ਸਕੇ ਤਾਂ ਉਹ ਨਿਰਦਈ ਬੰਦੇ ਸਾਬਿਤ ਹੁੰਦੇ ਹਨ । ਭਾਰਤ ਦੇ ਬੰਦੇ ਨਿਰਦਈ ਨਹੀਂ ਹਨ, ਉਹ ਦਇਆਵਾਨ ਹਨ, ਮਾਇਆ ਦੀ ਬੱਚਤ ਕਰਨ ਨੂੰ ਤਿਆਰ ਹੋ ਸਕਦੇ ਸਨ ਪਰ ਅਜਿਹਾ ਤਾਂ ਹੁੰਦਾ ਜੇ ਕੋਈ ਉਹਨਾਂ ਨੂੰ ਕਾਲ-ਪੀੜਿਤਾਂ ਦਾ ਹਾਲ ਦੱਸਦਾ । ਸਵਾਲ ਤਾਂ ਇਹ ਸੀ ਕਿ ਉਹਨਾਂ ਨੂੰ ਕਾਲ-ਪੀੜਿਤਾਂ ਦਾ ਹਾਲ ਦੱਸਿਆ ਜਾਂਦਾ ; ਪਰ ਦੱਸਦਾ ਕੌਣ ? ਭਾਰਤ ਦੇ ਬੰਦਿਆਂ ਨੇ ਆਪਣੇ ਦੇਸ਼ ਦੇ ਸੰਕਟਾਂ ਦਾ ਪਤਾ ਦੇਸ਼ ਵਾਸੀਆਂ ਨੂੰ ਦੇਣ ਲਈ ਸਾਰੀ ਗੱਲ ਅਖ਼ਬਾਰ 'ਤੇ ਛੱਡੀ ਹੋਈ ਸੀ । ਪਰ ਕੇਵਲ ਅਖ਼ਬਾਰਾਂ 'ਤੇ ਇਹ ਗੱਲ ਨਹੀਂ ਛੱਡੀ ਜਾ

ਸਕਦੀ ; ਕਿਉਂਕਿ ਦੇਸ਼ ਦੇ ੧੦੦ ਬੰਦਿਆਂ ਵਿਚੋਂ ੭੦ ਬੰਦੇ ਤਾਂ ਅੱਗੇ ਹੀ ਅਨਪੜ੍ਹ ਹਨ ਜਿਨ੍ਹਾਂ ਨੇ ਅਖ਼ਬਾਰ ਪੜ੍ਹਨੀ ਹੀ ਨਹੀਂ । ਪਿੰਡਾਂ ਵਿਚ ੧੦੦ ਬੰਦੇ ਵਿਚੋਂ ਦੋ ਹੀ ਬੰਦੇ ਅਖ਼ਬਾਰ ਪੜ੍ਹਦੇ ਹੋਣਗੇ ਤੇ ਸ਼ਹਿਰਾਂ ਵਿਚ ੧੦੦ ਵਿਚੋਂ ਦਸ । ਫਿਰ ਜਿਹੜੇ ਅਖ਼ਬਾਰ ਖ਼ਰੀਦਦੇ ਹਨ ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਅਖ਼ਬਾਰ ਵਿਚੋਂ ਸਾਰੇ ਲੇਖਾਂ ਨੂੰ ਪੜ੍ਹਦਾ ਹੈ । ਨਹੀਂ ਤਾਂ ਲੋਕੀਂ ਸਰਸਰੀ ਨਿਗ੍ਹਾ ਹੀ ਅਖ਼ਬਾਰਾਂ 'ਤੇ ਮਾਰਦੇ ਹਨ । ਬਹੁਤਿਆਂ ਨੇ ਵਿਖਾਵੇ ਵਾਸਤੇ ਹੀ ਅਖ਼ਬਾਰ ਰੱਖੇ ਹੁੰਦੇ ਹਨ। ਇਹ ਕੰਮ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਸਤਾ ਹੀ ਕੇਵਲ ਇਕੋ ਇਕ ਰਸਤਾ ਹੈ । ਇਸੇ ਰਸਤੇ ਨੂੰ ਸਵਾਮੀ ਸ੍ਰੀ ਸ਼ੰਕਰਾ ਆਚਾਰੀਆ ਨੇ ਅਪਨਾਇਆ ਸੀ । ਏਸੇ ਰਸਤੇ ਨੂੰ ਵਿਨੋਬਾ ਭਾਵੇ ਨੇ ਅਪਨਾਇਆ ਸੀ। ਮੈਂ ਜਦੋਂ ਪੜ੍ਹਦਾ ਸਾਂ ਤਾਂ ਮੈਂ ਸੁਪਨਾ ਲਿਆ ਸੀ ਕਿ ਮੈਂ ਸਾਰੀ ਉਮਰ ਸਕੂਲਾਂ ਵਿਚ ਪ੍ਰਚਾਰ ਕਰਦਾ ਗੁਜ਼ਾਰਾਂ ; ਪਰ ਹੁਣ ਤਾਂ ਪਿੰਗਲਵਾੜੇ ਵੱਲੋਂ ਤਿੰਨ ਪਰਚੇ (ਹਿੰਦੀ, ਅੰਗਰੇਜ਼ੀ ਤੇ ਪੰਜਾਬੀ) ਛਪਦੇ ਹਨ ਮੈਂ ਤਾਂ ਪ੍ਰਚਾਰ ਦਾ ਹੜ੍ਹ ਵਗਾਉਣ ਲਈ ਇਸ਼ਤਿਹਾਰ ਛਾਪ ਰਿਹਾ ਹਾਂ । ਜਿਹੜੇ ਪੰਜਾਬੀ ਹਿੰਦੀ ਤੇ ਅੰਗਰੇਜ਼ੀ ਵਿਚ ਛਪਦੇ ਹਨ—ਉਹ ਰੇਲਵੇ ਸਟੇਸ਼ਨ, ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ), ਮੇਲਿਆਂ ਤੇ ਗੁਰਪੁਰਬਾਂ ਦੇ ਅਵਸਰਾਂ 'ਤੇ ਵੰਡੇ ਜਾ ਰਹੇ ਹਨ । ਅਨੇਕਾਂ ਸੇਵਾਦਾਰ ਪਿੰਡਾਂ, ਕਸਬਿਆਂ ਵਿਚ ਥਾਂ ਥਾਂ 'ਤੇ ਇਹਨਾਂ ਇਸ਼ਤਿਹਾਰਾਂ ਨੂੰ ਵੰਡ ਰਹੇ ਹਨ । ਬਿਹਾਰ ਅੰਨ ਸੰਕਟ ਦੇ ਸੰਬੰਧ ਵਿਚ ਮੇਰੇ ਵੱਲੋਂ ਛਪੇ ਇਸ਼ਤਿਹਾਰ ਨੂੰ ਪੜ੍ਹ ਕੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਨੇ ਬਿਹਾਰ ਅੰਨ-ਸੰਕਟ ਦੀ ਸਹਾਇਤਾ ਲਈ ੫੦,੦੦੦ ਰੁਪਇਆ ਪਾਸ ਕਰ ਦਿੱਤਾ ਸੀ । ਮਾਇਆ ਲੋੜ ਅਨੁਸਾਰ ਇਕੱਠੀ ਹੋ ਸਕਦੀ ਹੈ ਪਰ ਜੇ ਕੋਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ 'ਤੇ ਤੁਰੇ ਤੇ ੨੪-੨੪ ਸਾਲਾਂ ਦੇ ਲੰਮੇ ਸਮੇਂ ਤੋਂ ਪੈਦਲ ਪੈਂਡੇ ਕਰਦਾ ਹੋਇਆ ਲੋਕਾਂ ਦੇ ਬੂਹਿਆਂ ਅੱਗੇ ਜਾਵੇ ।

ਸੰਨ ੧੯੫੯-੬੦ ਦੀਆਂ ਸਰਦੀਆਂ ਵਿਚ ਮੈਂ ਗੁਰਦੁਆਰਾ ਰਕਾਬ ਗੰਜ ਸਾਹਿਬ ਦਿੱਲੀ ਵਿਖੇ ਤਿੰਨ ਮਹੀਨੇ ਜੋੜਿਆਂ ਦੀ ਸੇਵਾ ਕੀਤੀ ਸੀ। ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਉੱਥੇ ਠਹਿਰਿਆ ਕਰਦੇ ਸਨ। ਇਕ ਵਾਰੀ ਮੇਰੇ ਨਾਲ ਮੇਰਾ ਸੈਕਟਰੀ ਸੰਸਕ੍ਰਿਤ ਪੜ੍ਹਿਆ ਸ਼ਾਸਤਰੀ ਸੀ, ਉਹ ਹਿੰਦੀ ਲਿਖ ਸਕਦਾ ਸੀ ; ਇਸ ਲਈ ਮੈਂ ਉਸ ਕੋਲੋਂ ਹਿੰਦੀ ਵਿਚ ਹੇਠ ਲਿਖੇ ਸ਼ਬਦ ਲਿਖਵਾਏ ਤੇ ਮਾਲਾ ਫੇਰ ਰਹੇ ਮਾਸਟਰ ਜੀ ਨੂੰ ਦਰਖ਼ਾਸਤ ਵਿਖਾਈ।



ਉਸ ਨੇ ਮੇਰੇ ਵੱਲੋਂ ਮਾਸਟਰ ਜੀ ਨੂੰ ਹਿੰਦੀ ਵਿਚ ਲਿਖ ਕੇ ਦਰਖ਼ਾਸਤ ਦਿੱਤੀ ਕਿ ਜਿਸ ਬੂਹੇ ਅੱਗੇ ਭਗਤ ਪੂਰਨ ਸਿੰਘ ਦਾਨ ਲੈਣ ਜਾਵੇ। ਮੈਨੂੰ ਵੀ ਉਸ ਬੂਹੇ ਅੱਗੇ ਭਗਤ ਦੇ ਨਾਲ ਖਲੋਤਾ ਗਿਣਿਆ ਜਾਵੇ , ਮੈਂ ਕਿਹਾ ਕਿ ਮਾਸਟਰ ਜੀ ਸ਼ਬਦ ਹਿੰਦੀ ਵਿਚ ਹਨ, ਹਿੰਦੀ ਵਿਚ ਦਸਤਖ਼ਤ ਕਰੋਗੇ ? ਮਾਸਟਰ ਜੀ ਨੇ ਕਿਹਾ ਕਿ ਤੂੰ ਹਿੰਦੀ ਦੀ ਗੱਲ ਕਰਦਾ ਹੈਂ ਮੈਂ ਤਾਂ ਸੰਸਕ੍ਰਿਤ ਪੜ੍ਹਿਆ ਹੋਇਆ ਹਾਂ।

ਮੈਂ ਹਿੰਦੀ ਵਿਚ ਦਸਤਖ਼ਤ ਕਰ ਸਕਦਾ ਹਾਂ । ਉਹਨਾਂ ਨੇ ਹਿੰਦੀ ਵਿਚ ਬੜੀ ਖ਼ੁਸ਼ੀ ਨਾਲ ਦਸਤਖ਼ਤ ਕਰ ਦਿੱਤੇ। ਇਕ ਵਾਰੀ ਜਦੋਂ ਮਾਸਟਰ ਜੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ ਤਾਂ ਮੈਂ ਪਿੰਗਲਵਾੜੇ ਦੀ ਇਮਾਰਤ ਦਾ ਮਸਲਾ ਲੈ ਕੇ ਉਨ੍ਹਾਂ ਕੋਲ ਗਿਆ ਸਾਂ । ਮੈਂ ਇਹ ਮੰਗ ਕੀਤੀ ਸੀ ਕਿ ਜਿਸ ਇਮਾਰਤ ਵਿਚ ਅਸੀਂ ਰਹਿੰਦੇ ਹਾਂ ਉਹ ਇਕ ਸਿਨੇਮੇ ਦੀ ਇਮਾਰਤ ਹੈ, ਉਸ ਦੀ ਬੋਲੀ ਹੋਣ ਵਾਲੀ ਹੈ । ਬੋਲੀ ਹੋਣ ਪਿੱਛੋਂ ਅਪਾਹਿਜਾਂ ਨੂੰ ਉਸ ਵਿਚੋਂ ਕੱਢਿਆ ਜਾਵੇਗਾ । ਤੁਸੀਂ ਦਰਬਾਰ ਸਾਹਿਬ ਵੱਲੋਂ ਉਸ ਦੀ ਬੋਲੀ ਦੇ ਕੇ ਉਸ ਨੂੰ ਖ਼ਰੀਦ ਲਵੋ ਅਤੇ ਸਾਨੂੰ ਵਰਤਣ ਦੇ ਲਈ ਦੇ ਦਿਉ। ਮਾਸਟਰ ਜੀ ਨੇ ਉਹ ਰਕਮ ਪਾਸ ਕਰ ਦਿੱਤੀ ; ਪਰ ਮਾਸਟਰ ਜੀ ਨੇ ਕਿਹਾ ਕਿ ਇਹ ਇਮਾਰਤ ਛੋਟੀ ਹੈ ਤੇ ਅਸੀਂ ਲੱਖਾਂ ਰੁਪਏ ਦੀ ਇਮਾਰਤ ਗੁਰਦੁਆਰਾ ਸ਼ਹੀਦ ਗੰਜ ਸ਼ਹੀਦ ਬਾਬਾ ਦੀਪ ਸਿੰਘ ਦੇ ਸਾਹਮਣੇ ਪਿੰਗਲਵਾੜੇ ਲਈ ਬਣਵਾ ਕੇ ਦੇਵਾਂਗੇ । ਪਰ ਮੈਂ ਹਸਪਤਾਲ ਦੇ ਲਾਗੇ ਆਪਣੇ ਡੇਰੇ ਨੂੰ ਰੱਖਣਾ ਚਾਹੁੰਦਾ ਸਾਂ ਇਸ ਲਈ ਮੈਂ ਮਾਸਟਰ ਜੀ ਦੀ ਉਹ ਇੱਛਿਆ ਪੂਰੀ ਨਹੀਂ ਹੋਣ ਦਿੱਤੀ ਸੀ ਭਾਵੇਂ ਉਹ ਮਤਾ ਸ਼੍ਰੋਮਣੀ ਕਮੇਟੀ ਵਿਚ ਚਾਰ ਸਾਲਾਂ ਲਈ ਪਾਸ ਹੁੰਦਾ ਗਿਆ ਸੀ। ਇਹ ਹੈ ਹਿੰਦੁਸਤਾਨ ਦੇ ਬੰਦਿਆਂ ਦੀ ਦਇਆ ਭਾਵਨਾ ਦਾ ਇਕ ਸਬੂਤ । ਜਿਹੜੀਆਂ ਮਾਵਾਂ ਬੱਚਿਆਂ ਨੂੰ ਦੁੱਧ ਚੁੰਘਾ ਰਹੀਆਂ ਹਨ ਉਹ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਤੇ ਸਵਰਗੀ ਸ਼ੰਕਰਾਅਚਾਰੀਆ ਦੀਆਂ ਪੈਦਲ ਤੁਰਨ ਵਾਲੀਆਂ ਸਾਖੀਆਂ ਸੁਣਾ ਕੇ ਪਾਲਣ। ਜੇਕਰ ਬਿਹਾਰ ਦੇ ਅੰਨ-ਸੰਕਟ ਦੇ ਵੇਲੇ ਬਹੁਤ ਸਾਰੇ ਬੰਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ 'ਤੇ ਤੁਰਨ ਵਾਲੇ ਹੁੰਦੇ ਤਾਂ ਬਿਹਾਰ ਵਿਚ ਨਾ ਕੋਈ ਭੁੱਖ ਨਾਲ ਮਰਦਾ, ਨਾ ਪੀਲਾ ਹੋ ਕੇ ਪੀਲੀਏ ਨਾਲ ਮਰਦਾ । ਕੇਵਲ ਜੈ ਪ੍ਰਕਾਸ਼ ਨਾਰਾਇਣ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਸ਼ੰਕਰਾਅਚਾਰੀਆ ਦੇ ਪੂਰਨਿਆਂ 'ਤੇ ਚੱਲਣ ਵਾਲਾ ਨਿਕਲਿਆ ।

ਕਿਸੇ ਦੇਸ਼ ਦੇ ਅੰਨ-ਸੰਕਟ ਨੂੰ ਕਿਸੇ ਦੂਜੇ ਦੇਸ਼ ਦੇ ਬੰਦੇ ਕਿੱਥੋਂ ਤਕ ਅਨੁਭਵ ਕਰ ਸਕਦੇ ਹਨ ਤੇ ਉਸ ਨੂੰ ਦੂਰ ਕਰਨ ਲਈ ਯਤਨ ਕਰ ਸਕਦੇ ਹਨ ਇਸ ਗੱਲ ਦਾ ਇਕ ਸਬੂਤ ਇਕ ਮੁਸਲਮਾਨ ਦੇਸ਼ ਓਮਾਨ ਦੇ ਬੰਦੇ ਨੇ ਬਿਹਾਰ ਦੇ ਉਸ ਅੰਨ-ਸੰਕਟ ਦੇ ਵੇਲੇ ਦਿੱਤਾ । ਉਸ ਬੰਦੇ ਨੇ ਬਿਹਾਰ ਵਿਚ ਪੁੱਜ ਕੇ ਬਿਹਾਰ ਦੇ ਜੁਲਾਹਿਆਂ ਦਾ ਹੱਥ ਦਾ ਬੁਣਿਆ ਹੋਇਆ ਬਹੁਤ ਵੱਡੀ ਰਕਮ ਦਾ ਕੱਪੜਾ ਜੋ ਸ਼ਾਇਦ ਲੱਖਾਂ ਰੁਪਏ ਦਾ ਹੋਵੇ ਆਪਣੇ ਦੇਸ਼ ਨੂੰ ਲੈ ਜਾਣ ਲਈ ਖ਼ਰੀਦਿਆ । ਇਸ ਢੰਗ ਨਾਲ ਉਸ ਨੇ ਬਿਹਾਰ ਦੇ ਕਾਲ-ਪੀੜਿਤ ਬੰਦਿਆਂ ਦੀ ਸਹਾਇਤਾ ਕੀਤੀ ਜਿਹੜਾ ਢੰਗ ਭਾਰਤ ਦੇ ਕਿਸੇ ਬੰਦੇ ਨੂੰ ਨਾ ਸੁਝਿਆ । ਇਹੋ ਇਕੋ ਇਕ ਢੰਗ, ਜਿਸ ਨਾਲ ਦੁਨੀਆਂ ਵਿਚ ਗ਼ਰੀਬ ਬੇਕਾਰ ਬੰਦਿਆਂ ਨੂੰ ਰੋਜ਼ਗਾਰ ਮਿਲ ਸਕਦਾ ਹੈ ਤੇ ਉਹ ਭੁੱਖੇ ਮਰਨ ਤੋਂ ਬਚ ਸਕਦੇ ਹਨ । ਕਾਲ ਦੇ ਦਿਨਾਂ ਵਿਚ ਸ੍ਰੀ ਜੈ ਪ੍ਰਕਾਸ਼ ਜੀ ਨੇ ਲਿਖਿਆ ਸੀ ਕਿ ਜਦੋਂ ਉਹ ਦਿੱਲੀ ਵਰਗੇ ਸ਼ਹਿਰਾਂ ਨੂੰ ਜਾਂਦੇ ਹਨ ਤਾਂ ਉਹਨਾਂ ਨੂੰ ਬੜਾ ਦੁੱਖ ਹੁੰਦਾ ਹੈ । ਪਤਾ ਲੱਗਦਾ ਹੈ ਕਿ ਦਿੱਲੀ ਵਰਗੇ ਸ਼ਹਿਰਾਂ ਵਿਚ ਉੱਚੀਆਂ ਜਮਾਤਾਂ ਦੇ ਬੰਦੇ ਕਿਸ ਤਰ੍ਹਾਂ ਬਿਹਾਰ ਦੇ ਲੋਕਾਂ ਦੀ ਭੁੱਖ ਤੋਂ ਬੇ-ਖ਼ਬਰ ਹਨ । ਉਹ ਬਿਹਾਰ ਦੇ ਲੋਕਾਂ ਦੇ ਘੋਰ ਸੰਕਟ ਤੋਂ ਆਪਣੀ ਘੋਰ ਅਗਿਆਨਤਾ ਦਾ ਪ੍ਰਗਟਾਵਾ ਕਰ ਰਹੇ ਹਨ । ਉਹਨਾਂ ਨੇ ਲਿਖਿਆ ਸੀ ਕਿ ਅਮੀਰ ਬੰਦਿਆਂ ਨੇ ਆਪਣੇ ਦੋਸਤਾਂ ਮਿੱਤਰਾਂ ਤੇ ਵਾਕਿਫ਼ਾਂ ਨੂੰ ਸੱਦਿਆ ਹੁੰਦਾ ਹੈ ਤੇ ਉਹਨਾਂ ਨੂੰ ਬਹੁਤ ਮਹਿੰਗੀਆਂ ਮਿਠਿਆਈਆਂ ਵਾਲੇ ਖਾਣੇ ਖੁਆ ਰਹੇ ਹੁੰਦੇ ਹਨ । ਖਾਣਾ ਖਾਣ ਵਾਲੇ ਇਕੱਠਾਂ ਨੂੰ ਖਾਣਾ ਪਾਰਟੀਆਂ ਕਿਹਾ ਜਾਂਦਾ ਹੈ । ਇਕ ਉਨ੍ਹਾਂ ਨੇ ਘਿਓ, ਖੰਡ ਤੇ ਮੈਦਾ ਉਜਾੜਿਆ ਹੁੰਦਾ ਹੈ । ਫਿਰ ਇੱਥੇ ਹੀ ਬਸ ਨਹੀਂ ਉਹਨਾਂ ਮਿਠਿਆਈਆਂ ਨੂੰ ਖਾਣ ਵਾਲਿਆਂ ਨੇ ਬੜੀ ਬੇਪਰਵਾਹੀ ਨਾਲ ਜੂਠ ਛੱਡੀ ਹੁੰਦੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਬਿਹਾਰ ਦੇ ਅੰਨ-ਸੰਕਟ ਤੋਂ ਬਿਲਕੁੱਲ ਬੇਖ਼ਬਰ ਹਨ ਜਾਂ ਬੇਪਰਵਾਹ ਹਨ ।

ਦੇਸ਼ ਦੀ ਅਬਾਦੀ ਉਸ ਅੰਨ ਸੰਕਟ ਸਮੇਂ ੫੫ ਕਰੋੜ ਸੀ। ਏਨੀ ਅਬਾਦੀ ਨੂੰ ਸਨਮੁੱਖ ਰੱਖਦਿਆਂ ਹੋਇਆਂ ਉਸ ਕਾਲ ਦੇ ਪਿੱਛੋਂ ਦੇਸ਼ ਦੇ ਪ੍ਰਸਿੱਧ ਵਿਦਵਾਨ ਸਵਰਗਵਾਸੀ ਐਚ.ਵੀ.ਆਰ. ਆਇੰਗਰ ਨੇ ਰੋਜ਼ਾਨਾ ਅੰਗੇਰਜ਼ੀ ਅਖ਼ਬਾਰ ਇੰਡੀਅਨ ਐਕਸਪ੍ਰੈਸ ਵਿਚ ਲਿਖਿਆ ਸੀ ਕਿ ੫੫ ਕਰੋੜ ਦੀ ਅਬਾਦੀ ਦੇ ਹੁੰਦਿਆਂ ਕਾਲ ਦੀ ਮਾਰ ਹੇਠ ਆਏ ਕਰੋੜ ਡੇਢ ਕਰੋੜ ਬੰਦਿਆਂ ਨੂੰ ਭੁੱਖੇ ਮਰਨ ਤੋਂ ਬਚਾਉਣਾ ਕੋਈ ਵੱਡੀ ਗੱਲ ਨਹੀਂ ਸੀ । ਉਸ ਨੇ ਲਿਖਿਆ



ਸੀ ਕਿ ਭਾਰਤ ਦੇ ਬੰਦੇ ਦਇਆਵਾਨ ਹਨ । ਜੇਕਰ ਉਹਨਾਂ ਨੂੰ ਉਸ ਸੰਕਟ ਦੇ ਦਿਨਾਂ ਵਿਚ ਸੰਕਟ ਦੀ ਮਾਰ ਹੇਠਾਂ ਆਏ ਹੋਏ ਭੈਣਾਂ-ਭਰਾਵਾਂ ਦੀ ਖ਼ਾਤਰ ਦਾਨ ਦੇਣ ਲਈ ਕਿਹਾ ਜਾਂਦਾ, ਵਰਤ ਰੱਖ ਕੇ ਅੰਨ ਬਚਾਉਣ ਲਈ ਕਿਹਾ ਜਾਂਦਾ ਤਾਂ ਉਹ ਬੜੀ ਖ਼ੁਸ਼ੀ ਨਾਲ ਅਜਿਹਾ ਕਰਦੇ, ਪਰ ਦੇਸ਼ ਦੇ ਬਾਕੀ ਦੇ ਹਿੱਸੇ ਦੇ ਬੰਦਿਆਂ ਨੂੰ ਇਹ ਗੱਲ ਨਾ ਦੱਸੀ ਗਈ ਜਿਸ ਕਰਕੇ ਭਾਰਤ ਦੀ ਬਹੁਤ ਬੇ-ਪਤੀ ਅਮਰੀਕਾ ਤੇ ਯੂਰਪ ਦੇ ਦੇਸ਼ਾਂ ਵਿਚ ਉਹਨਾਂ ਕਾਲਾਂ ਦੇ ਦਿਨਾਂ ਵਿਚ ਕਾਲ ਪੀੜਿਤਾਂ ਦੀ ਦੁਰਗਤੀ ਕਾਰਨ ਹੋਈ ।

ਕਾਲ ਦਾ ਸਮਾਂ ਲੰਘ ਜਾਣ ਦੇ ਪਿੱਛੋਂ ਭਾਰਤ ਦੇ ਸਭ ਤੋਂ ਵੱਡੇ ਹਸਪਤਾਲ ਦਿੱਲੀ ਦੀ All India Institute of Medical Sciences ਨੇ ਡਾਕਟਰਾਂ ਦਾ ਇਕ ਟੋਲਾ ਬਿਹਾਰ ਵਿਚ ਭੇਜਿਆ । ਉਸ ਟੀਮ (ਟੋਲੇ) ਨੇ ਭੁੱਖ ਦੇ ਮਾਰੇ ਬੰਦਿਆਂ ਨੂੰ ਦੇਖਿਆ । ਉਹਨਾਂ ਨੇ ਉਹਨਾਂ ਨੂੰ ਕਈ ਰੋਗ ਅਜਿਹੇ ਲੱਗੇ ਦੇਖੇ ਜਿਵੇਂ ਸਰੀਰਾਂ 'ਤੇ ਸੋਜ ਪੈ ਜਾਣੀ ; ਜਿਹੜੇ ਰੋਗ ਕੇਵਲ ਭੁੱਖਾਂ ਕੱਟਣ ਦੇ ਕਾਰਨ ਉਹਨਾਂ ਨੂੰ ਲੱਗੇ ਸਨ ਤੇ ਉਹਨਾਂ ਨੂੰ ਰਾਜ਼ੀ ਹੋਣ ਤਕ ਅਜਿਹੀਆਂ ਦਵਾਈਆਂ ਅਤੇ ਅਜਿਹੀ ਖ਼ੁਰਾਕ ਦੀ ਲੋੜ ਸੀ, ਜਿਨ੍ਹਾਂ ਵਿਚ ਲੋਹਾ ਬਹੁਤ ਹੋਵੇ ।

ਜੈ ਪ੍ਰਕਾਸ਼ ਜੀ ਨੇ ਕਾਲਾਂ ਦੇ ਦਿਨਾਂ ਵਿਚ ਜਿੱਥੇ ਮਾਇਆ ਨੂੰ ਇਕੱਠਾ ਕਰਨ ਅਤੇ ਉਸ ਦੀ ਠੀਕ ਢੰਗ ਨਾਲ ਵਰਤੋਂ ਕਰਨ ਲਈ ਤਨੋ ਮਨੋ ਉਦਮ ਕੀਤਾ ਉੱਥੇ ਉਹਨਾਂ ਨੇ ਇਹ ਯਤਨ ਵੀ ਕੀਤਾ ਕਿ ਅਗਾਂਹ ਕਾਲ ਨੂੰ ਰੋਕਣ ਲਈ ਹਰ ਪ੍ਰਕਾਰ ਦੇ ਯਤਨ ਕੀਤੇ ਜਾਣ ਜਿਵੇਂ ਨਵੇਂ ਖ਼ੂਹ ਪੱਟੇ ਜਾਣ, ਪਹਿਲੇ ਖ਼ੂਹਾਂ ਵਿਚੋਂ ਗਾਰਾਂ ਕੱਢੀਆਂ ਜਾਣ, ਉਹਨਾਂ ਖ਼ੂਹਾਂ ਦੀਆਂ ਮੁਰੰਮਤਾਂ ਕੀਤੀਆਂ ਜਾਣ ਅਤੇ ਤਲਾਬ ਪੁੱਟੇ ਜਾਣ, ਤਾਂ ਜੋ ਬਰਸਾਤਾਂ ਦਾ ਪਾਣੀ ਤਲਾਬਾਂ ਵਿਚ ਜਮ੍ਹਾਂ ਹੋ ਸਕੇ ਤੇ ਖੇਤੀ ਲਈ ਵਰਤਿਆ ਜਾ ਸਕੇ ।

ਉਸ ਕਾਲ ਬਾਰੇ ਸ੍ਰੀ ਜੈ ਪ੍ਰਕਾਸ਼ ਜੀ ਨੇ ਕਿਹਾ ਸੀ ਕਿ ਉਹ ਕਾਲ ਕੇਵਲ ਕੁਦਰਤ ਦਾ ਪੈਦਾ ਕੀਤਾ ਹੋਇਆ ਕਾਲ ਨਹੀਂ ਬਲਕਿ ਦੇਸ਼ ਵਾਸੀਆਂ ਦੀ ਅਗਿਆਨਤਾ ਹੀ ਉਸ ਕਾਲ ਲਈ ਜ਼ਿੰਮੇਵਾਰ ਹੈ ; ਕਿਉਂਕਿ ਕਾਲ ਤੋਂ ਪਹਿਲਾਂ ਨਾ ਖ਼ੂਹ ਪੱਟਣ ਲਈ ਕਿਸੇ ਨੇ ਸੋਚਿਆ ਸੀ ਤੇ ਨਾ ਤਲਾਬ ਪੁੱਟਣ ਲਈ । ਮੈਂ ਇਕ ਪਿੰਡ ਵਿਚ ਜੰਮਿਆ ਪਲਿਆ ਹਾਂ । ਸਾਡੇ ਪਿੰਡਾਂ ਵਿਚ ਤਲਾਬ ਪੁੱਟਣ ਦਾ ਰਿਵਾਜ ਸੀ । ਜਦੋਂ ਮੀਂਹ ਪੈਂਦਾ ਹੈ ਤਾਂ ਜਿਹੜਾ ਮੀਂਹ

ਦਾ ਪਾਣੀ ਤਲਾਬਾਂ ਨੂੰ ਜਾਂਦਾ ਹੈ ਉਸ ਵਿਚ ਮਿੱਟੀ ਹੁੰਦੀ ਹੈ । ਜਿੱਥੋ ਜਿੱਥੋਂ ਉਹ ਪਾਣੀ ਆਉਂਦਾ ਹੈ ਭਾਵੇਂ ਉਹ ਪਿੰਡ ਦੀਆਂ ਗਲੀਆਂ ਵਿਚੋਂ ਆਵੇ ਭਾਵੇਂ ਬਾਹਰਲੇ ਰਸਤਿਆਂ ਵਿਚੋਂ, ਉਹ ਨਾਲ ਮਿੱਟੀ ਲੈ ਕੇ ਆਇਆ ਕਰਦਾ ਹੈ। ਇਸ ਵਾਸਤੇ ਤਲਾਬ ਵਿਚ ਹਰ ਸਾਲ ਮਿੱਟੀ ਜਮ੍ਹਾਂ ਹੁੰਦੀ ਰਹਿੰਦੀ ਹੈ ਤੇ ਉਸ ਦਾ ਥੱਲਾ ਉੱਚਾ ਹੁੰਦਾ ਰਿਹਾ ਕਰਦਾ ਹੈ । ਸਾਰੇ ਪਿੰਡ ਦੇ ਬੰਦੇ ਹਰ ਸਾਲ ਸੇਵਾ ਦੇ ਭਾਵ ਨਾਲ ਤਲਾਬ ਦੀ ਮਿੱਟੀ ਪੁੱਟਦੇ ਰਿਹਾ ਕਰਦੇ ਹਨ ਤੇ ਉਹ ਮਿੱਟੀ ਘਰਾਂ ਦੇ ਲਿੱਪਣ ਪੋਚਣ ਜਾਂ ਭਰਤੀ ਪਾਉਣ ਦੇ ਕੰਮ ਆ ਜਾਇਆ ਕਰਦੀ ਹੈ। ਮੇਰਾ ਬਾਪ ਅਮੀਰ ਆਦਮੀ ਰਿਹਾ ਸੀ । ਉਸ ਨੇ ਵੀ ਪਿੰਡ ਵਿਚ ਤਲਾਬ ਬਣਾਇਆ ਸੀ, ਜਿਸ ਨੂੰ ਸ਼ਿੱਬੂ ਦਾ ਤਲਾਬ ਕਹਿੰਦੇ ਹਨ । ਮੇਰੀ ਮਾਂ ਨੇ ਉਸ ਤਲਾਬ ਦੇ ਕੰਢੇ 'ਤੇ ਤਿੰਨ ਪਿੱਪਲ ਦੇ ਰੁੱਖ ਲਾਏ ਸਨ । ਮੈਂ ਵੀ ਨਿਆਣਾ ਹੁੰਦਾ ਹੋਇਆ ਪਿੰਡ ਦੇ ਸਾਰੇ ਬੰਦਿਆਂ ਨਾਲ ਰਲ ਕੇ ਆਪਣੀ ਮਾਂ ਨਾਲ ਉਸ ਪਿੰਡ ਦੇ ਟੋਭੇ ਵਿਚੋਂ ਮਿੱਟੀ ਕੱਢਿਆ ਕਰਦਾ ਸਾਂ ।

-੦-



# ਬੀਬੀ ਸੁਸ਼ੀਲ ਕੌਰ

ਬੀਬੀ ਸੁਸ਼ੀਲ ਕੌਰ ਦੀ ਇਸ ਪੁਸਤਕ ਵਿਚ ਦਿੱਤੀ ਗਈ ਤਸਵੀਰ ਸੰਨ ੧੯੮੪ ਦੇ ਜਨਵਰੀ ਮਹੀਨੇ ਵਿਚ ਇਸ ਦੀ ਸੱਠਾਂ ਸਾਲਾਂ ਦੀ ਉਮਰ ਵਿਚ ਲਈ ਗਈ ਹੈ । ਜਦ ਇਸ ਬੀਬੀ ਦੀ ਉਮਰ ਸੋਲ੍ਹਾਂ ਸਾਲਾਂ ਦੀ ਹੋਈ ਤਾਂ ਇਸ ਦਾ ਪਿਤਾ ਸਾਹਿਬ ਸਿੰਘ ਤਿੰਨ ਧੀਆਂ ਅਤੇ ਦੋ ਪੁੱਤਰਾਂ ਨੂੰ ਛੱਡ ਕੇ ਅਕਾਲ ਚਲਾਣਾ ਕਰ ਗਿਆ । ਸਾਰੇ ਭੈਣਾਂ ਭਰਾਵਾਂ ਵਿਚੋਂ ਇਹੋ ਬੀਬੀ ਸਭ ਤੋਂ ਵੱਡੀ ਸੀ। ਪਿਤਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਬੀਬੀ ਦੇ ਰਿਸ਼ਤੇਦਾਰਾਂ ਨੇ ਕਿਹਾ ਕਿ ਬੀਬੀ ਤੂੰ ਆਪਣੇ ਸਾਰੇ ਭੈਣ ਭਰਾਵਾਂ ਨੂੰ ਬੱਚਿਆਂ ਦੇ ਯਤੀਮਖ਼ਾਨੇ ਵਿਚ ਦਾਖ਼ਲ ਕਰਾ ਦੇ । ਰਿਸ਼ਤੇਦਾਰਾਂ ਦੇ ਇਸ ਖ਼ਿਆਲ ਨੂੰ ਬੀਬੀ ਦੇ ਹਿਰਦੇ ਨੇ ਪ੍ਰਵਾਨ ਨਾ ਕੀਤਾ ਤੇ ਇਸ ਨੂੰ ਆਪਣੀ ਖ਼ਾਨਦਾਨੀ ਅਣਖ ਦੇ ਉਲਟ ਸਮਝਿਆ । ਇਸ ਨੇ ਆਪਣੇ ਭੈਣਾਂ ਭਰਾਵਾਂ ਨੂੰ ਆਪ ਪਾਲਣ ਦਾ ਫ਼ੈਸਲਾ ਕਰ ਲਿਆ । ਇਹ ਕਾਰਜ ਲੰਮੇ ਸਮੇਂ ਵਿਚ ਸਿਰੇ ਚੜ੍ਹਨ ਵਾਲਾ ਸੀ । ਇਹ ਕਾਰਜ ਭੈਣਾਂ ਭਰਾਵਾਂ ਦੀ ਪੜ੍ਹਾਈ ਦਾ ਨਹੀਂ ਸੀ। ਇਸ ਵਿਚ ਭੈਣਾਂ ਦੇ ਵਿਆਹ ਵੀ ਸ਼ਾਮਿਲ ਸਨ ਤੇ ਭਰਾਵਾਂ ਦਾ ਰੁਜ਼ਗਾਰਾਂ 'ਤੇ ਲੱਗਣਾ ਵੀ ਸ਼ਾਮਿਲ ਸੀ । ਇਸ ਕਾਰਜ ਨੂੰ ਹਰ ਪੱਖ ਤੋਂ ਸਿਰੇ ਚਾੜ੍ਹਨ ਦੇ ਖ਼ਿਆਲ ਨੂੰ ਮੁੱਖ ਰੱਖਦੀ ਹੋਈ ਬੀਬੀ ਨੂੰ ਇਹ ਵੀ ਸੋਚਣਾ ਪੈ ਗਿਆ ਸੀ ਕਿ ਇਸ ਕਾਰਜ ਨੂੰ ਕਰਦੀ ਹੋਈ ਉਹ ਵਿਆਹ ਦੇ ਖ਼ਿਆਲ ਨੂੰ ਦਿਲ ਵਿਚ ਨਹੀਂ ਲਿਆ ਸਕੇਗੀ । ਉਸ ਨੇ ਸੋਚ ਲਿਆ ਸੀ ਕਿ ਭੈਣਾਂ ਭਰਾਵਾਂ ਦੀ ਪਾਲਣਾ ਦਾ ਕਾਰਜ ਅਜਿਹਾ ਹੈ ਜਿਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਤੇ ਇਹ ਹਰ ਕੀਮਤ 'ਤੇ ਕੀਤਾ ਜਾਣ ਵਾਲਾ ਹੁੰਦਾ ਹੈ। ਇਸ ਕਾਰਜ ਨੂੰ ਕਰਨ ਲਈ ਵਿਆਹ ਦਾ ਖ਼ਿਆਲ ਪਿੱਛੇ ਪਾ ਦੇਣਾ ਜਾ ਉੱਕਾ ਹੀ ਮਨੋਂ ਕੱਢ ਦੇਣਾ ਕੋਈ ਬਹੁਤ ਵੱਡਾ ਤਿਆਗ ਨਹੀਂ ਹੁੰਦਾ ਕਿਉਂਕਿ ਦੁਨੀਆਂ ਦੇ ਬੰਦੇ ਧਰਮ ਦੇ ਜ਼ਰੂਰੀ ਕੰਮਾਂ ਨੂੰ ਕਰਦੇ ਹੋਏ ਸਾਰਾ ਜੀਵਨ ਕੰਵਾਰੇ ਰਹਿੰਦੇ ਰਹੇ ਹਨ; ਇਹ ਕੋਈ ਨਵੀਂ ਗੱਲ ਨਹੀਂ ਹੈ ।

ਬੀਬੀ ਨੇ ਇਹ ਸਮਝ ਲਿਆ ਸੀ ਕਿ ਮੈਂ ਆਪਣੇ ਭੈਣਾਂ ਭਰਾਵਾਂ ਨੂੰ ਪੁੱਤਰ ਧੀਆਂ ਤੇ ਆਪਣੇ ਆਪ ਨੂੰ ਉਹਨਾਂ ਦੀ ਮਾਂ ਸਮਝ ਲੈਂਦੀ ਹਾਂ—ਤੇ ਜਿਹੜੀਆਂ ਰੀਝਾਂ ਨੂੰ ਮਾਵਾਂ ਬੱਚਿਆਂ ਨੂੰ ਪਾਲਦੀਆਂ ਹੋਈਆਂ ਪੂਰਿਆਂ ਕਰਿਆ ਕਰਦੀਆਂ ਹਨ ਉਨ੍ਹਾਂ ਰੀਝਾਂ ਨੂੰ ਮੈਂ ਆਪਣੇ ਭੈਣ ਭਰਾਵਾਂ ਨੂੰ ਪਾਲਦੀ ਹੋਈ ਪੂਰੀਆਂ ਕਰ ਲਵਾਂਗੀ । ਗੱਲ ਤਾਂ ਕੇਵਲ ਬੱਚਿਆਂ ਨੂੰ ਪਾਲਣ ਦੀ ਹੀ ਹੁੰਦੀ ਹੈ, ਬਾਕੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਬਾਣੀ ਜਪੁ ਜੀ ਸਾਹਿਬ ਵਿਚ ਥਾਂ ਲੈਣ ਵਾਲੀ ਪਾਰਬਤੀ ਮਾਈ ਵਾਲੀ ਗੱਲ ਹੀ ਹੁੰਦੀ ਹੈ

ਜਿਸ ਨੇ ਆਪਣੇ ਪਿੰਡੇ ਦੀ ਮੈਲ ਨਾਲ ਹੀ ਆਪਣਾ ਪੁੱਤਰ ਗਣੇਸ਼ ਘੜ ਕੇ ਉਸ ਵਿਚ ਜਾਨ ਪਾ ਕੇ ਆਪਣੇ ਆਪ ਨੂੰ ਉਸ ਦੀ ਮਾਂ ਬਣਾ ਲਿਆ ਸੀ। ਅਜਿਹਾ ਮਨੋਰਥ ਬਣਾ ਲੈਣਾ ਵਿਆਹ ਦਾ ਖ਼ਿਆਲ ਮੇਰੇ ਮਨ ਵਿਚ ਕੋਈ ਦੁਬਿਧਾ ਪੈਦਾ ਨਹੀਂ ਕਰ ਸਕੇਗਾ । ਇਹ ਸਾਰੀਆਂ ਗੱਲਾਂ ਸੋਚ ਕੇ ਬੀਬੀ ਨੇ ਆਪਣੇ ਭੈਣ ਭਰਾਵਾਂ ਦੀ ਪਾਲਣਾ ਦਾ ਕਾਰਜ ਆਰੰਭ ਕੀਤਾ ਜਿਹੜਾ ਚੌਵੀ ਸਾਲਾਂ ਦਾ ਸਮਾਂ ਲੈਂਦਾ ਹੋਇਆ ਉਸ ਦੀ ਚਾਲ੍ਹੀ ਸਾਲਾਂ ਦੀ ਉਮਰ ਵਿਚ ਸਿਰੇ ਚੜ੍ਹਿਆ।

ਬੀਬੀ ਦੇ ਪਿੰਡ ਦਾ ਨਾਮ ਗੁਲਇਮਾਮ ਸੀ ਜਿਸ ਦਾ ਜ਼ਿਲ੍ਹਾ ਮੀਆਂ ਵਾਲੀ ਸੀ । ਪਿੰਡ ਗੁਲਇਮਾਮ ਵਿਚ ਕੇਵਲ ਚਾਰ ਜਮਾਤਾਂ ਦਾ ਪ੍ਰਾਇਮਰੀ ਸਕੂਲ ਸੀ । ਬੀਬੀ ਨੇ ਮਾਰਚ ੧੯੩੯ ਵਿਚ ਉਸ ਤੋਂ ਚੌਥੀ ਜਮਾਤ ਦਾ ਇਮਤਿਹਾਨ ਪਾਸ ਕੀਤਾ । ਬੀਬੀ ਦਾ ਪਿਤਾ ਉਸ ਨੂੰ ਅਗਾਂਹ ਪੜ੍ਹਾਈ ਕਰਾਉਣਾ ਚਾਹੁੰਦਾ ਸੀ । ਉਸ ਨੇ ਬੀਬੀ ਨੂੰ ਕਿਹਾ ਕਿ ਅਗਾਂਹ ਦੀ ਪੜ੍ਹਾਈ ਦੀ ਤਿਆਰੀ ਤੂੰ ਆਪ ਕਰ । ਅੰਗਰੇਜ਼ੀ ਪੜ੍ਹਾਉਣ ਲਈ ਉਸ ਦੇ ਪਿਤਾ ਨੇ ਉਸ ਲਈ ਇਕ ਸਾਹਿਬ ਰਾਮ ਨਾਮ ਦੇ ਅਧਿਆਪਕ ਨੂੰ ਘਰ ਆ ਕੇ ਉਸ ਨੂੰ ਪੜ੍ਹਾਉਣ ਲਈ ਲਾ ਦਿੱਤਾ ਜਿਸ ਨੂੰ ਪੈਸੇ ਮਿਲਣੇ ਸੀ ।



ਸੱਠ ਸਾਲ ਦੀ ਕੁੰਵਾਰੀ ਬੀਬੀ ਸੁਸ਼ੀਲ ਕੌਰ



ਬੀਬੀ ਸੁਸ਼ੀਲ ਕੌਰ ਦੀ ਉਮਰ ਸੋਲ੍ਹਾਂ ਸਾਲ ਸੀ ਜਦ ਇਸ ਦਾ ਪਿਤਾ ਛੋਟੀ ਉਮਰ ਦੇ ਦੋ ਪੁੱਤਰਾਂ ਤੇ ਤਿੰਨ ਕੁੜੀਆਂ ਨੂੰ ਛੱਡ ਕੇ ਮਰ ਗਿਆ। ਇਸ ਬੀਬੀ ਨੇ ਉਸ ਵੇਲੇ ਤੋਂ ਲੈ ਕੇ ਹੁਣ ਤਕ ਅਧਿਆਪਕ ਦੀ ਨੌਕਰੀ ਕਰਦਿਆਂ ਆਪਣੇ ਭੈਣਾਂ ਭਰਾਵਾਂ ਨੂੰ ਪਾਲਿਆ ਅਤੇ ਪੈਰਾਂ ’ਤੇ ਖੜ੍ਹਾ ਕੀਤਾ । ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਇਸ ਨੂੰ ਕੰਵਾਰੀ ਰਹਿਣਾ ਪਿਆ। ਇਹ ਤੜਕੇ ਦੋ ਵਜੇ ਉਠ ਕੇ ਨਿਤਨੇਮ ਦਾ ਪਾਠ ਕਰਦੀ ਤੇ ਸਾਂਸ ਸਾਂਸ ਸਿਮਰਨ ਕਰਦੀ ਹੈ । ਇਸ ਬੀਬੀ ਨੇ ਦੱਸਿਆ ਕਿ ਮੇਰੇ ਜੀਵਨ ਦੇ ਇਕ ਸਾਂਸ ਵਿਚ ਵੀ ਮੈਨੂੰ ਆਪਣੇ ਵਿਆਹ ਦਾ ਖ਼ਿਆਲ ਨਹੀਂ ਆਇਆ ।

ਬੀਬੀ ਨੇ ਇਕ ਸਾਲ ਵਿਚ ਛੇਵੀਂ ਜਮਾਤ ਦੀ ਤਿਆਰੀ ਕਰ ਲਈ ਤੇ ਬੀਬੀ ਦਾ ਪਿਤਾ ਬੀਬੀ ਦੀ ਅਗਾਂਹ ਦੀ ਪੜ੍ਹਾਈ ਕਰਾਉਣ ਲਈ ਮਾਰਚ ੧੯੩੯ ਵਿਚ ਸਾਰੇ ਟੱਬਰ ਨੂੰ ਟਾਂਕ ਕਸਬੇ ਨੂੰ ਲੈ ਗਿਆ ਜਿੱਥੇ ਅੱਠ ਜਮਾਤਾਂ ਦਾ ਸਕੂਲ ਸੀ । ਬੀਬੀ ਨੇ ਸੰਨ ੧੯੪੦ ਵਿਚ ਟਾਂਕ ਕਸਬੇ ਵਿਚ ਪੰਜਵੀਂ ਛੇਵੀਂ ਦਾ ਇਮਤਿਹਾਨ ਇਕ ਸਾਲ ਵਿਚ ਹੀ ਦੇ ਦਿੱਤਾ ਤੇ ਉਹ ਪਾਸ ਹੋ ਗਈ । ਇਸੇ ਸਾਲ ੧੯੩੯ ਵਿਚ ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦਾ ਗੁਰਪੁਰਬ ਟਾਂਕ ਕਸਬੇ ਵਿਚ ਆਇਆ ਉਸ ਗੁਰਪੁਰਬ ਲਈ ਬੀਬੀ ਦਾ ਪਿਤਾ ਮੀਆਂਵਾਲੀ ਸ਼ਹਿਰ ਨੂੰ ਰਾਗੀ ਸਿੰਘਾਂ ਦਾ ਜੱਥਾ ਲੈਣ ਗਿਆ । ਰਾਗੀ ਸਿੰਘਾਂ ਦਾ ਜੱਥਾ ਉਸ ਸ਼ਹਿਰ ਵਿਚ ਨਾ ਮਿਲਿਆ । ਬੀਬੀ ਦੇ ਪਿਤਾ ਨੂੰ ਉਸ ਸ਼ਹਿਰ ਵਿਚ ਸ਼ਾਮ ਹੋ ਗਈ । ਜਦੋਂ ਉਹ ਸ਼ਾਮ ਵੇਲੇ ਟਾਂਕ ਕਸਬੇ ਨੂੰ ਮੁੜਨ ਲੱਗਿਆ ਤਾਂ ਸ਼ਹਿਰ ਦੇ ਸਿੱਖਾਂ ਨੇ ਉਸ ਨੂੰ ਕਿਹਾ ਕਿ ਤੁਸੀਂ ਭਾਈ ਸਾਹਿਬ ਇਸ ਸਮੇਂ ਟਾਂਕ ਕਸਬੇ ਨੂੰ ਨਾ ਮੁੜੋ, ਕਿਉਂਕਿ ਇਨ੍ਹਾਂ ਦਿਨਾਂ ਵਿਚ ਮਸਊਦੀ ਕਬਾਇਲੀ ਪਹਾੜਾਂ ਤੋਂ ਮੈਦਾਨਾਂ ਨੂੰ ਹੇਠਾਂ ਆ ਜਾਂਦੇ ਹਨ । ਉਹ ਰਾਤ ਦੇ ਵੇਲੇ ਹਿੰਦੂਆਂ ਸਿੱਖਾਂ ’ਤੇ ਹਮਲੇ ਕਰਦੇ ਹਨ । ਹਿੰਦੂਆਂ ਨੂੰ ਲੁੱਟ ਕੇ ਉਹ ਉਨ੍ਹਾਂ ਨੂੰ ਕਤਲ ਕਰ ਦਿੰਦੇ ਹਨ ਤੇ ਸਿੱਖਾਂ ਨੂੰ ਲੁੱਟ ਕੇ ਉਹਨਾਂ ਦੇ ਦਾਹੜੀ ਕੇਸ ਕਤਲ ਕਰ ਦਿੰਦੇ ਹਨ । ਬੀਬੀ ਦੇ ਪਿਤਾ ਨੇ ਉੱਤਰ ਦਿੱਤਾ ਕਿ ਅੱਜਕਲ੍ਹ ਗੁਰਪੁਰਬ ਦੇ ਦਿਨ ਹਨ ਤੇ ਮੈਂ ਜਾ ਕੇ ਸ਼ਾਮ ਦੇ ਵੇਲੇ ਸੰਗਤਾਂ ਵਿਚ ਕੀਰਤਨ ਕਰਨਾ ਹੈ । ਮੈਂ ਕੀਰਤਨ ਕਰਨ ਜਾਣ ਤੋਂ ਰੁਕ ਨਹੀਂ ਸਕਦਾ; ਮੈਂ ਜਾਣਾ ਜ਼ਰੂਰ ਹੈ ਭਾਵੇਂ ਕੁਝ ਵੀ ਹੋ ਜਾਏ । ਸ:ਸਾਹਿਬ ਸਿੰਘ ਉਸ ਵੇਲੇ ਟਾਂਕ ਕਸਬੇ ਤੋਂ ਤੁਰ ਪਏ, ਰਸਤੇ ਵਿਚ ਉਹ ਕਬਾਇਲੀਆਂ ਹੱਥੋਂ ਸ਼ਹੀਦ ਹੋ ਗਏ ।

ਬੀਬੀ ਦੇ ਪਿਤਾ ਦੀ ਮੌਤ ਤੋਂ ਪਿੱਛੋਂ ਇਤਫ਼ਾਕ ਅਜਿਹਾ ਹੋਇਆ ਕਿ ਬੀਬੀ ਦੇ ਪਿੰਡ ਗੁਲਇਮਾਮ ਦੇ ਪ੍ਰਾਇਮਰੀ ਸਕੂਲ ਵਿਚ ੧੯੪੦ ਵਿਚ ਦੂਜਾ ਅਧਿਆਪਕ ਰੱਖਣ ਦੀ ਲੋੜ ਪੈ ਗਈ । ਬੀਬੀ ਨੂੰ ਇਹ ਨੌਕਰੀ ਮਿਲ ਜਾਣ ’ਤੇ ਉਹ ਆਪਣੇ ਟੱਬਰ ਨੂੰ ਫਿਰ ਗੁਲਇਮਾਮ ਲੈ ਗਈ ਤੇ ੨੦/- ਰੁਪਏ ਮਹੀਨਾ ਤਨਖ਼ਾਹ ਉੱਤੇ ਉਸ ਸਕੂਲ ਵਿਚ ਅਧਿਆਪਕਾ ਲੱਗ ਗਈ। ਅਧਿਆਪਕਾ ਲੱਗਣ ਦੇ ਚਾਰ ਸਾਲ ਪਿੱਛੇ ੧੯੪੪ ਵਿਚ ਜ਼ਿਲ੍ਹੇ ਦੇ ਸਕੂਲਾਂ ਦੇ ਇੰਸਪੈਕਟਰ ਨੇ ਬੀਬੀ ਨੂੰ ਜੂਨੀਅਰ ਵਰਨੈਕੂਲਰ ਦੇ ਨਾਰਮਲ ਜਮਾਤ ਦਾ ਇਮਤਿਹਾਨ ਸਰਕਾਰੀ ਖ਼ਰਚ ’ਤੇ ਪਾਸ ਕਰਨ ਲਈ ਚੁਣ ਲਿਆ । ਇੰਸਪੈਕਟਰ ਨੇ ਇਸ ਕੰਮ ਲਈ ਸੱਠ ਅਧਿਆਪਕ ਬੀਬੀਆਂ ਚੁਣੀਆਂ ਸਨ ਜਿਨ੍ਹਾਂ ਵਿਚੋਂ ਇਕ ਬੀਬੀ ਸੁਸ਼ੀਲ ਕੌਰ ਸੀ । ਇਤਫ਼ਾਕ ਅਜਿਹਾ ਹੋਇਆ ਕਿ ਬੀਬੀ ਦੇ ਨਾਰਮਲ ਸਕੂਲ ਦੀ ਪੜ੍ਹਾਈ ਲਈ ਚੁਣੇ ਜਾਣ ਦੇ ਸਮੇਂ ਤਕ ਬੀਬੀ ਦੀ ਛੋਟੀ ਭੈਣ ਨੇ ਛੇਵੀਂ ਜਮਾਤ ਪਾਸ ਕਰ ਲਈ । ਬੀਬੀ ਦੀ ਥਾਂ ਉਹ ਸਕੂਲ ਵਿਚ ਉੱਥੇ ਵੀਹ ਰੁਪਏ ਮਹੀਨੇ ਦੀ ਤਨਖ਼ਾਹ ’ਤੇ ਨੌਕਰ ਲੱਗ ਗਈ ਤੇ ਇਸ ਤਰ੍ਹਾਂ ਪਰਿਵਾਰ ਦਾ ਖ਼ਰਚ ਚਲਦਾ ਰਿਹਾ । ਬੀਬੀ ਸੁਸ਼ੀਲ ਕੌਰ ਨਾਰਮਲ ਜਮਾਤ ਦਾ ਇਮਤਿਹਾਨ ਪਾਸ ਕਰਨ ਲਈ ਪਿਸ਼ਾਵਰ ਸ਼ਹਿਰ ਨੂੰ ਚਲੀ ਗਈ ਜਿੱਥੇ ਉਸ ਨੇ ਸੰਨ ੧੯੪੫ ਵਿਚ ਨਾਰਮਲ ਜਮਾਤ ਦਾ ਇਮਤਿਹਾਨ ਪਾਸ ਕੀਤਾ।

ਨਾਰਮਲ ਜਮਾਤ ਦਾ ਇਮਤਿਹਾਨ ਪਾਸ ਕਰਦਿਆਂ ਹੀ ਬੀਬੀ ਨੂੰ ਆਪਣੀ ਤਹਿਸੀਲ ਦੇ ਪਿੰਡ ਦਰਾਵੜ ਕਲਾਂ ਵਿਚ ਪੰਜਤਾਲੀ ਰੁਪਏ ਮਹੀਨੇ ’ਤੇ ਅਧਿਆਪਕਾ ਦੀ ਸਰਕਾਰੀ ਨੌਕਰੀ ਮਿਲ ਗਈ । ਇਹ ਗੱਲ ੧੯੪੬ ਦੀ ਹੈ ।

ਦੇਸ਼ ਦੀ ਵੰਡ ੧੫ ਅਗਸਤ ੧੯੪੭ ਵਾਲੇ ਦਿਨ ਹੋਈ । ਹਿੰਦੁਸਤਾਨ ਦੋ ਹਿੱਸਿਆਂ ਵਿਚ ਵੰਡਿਆ ਗਿਆ । ਦੇਸ਼ ਦੀ ਵੰਡ ਹਿੰਦੂਆਂ ਤੇ ਮੁਸਲਮਾਨਾਂ ਵਿਚ ਹੋਏ ਫ਼ਸਾਦਾਂ ਦੇ ਕਾਰਨ ਹੋਈ ਸੀ। ਸੰਨ ੧੯੪੬ ਵਿਚ ਪੱਛਮੀ ਪਾਕਿਸਤਾਨ ਬਣਨ ਵਾਲੇ ਮੁਸਲਮਾਨਾਂ ਦੇ ਬਹੁਗਿਣਤੀ ਵਾਲੇ ਇਲਾਕੇ ਵਿਚ ਹਿੰਦੂਆਂ ਤੇ ਮੁਸਲਮਾਨਾਂ ਵਿਚ ਫ਼ਸਾਦ ਸ਼ੁਰੂ ਹੋ ਗਏ ਸਨ । ਬੀਬੀ ਦਾ ਪਰਿਵਾਰ ਪੰਜਾਂ ਜੀਆਂ ਦਾ ਪਰਿਵਾਰ ਸੀ ਜਿਸ ਵਿਚ ਬੀਬੀ ਦੇ ਦੋ ਭਰਾ ਛੋਟੀ ਉਮਰ ਦੇ ਮੁੰਡੇ ਸਨ ਪਰ ਵੱਡੀ ਉਮਰ ਦਾ ਬੰਦਾ ਕੋਈ ਨਹੀਂ ਸੀ । ਬੀਬੀ ਤੇ



ਉਸ ਦੀ ਛੋਟੀ ਭੈਣ ਜਵਾਨ ਕੁੜੀਆਂ ਹੋ ਚੁੱਕੀਆਂ ਸਨ ।

ਡੇਰਾ ਇਸਮਾਈਲ ਖ਼ਾਂ ਸ਼ਹਿਰ ਵਿਚ ਬੀਬੀ ਦੇ ਪਿਤਾ ਦੇ ਮਿੱਤਰ ਗਿਆਨੀ ਸੰਤ ਸਿੰਘ ਜੀ ਰਹਿੰਦੇ ਸਨ । ਉਹ ਗੁਰਮਤਿ ਦੇ ਬੜੇ ਵਿਦਵਾਨ ਸਨ ਤੇ ਸਿੰਘ ਸਭਾ ਦੇ ਗੁਰਦੁਆਰੇ ਵਿਚ ਕਥਾ ਕਰਦੇ ਸਨ । ਉਹ ਇਲਾਕੇ ਵਿਚ ਬੜੇ ਪ੍ਰਸਿੱਧ ਸਨ । ਉਨ੍ਹਾਂ ਨੇ ਸੋਚਿਆ ਕਿ ਡੇਰਾ ਇਸਮਾਈਲ ਖ਼ਾਂ ਦਾ ਇਲਾਕਾ ਮੁਸਲਮਾਨਾਂ ਦੀ ਬਹੁਗਿਣਤੀ ਦਾ ਇਲਾਕਾ ਹੈ । ਇਸ ਲਈ ਬੀਬੀ ਦੇ ਪਰਿਵਾਰ ਨੂੰ ਪੂਰਬੀ ਪੰਜਾਬ ਦੇ ਹਿੰਦੂਆਂ ਸਿੱਖਾਂ ਦੀ ਬਹੁ ਗਿਣਤੀ ਵਾਲੇ ਇਲਾਕੇ ਵਿਚ ਭੇਜ ਦੇਣਾ ਚਾਹੀਦਾ ਹੈ । ਗਿਆਨੀ ਜੀ ਨੇ ਜਦੋਂ ਇਹ ਸੋਚਿਆ ਤਾਂ ਉਸ ਤੋਂ ਕੁਝ ਸਮਾਂ ਪਹਿਲਾਂ ਉਸ ਇਲਾਕੇ ਵਿਚੋਂ ਹਿੰਦੂ ਸਿੱਖ ਉੱਜੜਨੇ ਸ਼ੁਰੂ ਹੋ ਚੁੱਕੇ ਸਨ ਤੇ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਜੀ ਨੇ ਉੱਜੜ ਕੇ ਆਉਣ ਵਾਲੇ ਉਹਨਾਂ ਹਿੰਦੂਆਂ ਸਿੱਖਾਂ ਦੇ ਮੁਸੀਬਤ ਦੇ ਦਿਨ ਕਟਾਉਣ ਲਈ ਪਟਿਆਲਾ ਸ਼ਹਿਰ ਵਿਚ ਆਪਣੇ ਸ਼ਾਹੀ ਖ਼ਜ਼ਾਨੇ ਵਿਚੋਂ ਗੁਰੂ ਦੇ ਲੰਗਰ ਵੀ ਲਾ ਦਿੱਤੇ ਸਨ ਤੇ ਰਹਿਣ ਲਈ ਤੰਬੂ ਵੀ ਲਾ ਦਿੱਤੇ ਸਨ। ਅਜਿਹੇ ਨਾਜ਼ੁਕ ਮੋੜ ’ਤੇ ਮਹਾਰਾਜਾ ਸਾਹਿਬ ਦਾ ਇਹ ਯੋਗਦਾਨ ਭਾਰਤ ਦੇ ਇਤਿਹਾਸ ਵਿਚ ਇਕ ਸਦੀਵੀ ਇਤਿਹਾਸਕ ਯਾਦ ਬਣਿਆ ਰਹੇਗਾ । ਗਿਆਨੀ ਸੰਤ ਸਿੰਘ ਜੀ ਨੇ ਮਹਾਰਾਜੇ ਨੂੰ ਆਪਣੇ ਇਕ ਅਹਿਲਕਾਰ ਰਾਹੀਂ ਚਿੱਠੀ ਲਿਖੀ ਕਿ ਡੇਰਾ ਇਸਮਾਈਲ ਖ਼ਾਂ ਜ਼ਿਲ੍ਹੇ ਦੇ ਇਕ ਪਿੰਡ ਵਿਚ ਇਕ ਸਿੱਖ ਪਰਿਵਾਰ ਰਹਿੰਦਾ ਹੈ ਜਿਸ ਵਿਚ ਮਰਦ ਕੋਈ ਨਹੀਂ; ਦੋ ਮੁੰਡੇ ਛੋਟੀ ਉਮਰ ਦੇ ਹਨ ਤੇ ਦੋ ਕੁੜੀਆਂ ਜਵਾਨ ਹਨ । ਵੱਡੀ ਕੁੜੀ ਨਾਰਮਲ ਪਾਸ ਹੈ ਤੇ ਸਰਕਾਰੀ ਸਕੂਲ ਵਿਚ ਅਧਿਆਪਕਾ ਲੱਗੀ ਹੋਈ ਹੈ । ਆਪ ਉਸ ਕੁੜੀ ਲਈ ਨੌਕਰੀ ਦਿਉ ਤੇ ਪਰਿਵਾਰ ਲਈ ਰਹਿਣ ਲਈ ਥਾਂ ਵੀ ਦਿਉ । ਮਹਾਰਾਜਾ ਯਾਦਵਿੰਦਰ ਸਿੰਘ ਨੇ ਗਿਆਨੀ ਜੀ ਨੂੰ ਉੱਤਰ ਤਾਰ ਨਾਲ ਦਿੱਤਾ ਕਿ ਪਰਿਵਾਰ ਨੂੰ ਭੇਜ ਦਿਉ । ਬੀਬੀ ਆਪਣੇ ਪਰਿਵਾਰ ਨੂੰ ਲੈ ਕੇ ਜਦੋਂ ਘਰੋਂ ਤੁਰੀ ਤਾਂ ਪਰਿਵਾਰ ਨੇ ਪਹਿਲਾਂ ਦਰਿਆ ਪਾਰ ਕਰਨਾ ਸੀ ਪਿੱਛੋਂ ਰੇਲ ਗੱਡੀ ਮਿਲਣੀ ਸੀ । ਗਿਆਨੀ ਸੰਤ ਸਿੰਘ ਜੀ ਦਰਿਆ ਨੂੰ ਪਾਰ ਕਰਾਉਣ ਗਏ ਜਿੱਥੇ ਉਸ ਪਰਿਵਾਰ ਨੇ ਜਹਾਜ਼ ਰਾਹੀਂ ਦਰਿਆ ਪਾਰ ਕਰਨਾ ਸੀ । ਉਹ ਦਰਿਆ ਬਹੁਤ ਚੌੜਾ ਸੀ ਤੇ ਦਰਿਆ ਪਾਰ ਕਰਨ ਲਈ ਲੋਕੀਂ ਜਹਾਜ਼ ’ਤੇ ਚੜ੍ਹਦੇ ਸਨ ।

ਇਕਬਾਲ ਨਾਮ ਦੇ ਇਕ ਮੁਸਲਮਾਨ ਨੌਜਵਾਨ ਨੂੰ ਪਤਾ ਸੀ ਕਿ ਬੀਬੀ ਸੁਸ਼ੀਲ ਕੌਰ ਖ਼ੂਬਸੂਰਤ ਨੌਜਵਾਨ ਕੁੜੀ ਹੈ । ਇਸ ਦੀ ਭੈਣ ਵੀ ਜਵਾਨ ਹੈ । ਇਹ ਉੱਜੜ ਕੇ ਚੱਲੀਆਂ ਹਨ, ਪਰਿਵਾਰ ਵਿਚ ਮਰਦ ਕੋਈ ਨਹੀਂ । ਅਜੇ ਜਹਾਜ਼ ਖੜ੍ਹਾ ਸੀ ਤੇ ਗਿਆਨੀ ਜੀ ਆਪਣੇ ਘਰ ਨੂੰ ਪਿੱਛੇ ਨਹੀਂ ਮੁੜੇ ਸਨ ਕਿ ਉਹ ਮੁਸਲਮਾਨ ਨੌਜਵਾਨ ਤਿੰਨ ਹੋਰ ਮੁਸਲਮਾਨ ਨੌਜਵਾਨਾਂ ਨੂੰ ਨਾਲ ਲੈ ਕੇ ਬੀਬੀ ਤੇ ਉਸ ਦੀ ਭੈਣ ਲਈ ਖੋਟੀ ਨੀਯਤ ਨਾਲ ਖਲੋਤੇ ਜਹਾਜ਼ ’ਤੇ ਚੜ੍ਹ ਗਏ । ਇਕਬਾਲ ਨੇ ਹੱਸਦੇ ਹੋਏ ਬੀਬੀ ਨੂੰ ਸਲਾਮ ਆਖਿਆ ਤੇ ਉਸ ਦੇ ਨਾਲ ਦੇ ਨੌਜਵਾਨਾਂ ਨੇ ਤਾੜੀ ਮਾਰੀ । ਉਹਨਾਂ ਨੌਜਵਾਨ ਮੁਸਲਮਾਨ ਮੁੰਡਿਆਂ ਦੀ ਹਰਕਤ ਨੂੰ ਗਿਆਨੀ ਜੀ ਸਮਝ ਗਏ ਕਿ ਇਹ ਚਾਰੇ ਨੌਜਵਾਨ ਬੀਬੀ ਸੁਸ਼ੀਲ ਕੌਰ ਤੇ ਉਸ ਦੀ ਭੈਣ ਨਾਲ ਘੋਰ ਪਾਪ ਕਮਾਉਣ ਆਏ ਹਨ। ਇਤਫ਼ਾਕ ਅਜਿਹਾ ਹੋਇਆ ਕਿ ਜਹਾਜ਼ ਵਿਚ ਗਿਆਨੀ ਜੀ ਦਾ ਮਿੱਤਰ ਇਕ ਮੁਸਲਮਾਨ ਪੀਰ ਬੈਠਾ ਹੋਇਆ ਸੀ । ਪੀਰ ਦਾ ਜਵਾਈ ਉਸ ਜਹਾਜ਼ ਦੀ ਉਤਲੀ ਮੰਜ਼ਲ ਦਾ ਪਹਿਰੇਦਾਰ ਸੀ । ਗਿਆਨੀ ਜੀ ਨੇ ਉਸ ਪੀਰ ਨੂੰ ਕਿਹਾ ਪੀਰ ਜੀ ਜਿਸ ਪਰਿਵਾਰ ਨੂੰ ਮੈਂ ਜਹਾਜ਼ ਚੜ੍ਹਾਉਣ ਲਈ ਆਇਆ ਹਾਂ ਉਸ ਪਰਿਵਾਰ ਦੀਆਂ ਦੋ ਜਵਾਨ ਕੁੜੀਆਂ ਦੀ ਇੱਜ਼ਤ ਲਈ ਖ਼ਤਰਾ ਪੈਦਾ ਹੋ ਚੁੱਕਾ ਹੈ, ਤੁਸੀਂ ਜਹਾਜ਼ ਦੇ ਸਫ਼ਰ ਵਿਚ ਇਨ੍ਹਾਂ ਕੁੜੀਆਂ ਦੀ ਇੱਜ਼ਤ ਦੀ ਰੱਖਿਆ ਕਰਨੀ ਹੈ । ਪੀਰ ਸਾਹਿਬ ਨੇ ਆਪਣੇ ਜਵਾਈ ਨੂੰ ਬੁਲਾਇਆ ਤੇ ਉਸ ਨੂੰ ਕਿਹਾ ਕਿ ਤੂੰ ਮੇਰਾ ਜਵਾਈ ਹੈਂ, ਮੇਰਾ ਤੇਰੇ ਉੱਤੇ ਕੋਈ ਹੱਕ ਹੈ । ਅੱਜ ਦੇ ਦਰਿਆ ਦੇ ਸਫ਼ਰ ਵਿਚ ਇਨ੍ਹਾਂ ਦੋਹਾਂ ਕੁੜੀਆਂ ਦੀ ਇੱਜ਼ਤ ਦੀ ਰਾਖੀ ਕਰ ਕੇ ਮੇਰਾ ਹੱਕ ਮੈਨੂੰ ਦੇਣਾ ਹੈ । ਪੀਰ ਦਾ ਜਵਾਈ ਪੀਰ ਦੀ ਗੱਲ ਸੁਣ ਕੇ ਬੀਬੀ ਦੇ ਪਰਿਵਾਰ ਨੂੰ ਹੇਠਲੀ ਮੰਜ਼ਲ ਤੋਂ ਉਤਲੀ ਮੰਜ਼ਿਲ ’ਤੇ ਲੈ ਗਿਆ। ਇਕਬਾਲ ਨੇ ਸਮਝ ਲਿਆ ਕਿ ਕੁੜੀਆਂ ਸੁਰੱਖਿਅਤ ਹੋ ਚੁੱਕੀਆਂ ਹਨ । ਇਹ ਗੱਲ ਤੱਕ ਕੇ ਇਕਬਾਲ ਤੇ ਉਸ ਦੇ ਤਿੰਨ ਸਾਥੀ ਛਾਲਾਂ ਮਾਰ ਕੇ ਜਹਾਜ਼ ਤੋਂ ਉੱਤਰ ਗਏ ।

ਗਿਆਨੀ ਜੀ ਨੇ ਭਾਵੇਂ ਬੀਬੀ ਦੇ ਪਰਿਵਾਰ ਨੂੰ ਜਹਾਜ਼ ਦੀ ਉਤਲੀ ਮੰਜ਼ਿਲ ’ਤੇ ਚੜ੍ਹਾ ਕੇ ਸੁਰੱਖਿਅਤ ਕਰ ਦਿੱਤਾ ਸੀ ਪਰ ਫਿਰ ਵੀ ਪਿੱਛੇ ਮੁੜਨ ਨੂੰ ਉਹਨਾਂ ਦਾ ਮਨ ਨਾ ਮੰਨਿਆ । ਉਹਨਾਂ ਨੇ ਸੋਚਿਆ ਕਿ ਮੈਂ ਦਰਿਆ ਖਾਂ ਰੇਲਵੇ ਸਟੇਸ਼ਨ ’ਤੇ ਪੁੱਜ ਕੇ ਟਿਕਟਾਂ ਲੈ ਕੇ ਪਰਿਵਾਰ ਨੂੰ ਰੇਲ ਗੱਡੀ ’ਤੇ ਚੜ੍ਹਾ ਦਿਆਂ । ਗਿਆਨੀ ਜੀ ਪਰਿਵਾਰ ਨੂੰ ਦਰਿਆ ਪਾਰ ਕਰਾ ਕੇ ਰੇਲਵੇ ਸਟੇਸ਼ਨ



’ਤੇ ਲੈ ਗਏ । ਗਿਆਨੀ ਜੀ ਨੇ ਪਹਿਲਾਂ ਬੀਬੀ ਦੇ ਪਰਿਵਾਰ ਨੂੰ ਰੇਲ ਗੱਡੀ ’ਤੇ ਚੜ੍ਹਾ ਦਿੱਤਾ, ਪਿੱਛੋਂ ਰੇਲ ਦੀਆਂ ਟਿਕਟਾਂ ਲੈਣ ਚਲੇ ਗਏ ; ਪਰ ਟਿਕਟਾਂ ਨਾ ਮਿਲੀਆਂ । ਗਿਆਨੀ ਜੀ ਇਸ ਖ਼ਿਆਲ ਨਾਲ ਪਰਿਵਾਰ ਨਾਲ ਹੀ ਗੱਡੀ ’ਤੇ ਚੜ੍ਹ ਗਏ ਕਿ ਜਿਸ ਸਟੇਸ਼ਨ ’ਤੇ ਪਰਿਵਾਰ ਲਈ ਟਿਕਟਾਂ ਮਿਲੀਆਂ ਉੱਥੋਂ ਟਿਕਟਾਂ ਲੈ ਕੇ ਪਰਿਵਾਰ ਨੂੰ ਦੇ ਕੇ ਪਿੱਛੇ ਮੁੜਾਂਗਾ, ਪਰ ਟਿਕਟਾਂ ਪਟਿਆਲੇ ਸਟੇਸ਼ਨ ਤਕ ਨਾ ਮਿਲੀਆਂ ।

ਬੀਬੀ ਦੇ ਪਰਿਵਾਰ ਨੇ ਪਟਿਆਲੇ ਪੁੱਜ ਕੇ ਵੇਖਿਆ ਕਿ ਕਈ ਹਿੰਦੂ ਤੇ ਸਿੱਖ ਪਰਿਵਾਰ ਤੰਬੂਆਂ ਤੋਂ ਬਗੈਰ ਖੁੱਲ੍ਹੀ ਥਾਂ ’ਤੇ ਪਏ ਹੋਏ ਸਨ, ਪਰ ਮਹਾਰਾਜਾ ਸਾਹਿਬ ਨੇ ਗਿਆਨੀ ਜੀ ਦੀ ਚਿੱਠੀ ਦਾ ਇਹ ਸਤਿਕਾਰ ਕੀਤਾ ਸੀ ਕਿ ਬੀਬੀ ਦੇ ਪਰਿਵਾਰ ਲਈ ਇਕ ਤੰਬੂ ਖ਼ਾਲੀ ਰੱਖਿਆ ਗਿਆ। ਪਟਿਆਲੇ ਪੁੱਜ ਕੇ ਗਿਆਨੀ ਜੀ ਉਸ ਸਰਕਾਰੀ ਦਫ਼ਤਰ ਵਿਚ ਗਏ ਜਿਸ ਦਫ਼ਤਰ ਨੇ ਮਹਾਰਾਜਾ ਸਾਹਿਬ ਵੱਲੋਂ ਉਹਨਾਂ ਨੂੰ ਤਾਰ ਭੇਜੀ ਸੀ । ਉੱਥੋਂ ਪਤਾ ਲੱਗਿਆ ਕਿ ਰਿਆਸਤ ਦੇ ਕਸਬਾ ਭਦੌੜ ਦੇ ਪ੍ਰਾਇਮਰੀ ਸਕੂਲ ਵਿਚ ਬੀਬੀ ਲਈ ਅਧਿਆਪਕਾ ਦੀ ਜਗ੍ਹਾ ਖ਼ਾਲੀ ਰੱਖੀ ਗਈ ਹੈ। ਬੀਬੀ ਉੱਥੇ ਆ ਕੇ ਅਧਿਆਪਕਾ ਦੀ ਸੇਵਾ ਸੰਭਾਲ ਲਵੇ । ਬੀਬੀ ਨੇ ਉੱਥੇ ਜਾ ਕੇ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਦਾ ਕੰਮ ਸੰਭਾਲ ਲਿਆ । ਨਵੀਂ ਨਵੀਂ ਨੌਕਰੀ ਵਿਚ ਅਧਿਆਪਕ ਦੀ ਤਨਖ਼ਾਹ ਮਿਲਣ ਵਿਚ ਦੇਰੀ ਲੱਗਣੀ ਸੀ। ਦਫ਼ਤਰ ਦੇ ਗੋਰਖ ਧੰਦੇ ਨੇ ਬੀਬੀ ਨੂੰ ਨੌਂ ਮਹੀਨੇ ਤੋਂ ਵੱਧ ਸਮਾਂ ਤਨਖ਼ਾਹ ਦੇਣ ਵਿਚ ਲਾ ਦਿੱਤਾ । ਬੀਬੀ ਦੇ ਪ੍ਰੀਵਾਰ ਪਾਸ ਕੋਈ ਪੈਸਾ ਜਮ੍ਹਾਂ ਨਹੀਂ ਸੀ । ਬੀਬੀ ਆਪਣੇ ਰਿਸ਼ਤੇਦਾਰਾਂ ਕੋਲੋਂ ਪੈਸੇ ਉਧਾਰ ਲੈ ਸਕਦੀ ਸੀ ਪਰ ਉਸ ਦਾ ਮਨ ਨਹੀਂ ਮੰਨਦਾ ਸੀ । ਬੀਬੀ ਦੇ ਪ੍ਰੀਵਾਰ ਦੇ ਖ਼ਰਚ ਨੂੰ ਚਲਾਉਣ ਵਾਸਤੇ ਕੁਦਰਤ ਨੇ ਇਹ ਢੋਅ ਢੁਕਾ ਦਿੱਤਾ ਕਿ ਉਸ ਨੂੰ ਪਿਛਲੇ ਸਕੂਲ ਦੀ ਰਹਿੰਦੀ ਤਨਖ਼ਾਹ ਦਾ ੧੦੦ ਰੁਪਏ ਦਾ ਮਨੀਆਰਡਰ ਕਿਸੇ ਨੇ ਆਪਣੇ ਆਪ ਭਿਜਵਾ ਦਿੱਤਾ। ਬੀਬੀ ਨੇ ੧੦੦ ਰੁਪਏ ਦੀ ਰਕਮ ਨਾਲ ਇਕੱਠੀ ਕਣਕ ਖ਼ਰੀਦ ਲਈ । ਬਾਕੀ ਰਹਿ ਗਈ ਦਾਲ ਸਬਜ਼ੀ, ਲੂਣ, ਮਿਰਚ ਤੇ ਮਸਾਲਾ । ਦਾਲ ਸਬਜ਼ੀ ਦੀ ਜਗ੍ਹਾ ਤੇ ਬੀਬੀ ਦਾ ਪ੍ਰੀਵਾਰ ਪਿੰਡ ਵਿਚੋਂ ਲੋਕਾਂ ਦੇ ਘਰਾਂ ਵਿਚੋਂ ਲੱਸੀ ਮੰਗ ਕੇ ਲਿਆ ਕੇ ਲੱਸੀ ਨਾਲ ਪ੍ਰਸ਼ਾਦਾ ਛਕਣ ਲੱਗ ਪਿਆ । ਦੁੱਧ ਵੀ ਘਰਾਂ ਵਿਚੋਂ ਆ ਜਾਂਦਾ ਸੀ ।

ਗਿਆਨੀ ਸੰਤ ਸਿੰਘ ਜੀ ਵੀ ਥੋੜ੍ਹੇ ਸਮੇਂ ਪਿੱਛੋਂ ਮੀਆਂ ਵਾਲੀ ਜ਼ਿਲ੍ਹੇ ਤੋਂ ਉੱਜੜ ਕੇ ਪੂਰਬੀ ਪੰਜਾਬ ਦੇ ਬਠਿੰਡਾ ਸ਼ਹਿਰ ਵਿਚ ਆ ਗਏ ਸੀ ਤੇ ਸ੍ਰੀ ਗੁਰੂ ਸਿੰਘ ਸਭਾ ਦੇ ਗੁਰਦੁਆਰੇ ਕਥਾ-ਵਾਚਕ ਲੱਗ ਗਏ। ਬੀਬੀ ਜੀ ਵਾਸਤੇ ਗਿਆਨੀ ਜੀ ਪਿਤਾ ਦੇ ਸਮਾਨ ਸਨ। ਪਿਤਾ ਜੀ ਦੀ ਮੌਤ ਪਿੱਛੋਂ ਬੀਬੀ ਦੇ ਪ੍ਰੀਵਾਰ ਦੀ ਬਾਂਹ ਕੇਵਲ ਗਿਆਨੀ ਸੰਤ ਸਿੰਘ ਨੇ ਫੜੀ ਸੀ। ਉਹ ਪਾਲਕ ਪਿਤਾ ਦੇ ਰੂਪ ਵਿਚ ਇਸ ਪਰਿਵਾਰ ਦੇ ਸਿਰ 'ਤੇ ਖੜ੍ਹੇ ਹੋ ਗਏ ਸਨ। ਬੀਬੀ ਜੀ ਨੇ ਗੁਰਪੁਰਬਾਂ ਸਮੇਂ ਬਠਿੰਡਾ ਗਿਆਨੀ ਜੀ ਪਾਸ ਜਾਣਾ ਹੀ ਸੀ। ਬਠਿੰਡਾ ਸ਼ਹਿਰ ਵਿਚ ਖ਼ਾਲਸਾ ਪ੍ਰਾਇਮਰੀ ਸਕੂਲ ਚੱਲ ਰਿਹਾ ਸੀ। ਉਸ ਸਕੂਲ ਨੂੰ ਵੇਖ ਕੇ ਬੀਬੀ ਦੇ ਦਿਲ ਵਿਚ ਖ਼ਿਆਲ ਆਇਆ ਕਿ ਮੈਂ ਉਸ ਖ਼ਾਲਸਾ ਸਕੂਲ ਵਿਚ ਅਧਿਆਪਕ ਲੱਗ ਜਾਵਾਂ ਤਾਂ ਜੋ ਮੈਂ ਬੱਚਿਆਂ ਨੂੰ ਗੁਰਮਿਤ ਅਰਥਾਤ ਸਿੱਖ ਧਰਮ ਦੀ ਸਿੱਖਿਆ ਦੇ ਕੇ ਸਕੂਲਾਂ ਵਿਚ ਚੰਗੇ ਗੁਰਸਿੱਖ ਬੱਚੇ ਬਣਾ ਸਕਾਂ। ਇਤਫ਼ਾਕ ਨਾਲ ਉਸ ਸਕੂਲ ਵਿਚ ਇਕ ਅਧਿਆਪਕ ਦੀ ਜਗ੍ਹਾ ਖ਼ਾਲੀ ਹੋ ਗਈ ਤੇ ਗਿਆਨੀ ਜੀ ਨੇ ਬੀਬੀ ਨੂੰ ਭਦੌੜ ਦੇ ਸਰਕਾਰੀ ਸਕੂਲ ਤੋਂ ਬਠਿੰਡੇ ਦੇ ਖ਼ਾਲਸਾ ਪ੍ਰਾਇਮਰੀ ਸਕੂਲ ਵਿਚ ਸੇਵਾ ਦਾ ਸੱਦਾ ਦੇ ਦਿੱਤਾ। ਬੀਬੀ ਨੇ ਸਰਕਾਰੀ ਸਕੂਲਾਂ ਦੀ ਗਰੇਡ ਬੰਦੀ ਵਾਲੀ ਤੇ ਪੈਨਸ਼ਨ ਵਾਲੀ ਨੌਕਰੀ ਛੱਡ ਕੇ ਉਸ ਸਕੂਲ ਵਿਚ ਨੌਕਰੀ ਕਰ ਲਈ ਜਿੱਥੇ ਪੈਨਸ਼ਨ ਤੇ ਗਰੇਡ ਬੰਦੀ ਵਾਲੀ ਨੌਕਰੀ ਨਹੀਂ ਹੁੰਦੀ ਸੀ। ਬੀਬੀ ਉਸੇ ਸਕੂਲ ਤੋਂ ਨੌਕਰੀ ਦਾ ਪੂਰਾ ਸਮਾਂ ਕਰ ਕੇ ਰੀਟਾਇਰ ਹੋਈ।

ਬੀਬੀ ਨੇ ਆਪਣੇ ਭੈਣਾਂ ਭਰਾਵਾਂ ਨੂੰ ਪਾਲਣ ਦਾ ਜਿਹੜਾ ਕਾਰਜ ਆਪਣੀ ਸੋਲ੍ਹਾਂ ਸਾਲ ਦੀ ਉਮਰ ਵਿਚ ਆਰੰਭ ਕੀਤਾ ਸੀ, ਉਹ ਕਾਰਜ ਚੌਵੀ ਸਾਲ ਦਾ ਸਮਾਂ ਲੈ ਕੇ ਉਸ ਦੀ ਚਾਲ੍ਹੀ ਸਾਲ ਦੀ ਉਮਰ ਵਿਚ ਸਮਾਪਤ ਹੋਇਆ। ਉਸ ਕਾਰਜ ਦੀ ਸਮਾਪਤੀ ਉੱਤੇ ਜਦੋਂ ਭੈਣਾਂ ਵਿਆਹੀਆਂ ਗਈਆਂ ਤੇ ਦੋਵੇਂ ਭਰਾ ਕੰਮ 'ਤੇ ਲੱਗ ਗਏ ਤਾਂ ਮਹਿਤਾਬ ਸਿੰਘ ਨੇ ਬੀਬੀ ਨੂੰ ਕਿਹਾ ਕਿ ਬੀਬੀ ਹੁਣ ਤੇਰੇ ਸਿਰ ਤੋਂ ਭੈਣਾਂ ਭਰਾਵਾਂ ਦਾ ਭਾਰ ਉੱਤਰ ਗਿਆ ਹੈ ਤੇ ਹੁਣ ਤੂੰ ਵਿਆਹ ਕਰਵਾ ਸਕਦੀ ਹੈਂ। ਬੀਬੀ ਨੇ ਭਰਾ ਦੀ ਇਸ ਗੱਲ ਦਾ ਉੱਤਰ ਉਸਨੂੰ ਬੜੇ ਰੋਸ ਨਾਲ ਇਹ ਦਿੱਤਾ ਕਿ ਭਰਾਵਾ ਜੋ ਸ਼ਬਦ ਤੂੰ ਮੈਨੂੰ ਕਹੇ ਹਨ, ਮੈਨੂੰ ਤੇਰੇ ਪਾਸੋਂ ਇਨ੍ਹਾਂ ਸ਼ਬਦਾਂ ਦੀ ਆਸ ਨਹੀਂ ਸੀ। ਤੂੰ ਮੈਨੂੰ ਇਹ ਸ਼ਬਦ ਕਹਿ ਕੇ ਗਾਲ੍ਹ ਕੱਢੀ ਹੈ। ਬੀਬੀ ਦਾ ਭਾਵ ਇਹ ਸੀ ਕਿ ਕੀ ਤੁਹਾਨੂੰ ਪਾਲ ਕੇ ਮੈਂ ਮਾਂ-ਪੁਣਾ ਨਹੀਂ ਕਮਾਇਆ ਤੇ ਅਜੇ ਕੋਈ ਕਸਰ ਬਾਕੀ



ਰਹਿ ਗਈ ਹੈ? ਮੈਂ ਬੀਬੀ ਕੋਲੋਂ ਇਹ ਗੱਲਾਂ ਸੁਣ ਕੇ ਪ੍ਰਸ਼ਨ ਕੀਤਾ ਕਿ ਬੀਬੀ ਤੇਰੀ ਸੱਠ ਸਾਲ ਦੀ ਉਮਰ ਹੋ ਚੁੱਕੀ ਹੈ, ਤੂੰ ਦੱਸ ਕਿ ਤੈਨੂੰ ਆਪਣੀ ਸਾਰੀ ਉਮਰ ਦੇ ਸਵਾਸਾਂ ਵਿਚੋਂ ਕਿਸੇ ਇਕ ਵੀ ਸਵਾਸ ਵਿਚ ਵਿਆਹ ਦਾ ਖ਼ਿਆਲ ਆਇਆ ਸੀ ਜਾਂ ਨਹੀਂ ? ਉਸ ਨੇ ਮੇਰਾ ਪ੍ਰਸ਼ਨ ਸੁਣ ਕੇ ਚਿਹਰੇ ਦੇ ਖਿੜਾਅ ਤੇ ਜਲਾਲ ਵਿਚ ਆ ਕੇ ਕਿਹਾ ਕਿ ਮੈਨੂੰ ਆਪਣੇ ਜੀਵਨ ਵਿਚ ਕਿਸੇ ਸਾਂਸ ਵਿਚ ਵੀ ਵਿਆਹ ਦਾ ਖ਼ਿਆਲ ਨਹੀਂ ਆਇਆ।

ਬੀਬੀ ਜਦੋਂ ਕਿਸੇ ਨਾਲ ਗੱਲ ਕਰਦੀ ਹੈ ਤਾਂ ਗੱਲ ਕਰਦੀ ਹੋਈ ੧੦-੧੫ ਮਿੰਟਾਂ ਮਗਰੋਂ ਵਾਹਿਗੁਰੂ ਵਾਹਿਗੁਰੂ ਪੰਜ ਸੱਤ ਵਾਰੀ ਉੱਚੀ ਉੱਚੀ ਕਹਿ ਦਿੰਦੀ ਹੈ। ਇਕ ਗੱਲ ਖ਼ਾਸ ਤੌਰ 'ਤੇ ਧਿਆਨ ਵਿਚ ਲਿਆਉਣ ਵਾਲੀ ਹੈ ਕਿ ਬੀਬੀ ਨੇ ਜਿੰਨੀ ਨੌਕਰੀ ਅਧਿਆਪਕਾ ਦੀ ਕੀਤੀ ਹੈ ਉਸ ਸਮੇਂ ਵਿਚਕਾਰ ਜਿੰਨੀਆਂ ਵੀ ਛੁੱਟੀਆਂ ਆਉਂਦੀਆਂ ਰਹੀਆਂ ਉਹ ਸਾਰੀਆਂ ਛੁੱਟੀਆਂ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿਚ ਗੁਜ਼ਾਰਦੀ ਰਹੀ। ਬੀਬੀ ਸਾਂਸ ਸਾਂਸ ਵਾਹਿਗੁਰੂ ਦਾ ਅਜਪਾ ਜਾਪ ਕਰਦੀ ਹੈ। ਤੜਕੇ ਉੱਠ ਕੇ ਇਸ਼ਨਾਨ ਕਰਕੇ ਉਹ ਗੁਰਬਾਣੀ ਦੇ ਨਿਤਨੇਮ ਦਾ ਪਾਠ ਕਰਦੀ ਹੈ। ਫਿਰ ਦਿਨ ਚੜ੍ਹੇ ਗੁਰਦੁਆਰੇ ਜਾ ਕੇ ਗੁਰਬਾਣੀ ਦਾ ਕੀਰਤਨ ਤੇ ਕਥਾ ਸੁਣਦੀ ਹੈ। ਸੰਗਤਾਂ ਦੀ ਸੇਵਾ ਕਰਦੀ ਹੈ। ਬੀਬੀ ਆਪਣੀ ਤਨਖਾਹ ਵਿਚੋਂ ਦਸਵੰਧ ਵੀ ਕੱਢਦੀ ਰਹੀ ਹੈ। ਬੀਬੀ ਨੂੰ ਗੁਰਬਾਣੀ ਦੀ ਇੰਨੀ ਵਾਕਫ਼ੀਅਤ ਹੋ ਚੁੱਕੀ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਦੀ ਹੈ।

ਬੀਬੀ ਨੇ ੨੨ ਸਾਲ ਦੀ ਉਮਰ ਵਿਚ ਸਿਰ 'ਤੇ ਦਸਤਾਰ ਸਜਾ ਲਈ ਸੀ। ਮੈਂ ਬੀਬੀ ਨੂੰ ਪੁੱਛਿਆ ਕਿ ਬੀਬੀ ਇਹ ਦੱਸ ਕਿ ਜਿਸ ਦਿਨ ਤੋਂ ਤੂੰ ਦਸਤਾਰ ਸਜਾਈ ਹੈ ਉਸ ਸਮੇਂ ਤੋਂ ਲੈ ਕੇ ਹੁਣ ਤਕ ਜਿਹੜੇ ਬੰਦੇ ਤੈਨੂੰ ਦੇਖਦੇ ਰਹੇ ਤੇਰੀ ਦਸਤਾਰ ਦੇ ਕਾਰਨ ਉਨ੍ਹਾਂ ਦੀ ਨਿਗਾਹ ਵਿਚ ਕੋਈ ਫ਼ਰਕ ਪਿਆ। ਉਸ ਨੇ ਉੱਤਰ ਦਿੱਤਾ ਕਿ ਹਾਂ ਪਿਆ। ਫ਼ਰਕ ਇਹ ਪਿਆ ਕਿ ਮੇਰੀ ੨੨ ਸਾਲ ਦੀ ਉਮਰ ਤੋਂ ਲੈ ਕੇ ੬੦ ਸਾਲ ਦੀ ਉਮਰ ਤਕ ਮੈਨੂੰ ਕੋਈ ਐਸਾ ਬੰਦਾ ਨਜ਼ਰ ਨਹੀਂ ਆਇਆ ਜਿਸ ਨੇ ਮੈਨੂੰ ਖੋਟੀ ਨਜ਼ਰ ਨਾਲ ਦੇਖਿਆ ਹੋਵੇ ਜਾਂ ਪ੍ਰੇਸ਼ਾਨ ਕੀਤਾ ਹੋਵੇ। ਜਿਸ ਨੇ ਵੀ ਮੈਨੂੰ ਦੇਖਿਆ ਉਹ ਹੀ ਨੇਕ ਬਣ ਗਿਆ। ਉਸ ਵਿਚ ਖੋਟਾਪਨ ਰਿਹਾ ਹੀ ਨਾ। ਇਹ ਗੱਲ ਦੱਸੀ ਜਾਣ ਵਾਲੀ ਹੈ ਕਿ ਬੀਬੀ ਬਹੁਤ ਖ਼ੂਬਸੂਰਤ ਹੈ। ਅਸੀਂ ਹਰ ਰੋਜ਼ ਅਖ਼ਬਾਰਾਂ ਵਿਚ ਪੜ੍ਹਦੇ

ਰਹਿੰਦੇ ਹਾਂ ਕਿ ਸ਼ੈਤਾਨ ਆਦਮੀ ਨੌਜਵਾਨ ਕੁੜੀਆਂ ਨਾਲ ਅਜਿਹੇ ਕਹਿਰ ਕਮਾਉਂਦੇ ਹਨ ਕਿ ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ । ਇਸੇ ਦੁਨੀਆਂ ਵਿਚ ਬੀਬੀ ਸੁਸ਼ੀਲ ਕੌਰ ਦੀ ਕਹਾਣੀ ਹੈ ਜਿਸ ਨੂੰ ਦੇਖ ਕੇ ਕੋਈ ਲੁੱਚਾ ਲੁੱਚਾ ਹੀ ਨਾ ਰਿਹਾ।

ਬੀਬੀ ਦੇ ਜੀਵਨ ਤੋਂ ਇਹ ਪਤਾ ਲਗੇਗਾ ਕਿ ਜਦੋਂ ਮਨੁੱਖ ਨੂੰ ਪਰਉਪਕਾਰ ਦੇ ਕੰਮਾਂ ਦਾ ਰਸ ਆ ਜਾਵੇ ਤਾਂ ਉਸ ਦਾ ਖੋਟੇ ਰਸਾਂ ਵੱਲ ਖ਼ਿਆਲ ਹੀ ਨਹੀਂ ਜਾਂਦਾ । ਇਹੋ ਸਿੱਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੰਦ ਸਾਹਿਬ ਵਿਚੋਂ ਹੇਠ ਲਿਖੀ ਤੁਕ ਵਿਚ ਮਿਲਦੀ ਹੈ ।

**ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ**
**ਜਾ ਹਰਿ ਵਸੈ ਮਨਿ ਆਇ ॥**

**(ਅੰਗ ੯੨੧)**

ਬੀਬੀ ਨੇ ਇਕ ਪਾਸੇ ਤਾਂ ਭੁੱਖਾਂ ਪਿਆਸਾਂ ਕੱਟਦੇ ਹੋਏ ਭੈਣਾਂ ਭਰਾ ਪਾਲੇ ਤੇ ਦੂਜੇ ਪਾਸੇ ਬਹੁਤੀ ਤਨਖਾਹ, ਗਰੇਡਾਂ ਤੇ ਪ੍ਰਾਵੀਡੈਂਟ ਫੰਡ ਤੇ ਹੋਰ ਸਹੂਲਤਾਂ ਵਾਲੀ ਸਰਕਾਰੀ ਨੌਕਰੀ ਛੱਡ ਕੇ ਥੋੜ੍ਹੀ ਤਨਖਾਹ 'ਤੇ ਇਕ ਖ਼ਾਲਸਾ ਸਕੂਲ ਵਿਚ ਗੁਰਮਤਿ ਦੀ ਸਿੱਖਿਆ ਦੇਣ ਲਈ ਨੌਕਰੀ ਕੀਤੀ । ਇਹਨਾਂ ਕੰਮਾਂ ਵਿਚ ਉਸ ਨੂੰ ਪਵਿੱਤਰ ਪ੍ਰਸੰਨਤਾ ਪ੍ਰਾਪਤ ਹੋਈ ਤੇ ਖੋਟੇ ਰਸਾਂ ਵੱਲ ਉਸ ਦਾ ਧਿਆਨ ਹੀ ਨਾ ਗਿਆ ।

ਇਸ ਸਮੇਂ ਸੰਸਾਰ ਵਿਚ ਅਬਾਦੀ ਦੀ ਸਮੱਸਿਆ ਸਭ ਤੋਂ ਭਿਆਨਕ ਸਮੱਸਿਆ ਹੈ । ਡਾਕਟਰੀ ਸਾਇੰਸ ਨੇ ਇਤਨੀ ਉੱਨਤੀ ਕੀਤੀ ਹੈ ਕਿ ਅਨੇਕਾਂ ਹੀ ਰੋਗਾਂ ਦਾ ਇਲਾਜ ਲੱਭ ਲਿਆ ਹੈ ਜਿਨ੍ਹਾਂ ਨਾਲ ਦੁਨੀਆਂ ਮਰਦੀ ਸੀ ਤੇ ਅਬਾਦੀ ਘਟਦੀ ਸੀ । ਪਹਿਲੇ ਜ਼ਮਾਨੇ ਵਿਚ ਜਦ ਰੇਲ ਗੱਡੀ ਤੇ ਟਰੱਕ ਨਹੀਂ ਸਨ ਜਿੱਥੇ ਕਾਲ ਪੈਂਦਾ ਸੀ ਉੱਥੇ ਲੋਕੀਂ ਭੁੱਖ ਨਾਲ ਮਰ ਜਾਂਦੇ ਸਨ । ਪਰ ਹੁਣ ਜਿੱਥੇ ਕਾਲ ਪੈਂਦਾ ਹੈ ਰੇਲ ਗੱਡੀਆਂ ਤੇ ਟਰੱਕ ਅਨਾਜ ਢੋਅ ਕੇ ਲੈ ਜਾਂਦੇ ਹਨ ਤੇ ਲੋਕਾਂ ਨੂੰ ਬਚਾ ਲੈਂਦੇ ਹਨ । ਡਾਕਟਰੀ ਸਾਇੰਸ ਤੇ ਰੇਲ ਗੱਡੀਆਂ ਨੇ ਜੋ ਮੌਤਾਂ ਘਟਾਈਆਂ ਹਨ, ਉਹਨਾਂ ਮੌਤਾਂ ਦੇ ਘਟਣ ਨਾਲ ਜੋ ਵੀ ਅਬਾਦੀ ਵਧ ਰਹੀ ਹੈ, ਉਹ ਅਬਾਦੀ ਦੋ ਢੰਗਾਂ ਨਾਲ ਘਟ ਸਕਦੀ ਹੈ ਜਾਂ ਕਾਲ ਪੈਣ ਨਾਲ ਜਾਂ ਕਾਲ ਦੇ ਵੇਲੇ ਦੇ ਕਤਲਾਂ ਨਾਲ ਜਾਂ ਬੀਬੀ ਸੁਸ਼ੀਲ ਕੌਰ ਦੇ ਢੰਗ ਨਾਲ। ਅਨੇਕਾਂ ਨੌਜਵਾਨ ਕੁੜੀਆਂ ਹਮਲ ਗਿਰਾ ਕੇ ਮਰਦੀਆਂ ਹਨ । ਜਿਹੜੇ



ਇਸਤਰੀ ਪੁਰਸ਼ ਚਾਹੁੰਦੇ ਹਨ ਕਿ ਕਾਲ ਤੇ ਕਤਲਾਂ ਨਾਲ ਲੋਕੀਂ ਨਾ ਮਰਨ ਤੇ ਹਮਲ ਗਿਰਾਉਣ ਦੀ ਨੌਬਤ ਨਾ ਆਵੇ ਉਹਨਾਂ ਲਈ ਮੈਂ ਬੀਬੀ ਸੁਸ਼ੀਲ ਕੌਰ ਦਾ ਜੀਵਨ ਪੇਸ਼ ਕਰ ਦਿੱਤਾ ਹੈ। ਬੀਬੀ ਦੇ ਭੈਣ ਭਰਾ ਚਾਹੁੰਦੇ ਹਨ ਕਿ ਉਹ ਉਹਨਾਂ ਪਾਸ ਜੋਧਪੁਰ ਰਹੇ ਪਰ ਬੀਬੀ ਬਠਿੰਡੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰ ਰਹੀ ਹੈ ਤੇ ਘਰ ਘਰ ਉਸ ਦੀ ਪੂਜਾ ਹੁੰਦੀ ਹੈ । ਮੈਂ ਬੀਬੀ ਦੀ ਫੋਟੋ ਖਿਚਵਾਈ ਹੈ। ਮੈਂ ਚਾਹੁੰਦਾ ਹਾਂ ਕਿ ਬੀਬੀ ਦੀ ਫੋਟੋ ਘਰ ਘਰ ਪਹੁੰਚ ਜਾਵੇ ਤਾਂ ਜੋ ਦੇਸ਼ ਦੇ ਲੋਕ ਕਾਲ ਨਾਲ ਮਰਨ, ਕਤਲਾਂ ਨਾਲ ਮਰਨ ਤੇ ਹਮਲ ਗਿਰਾਉਣ ਨਾਲ ਮਰਨ ਦੇ ਰਾਹ ਤੋਂ ਬਚ ਜਾਣ । ਭੁੱਖੇ ਮਰਦੇ ਦੇਸ਼ ਵਿਚ ਬੀਬੀਆਂ ਮਰਨ ਦੇ ਰਾਹ ਤੋਂ ਬਚ ਸਕਣ । ਭੁੱਖੇ ਮਰਦੇ ਦੇਸ਼ ਵਿਚ ਬੀਬੀਆਂ ੨੦੦ ਰੁਪਏ ਮਹੀਨੇ ਤੋਂ ਵੱਧ ਸਜਾਵਟ ਉੱਤੇ ਖ਼ਰਚ ਕਰ ਦੇਂਦੀਆਂ ਹਨ ਤਾਂ ਜੋ ਉਹਨਾਂ ਦੇ ਪਤੀਆਂ ਦਾ ਧਿਆਨ ਉਹਨਾਂ ਵੱਲ ਖਿੱਚਿਆ ਜਾਵੇ। ਇਹ ਤਬਾਹੀ ਦਾ ਰਸਤਾ ਹੈ । ਰਸਤਾ ਇਕੋ ਹੈ ਬੀਬੀ ਸੁਸ਼ੀਲ ਕੌਰ ਦਾ ਜਿਸ ਨਾਲ ਦੁਨੀਆਂ ਤਬਾਹ ਹੋਣ ਤੋਂ ਬਚ ਸਕਦੀ ਹੈ । ਬੀਬੀ ਸੁਸ਼ੀਲ ਕੌਰ ਦਾ ਰਸਤਾ ਵਾਹਿਗੁਰੂ ਦੇ ਵੈਰਾਗ ਦਾ ਰਸਤਾ ਹੈ ।

ਇਹ ਹੈ ਗੁਰ-ਮਰਯਾਦਾ ਅਨੁਸਾਰ ਜੀਵਨ ਬਤੀਤ ਕਰਨ ਦਾ ਫ਼ਲ । ਤੜਕੇ ਉੱਠ ਕੇ ਇਸ਼ਨਾਨ ਕਰਕੇ, ਗੁਰਬਾਣੀ ਦੇ ਨਿਤੇਨਮ ਦਾ ਪਾਠ ਕਰਨਾ, ਗੁਰਦੁਆਰੇ ਜਾਣਾ, ਕੀਰਤਨ ਸੁਣਨਾ, ਸ੍ਰੀ ਗਰੂ ਗ੍ਰੰਥ ਸਾਹਿਬ ਦਾ ਵਾਕ ਸੁਣਨਾ। ਗੁਰਦੁਆਰੇ ਆਏ ਅਪਾਹਿਜਾਂ ਤੇ ਮੇਰੇ ਵਰਗੇ ਪ੍ਰਚਾਰ ਕਰਨ ਵਾਲੇ ਭਗਤਾਂ ਨੂੰ ਦਸਵੰਧ ਕੱਢ ਕੇ ਦਾਨ ਦੇਣਾ । ਇਹ ਹੈ ਮੇਰੀ ੮੧ ਸਾਲ ਦੀ ਉਮਰ ਦੀ ਜ਼ਿੰਦਗੀ ਦਾ ਤਜਰਬਾ ।

-o-

## ਇਕ ਸ਼ਲਾਘਾਯੋਗ ਭੁੱਲ

A WELCOME MISTAKE

A gentleman once asked if Kasturba was his mother, and Gandhi said, 'Yes'. The next morning at a public meeting at Motale (Ceylon), which Kasturba did not attend, people missed her and inquired. "why mother had not come." He replied, "A gentleman did last night mistake her for my mother and for me, as for her, it is not only a pardonable mistake but a welcome mistake. For years past, she has ceased to be my wife by mutual consent. Nearly forty year ago, I became an orphan and for thrity years she has filled the place of my mother. She has been my mother, friend, nurse, cook, bottle-washer and all these things. If in the early morning she had come away with me to divide the honours I should have gone without my food and no one would have looked after my clothing and comforts, so we have come to a reasonable understanding that I should have all the honours and she should have all the drudgery.

ਇਕ ਵਾਰੀ ਇਕ ਸੱਜਣ ਨੇ ਗਾਂਧੀ ਜੀ ਤੋਂ ਪੁੱਛਿਆ ਕਿ ਕੀ ਕਸਤੂਰਬਾ ਉਹਨਾਂ ਦੀ ਮਾਤਾ ਹੈ ? ਤਾਂ ਗਾਂਧੀ ਜੀ ਨੇ ਹਾਂ ਵਿਚ ਉੱਤਰ ਦਿੱਤਾ। ਅਗਲੀ ਸਵੇਰ ਸੀਲੋਨ (ਲੰਕਾ) ਵਿਚ ਮੋਟੇਲ ਦੇ ਸਥਾਨ 'ਤੇ ਇਕ ਜਨ-ਸਭਾ (ਲੋਕ ਇਕੱਤਰਤਾ) ਹੋਈ ਜਿਸ ਵਿਚ ਕਸਤੂਰਬਾ ਜੀ ਹਾਜ਼ਰ ਨਾ ਹੋਏ । ਲੋਕਾਂ ਨੂੰ ਉਨ੍ਹਾਂ ਦੀ ਗ਼ੈਰ ਹਾਜ਼ਰੀ ਅੱਖਰੀ ਅਤੇ ਉਨ੍ਹਾਂ ਨੇ ਗਾਂਧੀ ਜੀ ਤੋਂ ਪੁੱਛਿਆ ਕਿ, "ਮਾਂ ਕਿਉਂ ਨਹੀਂ ਆਏ ?" ਗਾਂਧੀ ਜੀ ਨੇ ਉੱਤਰ ਦਿੱਤਾ, "ਪਿਛਲੀ ਰਾਤ ਇਕ ਭੱਦਰ ਪੁਰਸ਼ ਗ਼ਲਤੀ ਨਾਲ ਉਨ੍ਹਾਂ ਨੂੰ ਮੇਰੀ ਮਾਂ ਸਮਝ ਬੈਠਿਆ, ਮੇਰੇ ਲਈ ਅਤੇ ਕਸਤੂਰਬਾ ਲਈ ਇਹ ਭੁੱਲ ਮੁਆਫ਼ ਕਰਨਯੋਗ ਹੀ ਨਹੀਂ ਬਲਕਿ ਸਵਾਗਤ ਕਰਨ ਦੇ ਯੋਗ ਸੀ ।" ਪਿੱਛਲੇ ਕਈ ਸਾਲਾਂ ਤੋਂ



ਸਾਡੀ ਆਪਸੀ ਪ੍ਰਵਾਨਗੀ ਅਨੁਸਾਰ ਉਹ ਮੇਰੀ ਧਰਮ ਪਤਨੀ ਨਹੀਂ ਰਹੀ। ਲੱਗਪਗ ੪੦ ਸਾਲ ਪਹਿਲਾਂ ਮੈਂ ਯਤੀਮ ਹੋ ਗਿਆ ਅਤੇ ਤੀਹ ਸਾਲਾਂ ਤੋਂ ਉਹ ਮੇਰੀ ਮਾਤਾ, ਮਿੱਤਰ, ਨਰਸ, ਖਾਣਾ ਪਕਾਉਣ ਵਾਲੀ, ਬੋਤਲਾਂ ਸਾਫ਼ ਕਰਨ ਵਾਲੀ, ਮੁੱਕਦੀ ਗੱਲ ਇਹ ਹੈ ਕਿ ਮੇਰੇ ਲਈ ਉਹ ਸਭ ਕੁਝ ਰਹੀ ਹੈ। ਜੇਕਰ ਸਵੇਰੇ ਉਹ ਮੇਰੇ ਨਾਲ ਇੱਜ਼ਤ ਵੰਡਾਉਣ ਲਈ ਇੱਥੇ ਆਈ ਹੁੰਦੀ ਤਾਂ ਮੈਨੂੰ ਖਾਣਾ ਨਾ ਮਿਲਦਾ ਅਤੇ ਨਾ ਹੀ ਕਿਸੇ ਨੂੰ ਮੇਰੇ ਬਿਸਤਰੇ 'ਤੇ ਅਰਾਮ ਦਾ ਖ਼ਿਆਲ ਹੁੰਦਾ। ਇਸ ਲਈ ਅਸੀਂ ਉਚਿਤ ਸਮਝੌਤੇ 'ਤੇ ਪੁੱਜੇ ਹਾਂ ਕਿ ਸਾਰਾ ਮਾਣ ਸਤਿਕਾਰ ਤਾਂ ਮੈਂ ਸਵੀਕਾਰ ਕਰਾਂਗਾ ਅਤੇ ਘਰ ਦਾ ਸਾਰਾ ਕੰਮ ਉਹ ਕਰੇਗੀ।"

## The Apostle's Call

If you have completely conquered Avarice and Hedonism, you may think of devoting your time and energy entirely to some progressive Movements, and accepting only food, clothing and shelter as your remuneration. You will not get wages or a salary, and you will have to live a very simple life of active service. You may work as a speaker, writer, and organizer. You will not think of earning money or enjoying the so called comforts and luxuries that other men and women love so much. You will aim only at self-culture and Social Service. If you feel such a call within you, you should defer love and marriage as long as possible. You may wisely choose celibacy, like Spinoza, Mazzini, Louise Michel and Spencer; or you marry late, like George Fox and Elsa Brandstrom. You would prefer a childless marriage or a family of only one child, so that you may be free from mental distraction and the movement may not have to spend too much on your personal

maintenance. If you marry, choose a likeminded apostle of Rationalism, not a commonplace a varicious man or woman. Thus you can continue and carry on the tradition of the great philosophers and saints of all the ancient Orders and Churches in modern Rationalism which fulfils them all.

-Hints for Self Culture by Lala Hardayal M.A.

## ਸੱਚਾਈ ਦਾ ਆਗੂ ਬਣਨ ਦੀ ਤਾਂਘ

ਜੇਕਰ ਤੁਸੀਂ ਲਾਲਚ ਅਤੇ ਅਨੰਦ ਪ੍ਰਾਪਤ ਕਰਨ ਦੀ ਫ਼ਿਲਾਸਫ਼ੀ ਉੱਤੇ ਪੂਰਾ ਕਾਬੂ ਪਾ ਲਿਆ ਹੈ ਤਾਂ ਤੁਸੀਂ ਸ਼ਾਇਦ ਕਿਸੇ ਅਗਾਂਹ-ਵਧੂ ਅੰਦੋਲਨ ਵੱਲ ਆਪਣਾ ਪੂਰਾ ਸਮਾਂ ਤੇ ਸ਼ਕਤੀ ਲਗਾ ਸਕੋ ਅਤੇ ਇਸ ਦੇ ਬਦਲੇ ਜਾਂ ਇਵਜ਼ਾਨੇ ਦੇ ਤੌਰ 'ਤੇ ਕੇਵਲ ਕੁੱਲੀ, ਗੁੱਲੀ ਤੇ ਜੁੱਲੀ ਨੂੰ ਸਵੀਕਾਰ ਕਰ ਲਵੋ। ਅਜਿਹੀ ਉੱਚੀ ਸੇਵਾ ਵਿਚ ਨਾ ਤੁਹਾਨੂੰ ਮਜੂਰੀ ਮਿਲੇਗੀ ਨਾ ਤਨਖ਼ਾਹ ਅਤੇ ਤੁਹਾਨੂੰ ਅਮਲੀ ਸੇਵਾ ਕਰਦਿਆਂ ਹੋਇਆਂ ਬਹੁਤ ਸਾਦਾ ਜੀਵਨ ਗੁਜ਼ਾਰਨਾ ਪਵੇਗਾ । ਤੁਸੀਂ ਚਾਹੋ ਤਾਂ ਸਪੀਕਰ (ਵਕਤਾ) ਲਿਖਾਰੀ ਜਾਂ ਪ੍ਰਬੰਧਕ ਬਣ ਸਕਦੇ ਹੋ । ਤੁਸੀਂ ਪੈਸਾ ਕਮਾਉਣ ਦਾ ਖ਼ਿਆਲ ਨਹੀਂ ਕਰੋਗੇ ਅਤੇ ਨਾ ਹੀ ਉਹ ਅਰਾਮ ਤੇ ਐਸ਼ ਭਾਲੋਗੇ ਜਿਨ੍ਹਾਂ ਨੂੰ ਹੋਰ ਮਰਦ ਤੇ ਇਸਤਰੀਆਂ ਪਿਆਰ ਕਰਦੇ ਹਨ । ਤੁਸੀਂ ਕੇਵਲ ਆਪਣੇ ਮਨ ਦੀ ਉਚਾਈ ਪ੍ਰਾਪਤ ਕਰਨ ਲਈ ਜਾਂ ਸਮਾਜਿਕ ਸੇਵਾ ਲਈ ਹੀ ਯਤਨ ਕਰੋਗੇ । ਜੇ ਤੁਹਾਨੂੰ ਮਨ ਅੰਦਰ ਇਹੋ ਜਿਹੀ ਤਾਂਘ ਉੱਠਦੀ ਹੈ ਤਾਂ ਤੁਹਾਨੂੰ ਪਿਆਰ ਅਤੇ ਵਿਆਹ ਨੂੰ ਜਦੋਂ ਤਕ ਹੋ ਸਕੇ ਭੁਲਾ ਦੇਣਾ ਚਾਹੀਦਾ ਹੈ ਅਤੇ ਅਕਲਮੰਦੀ ਇਹ ਹੈ ਕਿ ਤੁਸੀਂ ਬ੍ਰਹਮਚਾਰੀ ਬਣੋ ਜਿਵੇਂ ਕਿ ਦੁਨੀਆਂ ਦੇ ਮਹਾਨ ਪੁਰਸ਼ ਸਪਾਈਨੋਜ਼ਾ, ਮੈਜ਼ਿਨੀ, ਲੁਈਸ, ਮਾਈਕਲ ਅਤੇ ਸਪੈਨਸਰ ਬਣੇ ਜਾਂ ਤੁਸੀਂ ਜਾਰਜ ਫਾਕਸ ਅਤੇ ਇਲਜ਼ਾ ਬਰੈਂਡ ਸਟਰਾਮ ਵਾਂਙ ਦੇਰ ਨਾਲ ਵਿਆਹ ਕਰ ਸਕਦੇ ਹੋ । ਚੰਗੀ ਗੱਲ ਤਾਂ ਇਹ ਹੈ ਕਿ ਸ਼ਾਦੀ ਤੋਂ ਕੋਈ ਸੰਤਾਨ ਪੈਦਾ ਨਾ ਹੋਵੇ ਜਾਂ ਕੇਵਲ ਇਕ ਬੱਚਾ ਹੀ ਹੋਵੇ ਤਾਂ ਜੋ ਤੁਹਾਨੂੰ ਕੋਈ ਦਿਮਾਗ਼ੀ ਚਿੰਤਾ ਨਾ ਰਹੇ ਅਤੇ ਅੰਦੋਲਨ ਨੂੰ ਤੁਹਾਡੀਆਂ ਨਿੱਜੀ ਲੋੜਾਂ ਲਈ ਬਹੁਤਾ ਖ਼ਰਚ ਨਾ ਕਰਨਾ ਪਵੇ । ਜੇ ਤੁਸੀਂ ਸ਼ਾਦੀ ਕਰੋ ਵੀ ਤਾਂ ਆਪਣੇ ਵਰਗੇ ਹੀ ਸੱਚਾਈ ਦੇ



ਖੋਜੀ ਦੀ ਭਾਲ ਕਰੋ । ਆਮ ਲਾਲਚੀ ਮਰਦ ਇਸਤਰੀਆਂ ਨੂੰ ਨਾ ਲੱਭੋ । ਇਸ ਤਰ੍ਹਾਂ ਤੁਸੀਂ ਪ੍ਰਸਿੱਧ ਫ਼ਿਲਾਸਫ਼ਰਾਂ ਤੇ ਸਾਧੂ ਸੰਤਾਂ ਦੀ ਪ੍ਰੰਪਰਾ ਨੂੰ ਕਾਇਮ ਰੱਖ ਸਕਦੇ ਹੋ । ਇਹ ਪ੍ਰੰਪਰਾ ਸਭ ਪੁਰਾਣੇ ਧਰਮਾਂ ਅਤੇ ਸੰਪ੍ਰਦਾਵਾਂ ਦੀ ਪ੍ਰੰਪਰਾ ਹੈ ਅਤੇ ਅੱਜਕੱਲ੍ਹ ਦੀ ਸਚਾਈ ਵਾਲੀ ਖੋਜ ਵਾਲੀ ਪ੍ਰੰਪਰਾ ਵਿਚ ਸਭ ਕੁਝ ਆ ਜਾਂਦਾ ਹੈ।

## THE GLORY OF BUILDING

*By John Ruskin*

God has lend us earth for our life. It is a great entail. It belongs as much to those who are to come after us and whose names are already written on the book of creation as to us; and we have no right by anything we do or neglect, to involve them in unnecessary penalties, or deprive them of benefits which it was in our power to bequeath. And this is all the more because it is one of the appointed conditions of the labour of men, that in proportion of the time between the seed sowing and the harvest is the fullness of the fruit, and that generally, therefore, the farther off we place our aim and the less we desire to be ourselves the witness of what we have laboured for the more and wider and richer will be measure of our success. Man can't benefit those that are with them as they can benefit those who are to come after them, and of all the pulpits from which human voice is ever sent forth, there is none from which it reaches so for as from the grave. Nor is there, indeed, any present loss in such respect for futurity. Every human action gains in honour, in grace, in all true magnificence, by its regard to things that are to come. It is the farsight, the quiet and confident patience, that above all other attributes, separate man from man and take

him near to his maker, and there is no action nor art whose majesty, we may not measure by this test. Therefore, when we build, let us think that we build for ever. Let it not be for present delight, nor for present use alone, let it be such work as our descendants will thank us for, and let us think that as we lay stone on stone, a time is to come when those stones will be held sacred, because our hands have touched them, that men will say as they look upon the labour and wrought substances of them: "See! this our fathers did for us." For indeed, the greatest glory of a building is not in its stone or in its gold; its glory in its age.

—From the monthly Journal Great Thoughts, London.

## ਉਸਾਰੀ ਦੀ ਮਹਿਮਾ

ਵਾਹਿਗੁਰੂ ਨੇ ਇਹ ਧਰਤੀ ਸਾਨੂੰ ਜੀਵਨ ਦੇ ਨਿਰਬਾਹ ਲਈ ਬਖ਼ਸ਼ੀ ਹੋਈ ਹੈ । ਇਹ ਸਾਰੀ ਮਨੁੱਖਾ-ਨਸਲ ਦੀ ਮਹਾਨ ਜਾਇਦਾਦ ਸਮਝਣੀ ਚਾਹੀਦੀ ਹੈ । ਇਸ ਉੱਤੇ ਜਿੰਨਾ ਅਧਿਕਾਰ ਸਾਡਾ ਹੈ ਉਤਨਾ ਹੀ ਉਨ੍ਹਾਂ ਬੰਦਿਆਂ ਦਾ ਵੀ ਹੈ ਜਿਨ੍ਹਾਂ ਨੇ ਸਾਡੇ ਪਿੱਛੋਂ ਆਉਣਾ ਹੈ ਤੇ ਜਿਨ੍ਹਾਂ ਦੇ ਨਾਮ ਰਚਨਾ ਦੀ ਪੁਸਤਕ ਵਿਚ ਅੱਗੇ ਹੀ ਦਰਜ ਹੋ ਚੁੱਕੇ ਹੋਏ ਹਨ ਅਤੇ ਸਾਨੂੰ ਕੋਈ ਅਜਿਹੀ ਗੱਲ ਕਰਨ ਜਾਂ ਭੁਲਾ ਛੱਡਣ ਦਾ ਅਧਿਕਾਰ ਨਹੀਂ ਜੋ ਆਉਣ ਵਾਲੀਆਂ ਨਸਲਾਂ ਨੂੰ ਬੇਲੋੜੀਆਂ ਸਜ਼ਾਵਾਂ ਭੁਗਤਾਵੇ ਜਾਂ ਉਨ੍ਹਾਂ ਲਾਭਾਂ ਤੋਂ ਵਾਂਞੇ ਕਰੇ ਜਿਹੜੇ ਕਿ ਅਸੀਂ ਆਪਣੀ ਸੰਸਾਰਿਕ ਯਾਤਰਾ ਕਰਦਿਆਂ ਹੋਇਆਂ ਉਹਨਾਂ ਲਈ ਛੱਡ ਸਕਦੇ ਹਾਂ ਅਤੇ ਇਹ ਗੱਲ ਇਸ ਲਈ ਵੀ ਉਚਿਤ ਹੈ ਕਿਉਂਕਿ ਮਨੁੱਖਾਂ ਦੀਆਂ ਮਜੂਰੀ ਦੀਆਂ ਸਿੱਖੀਆਂ ਹੋਈਆਂ ਸ਼ਰਤਾਂ ਵਿਚੋਂ ਇਕ ਸ਼ਰਤ ਇਹ ਹੁੰਦੀ ਹੈ ਕਿ ਕਿਸੇ ਬੀਜ ਨੂੰ ਧਰਤੀ ਵਿਚ ਬੀਜਣ ਅਤੇ ਉਸ ਤੋਂ ਉਪਜੀ ਹੋਈ ਫ਼ਸਲ ਪੱਕਣ ਵਿਚ ਜਿਸ ਨਿਸਬਤ ਨਾਲ ਸਮਾਂ ਲੱਗਦਾ ਹੈ ਉਸ ਅਨੁਸਾਰ ਹੀ ਫਲ ਦੀ ਪਕਿਆਈ ਵੀ ਹੁੰਦੀ ਹੈ । ਇਸ ਲਈ ਆਪਣੀ ਜੀਵਨ ਯਾਤਰਾ ਵਿਚ ਜਿਤਨਾ ਹੀ ਅਸੀਂ ਆਪਣੇ ਕੰਮਾਂ ਦਾ ਮਨੋਰਥ ਦੁਰੇਡਾ ਰੱਖਾਂਗੇ ਅਤੇ ਉਹਨਾਂ ਕੰਮਾਂ ਤੋਂ ਉਪਜੇ ਕੰਮਾਂ ਦੀ ਪ੍ਰਾਪਤੀ ਵੇਖਣ ਦੀ ਇੱਛਾ ਘੱਟ ਤੋਂ ਘੱਟ ਕਰਾਂਗੇ ਉਤਨਾ ਹੀ ਵਧੇਰੇ ਚੌੜਾ ਅਤੇ ਮੁੱਲ ਵਾਲਾ ਸਾਡੀ



ਸਫਲਤਾ ਦਾ ਨਾਪ ਹੋਵੇਗਾ। ਸੰਸਾਰ ਦੇ ਬੰਦੇ ਆਪਣੇ ਨਾਲ ਰਹਿਣ ਵਾਲੇ ਬੰਦਿਆਂ ਦਾ ਭਲਾ ਉਤਨਾ ਵਧੇਰੇ ਨਹੀਂ ਕਰ ਸਕਦੇ ਜਿਤਨਾ ਕਿ ਉਹ ਆਉਣ ਵਾਲੀਆਂ ਨਸਲਾਂ ਦਾ ਕਰ ਸਕਦੇ ਹਨ ਅਤੇ ਸੰਸਾਰ ਵਿਚ ਜਿੰਨੀ ਵੀ ਮਨੁੱਖੀ ਕੂਕ ਵੱਖ-ਵੱਖ ਧੜਿਆਂ ਤੋਂ ਸੁਣੀਂਦੀ ਹੈ ਉਹ ਇਤਨੀ ਦੂਰ ਨਹੀਂ ਜਾਂਦੀ ਜਿੰਨੀ ਕਬਰ ਦੇ ਵਿਚੋਂ ਨਿਕਲਦੀ ਹੋਈ ਜਾਂਦੀ ਹੈ । ਅਰਥਾਤ ਜੋ ਮਨੁੱਖ ਕੁਝ ਸਵਾਰ ਕੇ ਏਥੋਂ ਜਾਂਦੇ ਹਨ ਉਹਨਾਂ ਦੀ ਅਵਾਜ਼ ਵਧੇਰੇ ਅਸਰ ਰੱਖਦੀ ਹੈ । ਨਾ ਹੀ ਇਹ ਸਮਝਣਾ ਚਾਹੀਦਾ ਹੈ ਕਿ ਭਵਿੱਖ ਦਾ ਏਨਾ ਸਤਿਕਾਰ ਕਰਨਾ ਵਰਤਮਾਨ ਕਾਲ ਲਈ ਘਾਟੇ ਦਾ ਕਾਰਨ ਹੋਵੇਗਾ । ਮਨੁੱਖ ਦੇ ਕੀਤੇ ਕੰਮਾਂ ਦੀ ਵਡਿਆਈ, ਸੁੰਦਰਤਾ ਅਤੇ ਅਸਲ ਸ਼ਾਨ ਵਧੇਰੇ ਵਧਦੀ ਹੈ ਜੇ ਉਹ ਕੰਮ ਆਉਣ ਵਾਲੇ ਸਮੇਂ ਦਾ ਧਿਆਨ ਰੱਖ ਕੇ ਕੀਤੇ ਜਾਣ । ਕਿਸੇ ਮਨੁੱਖ ਦੀ ਦੂਰ-ਦਰਸ਼ਤਾ, ਸ਼ਾਂਤੀ ਅਤੇ ਭਰੋਸੇ ਭਰਿਆ ਸੰਤੋਖ ਹੀ ਇਕ ਮਨੁੱਖ ਨੂੰ ਦੂਜੇ ਮਨੁੱਖ ਨਾਲੋਂ ਨਿਖੇੜਦੇ ਹਨ ਅਤੇ ਕਰਤਾ ਪੁਰਖ ਦੇ ਨੇੜੇ ਪਹੁੰਚਾਉਂਦੇ ਹਨ । ਦੁਨੀਆਂ ਵਿਚ ਕੋਈ ਕੰਮ ਜਾਂ ਹੁਨਰ ਅਜਿਹਾ ਨਹੀਂ ਹੈ ਜਿਸ ਦੀ ਸ਼ਾਨ ਅਸੀਂ ਕਸਵੱਟੀ ਨਾਲ ਨਾ ਪਰਖ ਸਕੀਏ । ਇਸ ਲਈ ਜਦੋਂ ਵੀ ਕਿਸੇ ਚੀਜ਼ ਦੀ ਉਸਾਰੀ ਕਰੀਏ ਸਾਨੂੰ ਇਹ ਗੱਲ ਆਪਣੇ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਅਸੀਂ ਪੱਕੀ ਰਹਿਣ ਵਾਲੀ ਉਸਾਰੀ ਕਰ ਰਹੇ ਹਾਂ । ਸਾਨੂੰ ਅਜਿਹੀ ਉਸਾਰੀ ਨਹੀਂ ਕਰਨੀ ਚਾਹੀਦੀ ਜਿਹੜੀ ਕੇਵਲ ਅੱਜ ਦੇ ਸਮੇਂ ਦੇ ਮਨ-ਪ੍ਰਚਾਵੇ ਲਈ ਹੀ ਹੋਵੇ, ਅੱਜ ਦੇ ਸਮੇਂ ਦੀ ਕੋਈ ਛੋਟੀ-ਮੋਟੀ ਲੋੜ ਪੂਰੀ ਕਰਦੀ ਹੋਵੇ; ਸਗੋਂ ਸਾਨੂੰ ਅਜਿਹਾ ਕੰਮ ਕਰਨਾ ਚਾਹੀਦਾ ਹੈ ਜਿਸ ਨੂੰ ਤੱਕ ਕੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਡਾ ਧੰਨਵਾਦ ਕਰ ਸਕਣ । ਜਦੋਂ ਅਸੀਂ ਇਕ ਇੱਟ ਉੱਤੇ ਦੂਜੀ ਇੱਟ ਧਰਦੇ ਹਾਂ ਤਾਂ ਸਾਨੂੰ ਇਉਂ ਸੋਚਣਾ ਚਾਹੀਦਾ ਹੈ ਕਿ ਉਹ ਇੱਟਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਨਜ਼ਰ ਵਿਚ ਇਸ ਲਈ ਪਵਿੱਤਰ ਅਤੇ ਪੂਜਾ ਦੇ ਯੋਗ ਗਿਣੀਆਂ ਜਾਣਗੀਆਂ ਕਿਉਂਕਿ ਉਨ੍ਹਾਂ ਇੱਟਾਂ ਨੂੰ ਸਾਡੇ ਸੁਯੋਗ ਹੱਥ ਲੱਗੇ ਹੋਏ ਹਨ ਅਤੇ ਜਦੋਂ ਉਹ ਸਾਡੀਆਂ ਘਾਲੀਆਂ ਹੋਈਆਂ ਘਾਲਾਂ ਤੋਂ ਬਣੀਆਂ ਹੋਈਆਂ ਚੀਜ਼ਾਂ ਨੂੰ ਤੱਕਣਗੇ ਤਾਂ ਉਹ ਇਹ ਗੱਲ ਆਖਣ ਨੂੰ ਵੀ ਮਜ਼ਬੂਰ ਹੋਣਗੇ ਕਿ ਇਹ ਚੀਜ਼ਾਂ ਸਾਡੇ ਬਜ਼ੁਰਗਾਂ ਨੇ ਸਾਡੇ ਵਾਸਤੇ ਹੀ ਬਣਾਈਆਂ ਸਨ; ਕਿਉਂਕਿ ਕਿਸੇ ਇਮਾਰਤ ਦੀ ਸਭ ਤੋਂ ਵੱਡੀ ਮਹਿਮਾ ਨਾ ਤਾਂ ਉਸ ਵਿਚ ਲੱਗੇ ਹੋਏ ਪੱਥਰਾਂ ਤੋਂ ਗਿਣੀ ਜਾ ਸਕਦੀ ਹੈ ਅਤੇ ਨਾ ਹੀ ਉਸ ਵਿਚ ਲੱਗੇ ਹੋਏ ਸੋਨੇ ਤੋਂ, ਬਲਕਿ ਉਸ ਦੀ ਉਮਰ ਤੋਂ ਅਰਥਾਤ ਇਸ ਗੱਲੋਂ ਕਿ ਉਹ ਕਿੰਨਾ ਚਿਰ ਕਾਇਮ ਰਹਿਣ ਵਾਲੀ ਹੈ ।

# How nations are made ?

"All nations have been made what they are by the thinking, and the working of many generations of men. Patient and persevering labourers in all ranks and conditions of life—cultivators of the soil and explorers of the mine, inventors, and the discoverers, manufacturers, mechanics and artisans, poets, philosophers, and politicians—all have contributed towards the grand result, one generation building upon another's labours and carrying them forward to still higher stages. This constant succession of noble workers has arrived to create order out of chaos in industry, science, and art; and the living race has thus in the course of nature, become the inheritor of the rich estate provided by the skill and industry of our forefathers which is placed in our hands to cultivate, and to hand down, not only unimparied but improved to our successors."

-Book 'Mand and his duties By J.M.Sime.M.A. LLD. Lit:D.C.I.E.

# ਕੌਮਾਂ ਦੀ ਉਸਾਰੀ ਕਿਵੇਂ ਹੋਇਆ ਕਰਦੀ ਹੈ ?

ਸਭ ਕੌਮਾਂ ਜਿੱਥੇ ਉਹ ਇਸ ਵੇਲੇ ਖੜ੍ਹੀਆਂ ਹਨ ਕਈ ਪੀੜ੍ਹੀਆਂ ਦੇ ਵਿਚਾਰਾਂ ਅਤੇ ਕਾਰਗੁਜ਼ਾਰੀਆਂ ਦਾ ਨਤੀਜਾ ਹੁੰਦੀਆਂ ਹਨ । ਜੀਵਨ ਦੇ ਸਭ ਦਰਜਿਆਂ ਅਤੇ ਹਾਲਾਤਾਂ ਵਿਚ ਕੰਮ ਕਰਦੇ ਧੀਰਜੀ ਅਤੇ ਸਿਰੜੀ ਕਾਮਿਆਂ—ਖੇਤੀ ਕਰਨ ਵਾਲਿਆਂ, ਖਾਣਾਂ ਲੱਭਣ ਵਾਲਿਆਂ, ਉਦਯੋਗੀਆਂ, ਕਾਰਗੀਰਾਂ, ਤਰਖਾਣਾਂ, ਕਵੀਆਂ, ਫ਼ਿਲਾਸਫ਼ਰਾਂ ਅਤੇ ਸਿਆਸੀ ਨੇਤਾਵਾਂ ਸਭ ਨੇ ਇਨ੍ਹਾਂ ਨੂੰ ਸ਼ਾਨਦਾਰ ਬਣਾਉਣ ਵਿਚ ਆਪਣਾ ਹਿੱਸਾ ਪਾਇਆ ਹੁੰਦਾ ਹੈ । ਅੱਜ ਦੀ ਪੀੜ੍ਹੀ ਨੇ ਪਿਛਲੀ ਪੀੜ੍ਹੀ ਦੇ ਤਜਰਬਿਆਂ ਨੂੰ ਵਰਤ ਕੇ ਹੋਰ ਅਗਾਂਹ ਤੋਰਿਆ ਹੁੰਦਾ ਹੈ, ਉਚੇਰੀਆਂ ਮੰਜ਼ਲਾਂ 'ਤੇ ਅਪੜਾਉਣ ਲਈ । ਇਸ ਤਰ੍ਹਾਂ



ਵਾਰੀ ਵਾਰੀ ਉੱਤਮ ਕਾਮੇ ਆਉਂਦੇ ਹਨ ਜੋ ਸਨਅਤਕਾਰੀ, ਸਾਇੰਸ ਅਤੇ ਆਰਟ (ਕਲਾ) ਦੀ ਉਥੱਲ ਪੁਥੱਲ ਨੂੰ ਤਰਤੀਬ ਦਿੰਦੇ ਹਨ । ਇਸ ਤਰ੍ਹਾਂ ਅੱਜ ਦੀ ਨਸਲ, ਕੁਦਰਤ ਦੇ ਹੱਥਾਂ ਵਿਚ, ਸਮੇਂ ਨਾਲ ਕੀਮਤੀ ਜਾਇਦਾਦ ਦੀ ਵਾਰਿਸ ਬਣੀ ਹੈ ਜਿਹੜੀ ਸਾਡੇ ਬਜ਼ੁਰਗ ਆਪਣੀ ਮਿਹਨਤ ਅਤੇ ਕਾਰੀਗਰੀ ਦੁਆਰਾ ਸਾਡੇ ਲਈ ਛੱਡ ਗਏ ਹਨ ਅਤੇ ਜਿਸ ਨੂੰ ਅਸਾਂ ਆਪਣੇ ਹੱਥਾਂ ਵਿਚ ਲੈ ਕੇ ਪਾਲਣਾ ਹੈ ਅਤੇ ਮੁੜ ਆਪਣੀ ਵਾਰੀ ਆਉਣ ਵਾਲੀ ਨਸਲ ਨੂੰ ਨਾ ਕੇਵਲ ਜਿਉਂ ਦਾ ਤਿਉਂ ਦੇਣਾ ਹੈ, ਸਗੋਂ ਉਸ ਨੂੰ ਵਧੇਰੇ ਚਮਕਾ ਕੇ ਦੇਣਾ ਹੈ।

THE DUTY OF THE INDIVIDUAL IN SOCIETY

To each one is given a marble
to carve for the wall,
A stone that is needed to heighten
the beauty of all,
And only his hands have the
cunning to put it in place,
And only his soul has the
magic to give it grace.
Yes, the task that is given to each one,
no other can do.
So the errand is waiting, it has,
waited through ages for you.
And now you appear; and the
hushed ones are turning their gaze
To see what you do with your chance
in the chamber of days.

-Monthly Journal 'Great Thoughts', London.

## ਮਨੁੱਖ ਦਾ ਜੀਵਨ-ਆਦਰਸ਼

ਸਾਨੂੰ ਹਰ ਇਕ ਨੂੰ ਸੰਗਮਰਮਰ ਦੀ ਮਾਨੋ ਇਕ ਸਿਲ ਮਿਲੀ ਹੋਈ ਹੈ ਜਿਸ ਉੱਤੇ ਵੇਲ ਬੂਟੇ ਪਾ ਕੇ ਅਸੀਂ ਉਸ ਨੂੰ ਸਮਾਜ ਦੇ ਮੰਦਰ ਦੀ ਕੰਧ ਵਿਚ ਸਜਾਵਟ ਲਈ ਜੜਨਾ ਹੈ, ਸਾਡੇ ਹਰ ਇਕ ਦੇ ਹੱਥਾਂ ਦੀ ਸਿਲ ਨੇ ਉਕਰ ਕੇ ਕੰਧ ਦੀ ਖ਼ੂਬਸੂਰਤੀ ਨੂੰ ਵਧਾਉਣਾ ਹੈ ; ਪਰ ਯਾਦ ਰੱਖੋ ਕਿ ਕੇਵਲ ਰੂਹ ਹੀ ਇਸ ਦੀ ਸ਼ਾਨ ਨੂੰ ਵਧਾ ਸਕਦੀ ਹੈ ਅਤੇ ਹੱਥ ਹੀ ਇਸ ਨੂੰ ਉਚਿਤ ਥਾਂ ਪਰ ਜੜਨ ਦੀ ਜੁਗਤ ਤੇ ਕਾਰੀਗਰੀ ਰੱਖਦੇ ਹਨ ।

ਹਾਂ ! ਹਰ ਇਕ ਨੂੰ ਜੋ ਕੰਮ ਮਿਲਿਆ ਹੈ ਉਸ ਨੂੰ ਉਸ ਨੇ ਹੀ ਕਰਨਾ ਹੈ । ਕੁਦਰਤੀ ਸੰਦੇਸ਼ ਤੈਨੂੰ ਉਡੀਕ ਰਿਹਾ ਹੈ ਅਤੇ ਲੰਘ ਰਹੀਆਂ ਨਸਲਾਂ ਵਿਚੋਂ ਦੀ ਸਦੀਆਂ ਤੋਂ ਉਡੀਕ ਰਿਹਾ ਸੀ ਅਤੇ ਹੁਣ ਜਦ ਤੂੰ ਸੰਸਾਰ ਵਿਚ ਜਨਮ ਲੈ ਕੇ ਪ੍ਰਗਟ ਹੋ ਚੁੱਕਾ ਹੈਂ ਤਾਂ ਇਸ ਸੰਸਾਰ ਤੋਂ ਆਪਣੀ ਖੇਡ ਮੁਕਾ ਕੇ ਤੁਰ ਗਏ ਹੋਏ ਮਨੁੱਖ ਤੇਰੀ ਵੱਲ ਤੱਕ ਰਹੇ ਹਨ ਕਿ ਤੂੰ ਮਨੁੱਖਤਾ ਦੇ ਸੰਸਾਰ ਮੰਦਰ ਵਿਚ ਆਪਣੀ ਉਮਰ ਵਿਚ ਸੰਸਾਰ ਨੂੰ ਅੱਗੇ ਨਾਲੋਂ ਵਧੇਰੇ ਸੁੰਦਰ ਬਣਾਉਣ ਲਈ ਕੀ ਕੁਝ ਕਰਕੇ ਵਿਖਾਉਂਦਾ ਹੈ ।

SEEK NOT FOR EASE, FOR THAT IS THE PORTION OF THE BABES. SEEK FOR TASKS, HARD TASKS, FOR THE DOING OF WHICH STRENGTH IS NEEDED AND IN THE DOING OF WHICH STRENGTH WILL COME.

"ਅਰਾਮ ਦੀ ਤਲਾਸ਼ ਨਾ ਕਰੋ, ਕੰਮਾਂ ਦੀ ਤਲਾਸ਼ ਕਰੋ ਤੇ ਕੰਮਾਂ ਵੀ ਔਖਿਆਂ ਦੀ ਜਿਨ੍ਹਾਂ ਨੂੰ ਕਰਨ ਲਈ ਸ਼ਕਤੀ ਦੀ ਲੋੜ ਹੋਵੇ ਤੇ ਜਿਨ੍ਹਾਂ ਨੂੰ ਕਰਨ ਤੋਂ ਸ਼ਕਤੀ ਪੈਦਾ ਹੁੰਦੀ ਹੋਵੇ ।"

ਜਪੁ ਜੀ ਦਾ ਵਾਕ—

(੧) ਮਨਿ ਜੀਤੈ ਜਗੁ ਜੀਤੁ ॥ ਅੰਗ ੬

\- - - -

(੨) ਜਤੁ ਪਾਹਾਰਾ ਧੀਰਜੁ ਸੁਨਿਆਰ ॥
ਅਹਰਣਿ ਮਤੁ ਵੇਦੁ ਹਥੀਆਰੁ ॥ ਅੰਗ ੮

ਦੀ ਸਿੱਖਿਆ ਤੋਂ ਬੰਦਾ ਮਨ ਦੀ ਇਕਾਗਰਤਾ ਤੇ ਬੁੱਧੀ ਦੇ ਵਿਕਾਸ ਦੀ ਸਿੱਖਿਆ ਪ੍ਰਾਪਤ ਕਰਦਾ ਹੈ ।



National enthusiasm is the nursery of genius.

ਅਰਥਾਤ-ਸਮੁੱਚੀ ਕੌਮ ਦਾ ਸਮੁੱਚਾ ਉਤਸ਼ਾਹ ਮਹਾਨ ਬੁੱਧੀਮਾਨ ਬੰਦਿਆਂ ਨੂੰ ਪੈਦਾ ਕਰਿਆ ਕਰਦਾ ਹੈ ।

Duty is a power that rises with us in the morning and goes to rest with us at night. It is coextensive with the action of our intelligence . It is the shadow that cleaves to us, go where we will.—Gladstone.

ਫ਼ਰਜ਼ ਦਾ ਅਹਿਸਾਸ ਉਹ ਸ਼ਕਤੀ ਹੈ ਜੋ ਉੱਠਦੇ ਸਾਰ ਸਾਡੇ ਨਾਲ ਉੱਠਦੀ ਹੈ ਤੇ ਰਾਤ ਨੂੰ ਸਾਡੇ ਨਾਲ ਹੀ ਅਰਾਮ ਲਈ ਸੌਂ ਜਾਂਦੀ ਹੈ। ਇਹ ਸਾਡੀ ਸੂਝ-ਬੂਝ ਦੇ ਹਰ ਅਮਲ ਦੇ ਨਾਲ ਤੁਰਦੀ ਹੈ । ਇਹ ਮਾਨੋਂ ਸਾਡਾ ਪਰਛਾਵਾਂ ਹੈ ਜੋ ਸਾਡੇ ਨਾਲ ਚੰਬੜਿਆ ਰਹਿੰਦਾ ਹੈ, ਭਾਵੇਂ ਅਸੀਂ ਕਿੱਥੇ ਵੀ ਪਏ ਜਾਈਏ । -ਗਲੈਡਸਟੋਨ

## To A Young Fellow-Rationalist

Life is a wonderful privilege. It imposes great duties. It demands the fulfilment of great tasks and the realization of noble ideals. As our revered philosopher —poet Lucretius has taught us, "Life is a racial hertiage that you receive for use and development and not as personal possession. You stand between the past and the future : the world is yours to enjoy, to organize and to reconstruct. Your lot is cast in these sad times of turmoil and tribulation. Mankind anxiously asks if there is a way out of the gloom and horror of today into light and life. It is for you to blaze the trail for great movements that will build up a happier world."

(Book—Hints for Self Culture
By Lala HarDyal M.A.PH.D

## ਇਕ ਬੁੱਧੀਵਾਦੀ ਨੌਜਵਾਨ ਨੂੰ

ਮਨੁੱਖਾ ਜੀਵਨ ਇਕ ਨਿਰਾਲਾ ਅਧਿਕਾਰ ਹੈ । ਇਹ ਮਨੁੱਖ ਦੇ ਸਿਰ ਮਹਾਨ ਫ਼ਰਜ਼ਾਂ ਦਾ ਭਾਰ ਪਾਉਂਦਾ ਹੈ । ਉਸ ਪਾਸੋਂ ਵੱਡੇ ਕਾਰਜ ਦੀ ਪੂਰਤੀ ਅਤੇ ਮਹਾਨ ਆਦਰਸ਼ਾਂ ਦੀ ਪ੍ਰਾਪਤੀ ਦੀ ਮੰਗ ਕਰਦਾ ਹੈ ਜਿਵੇਂ ਕਿ ਕਵੀ ਫ਼ਿਲਾਸਫ਼ਰ ਲੁਕਰੇਸ਼ਸ਼ ਨੇ ਸਾਨੂੰ ਉਪਦੇਸ਼ਿਆ ਹੈ, "ਇਹ ਜੀਵਨ ਮਨੁੱਖ ਦੀ ਇਕ ਨਸਲੀ ਵਿਰਾਸਤ ਹੈ ਜਿਹੜੀ ਉਸ ਨੂੰ ਨਿਰੀ ਕਬਜ਼ੇ ਦੀ ਵਸਤੂ ਦੇ ਤੌਰ 'ਤੇ ਨਹੀਂ ਦਿੱਤੀ ਗਈ ਜਿਸ ਨੂੰ ਉਹ ਜਿਵੇਂ ਜੀਅ ਚਾਹੇ ਵਰਤੇ ; ਬਲਕਿ ਇਸ ਲਈ ਕਿ ਉਹ ਇਸ ਨੂੰ ਆਪਣੀ ਵਰਤੋਂ ਵਿਚ ਲਿਆਵੇ ਤੇ ਉੱਨਤ ਕਰੇ। ਹੇ ਭਾਈ ! ਚੇਤਾ ਰੱਖੋ ਕਿ ਤੁਸੀਂ ਲੰਘ ਚੁੱਕੇ ਅਤੇ ਆਉਣ ਵਾਲੇ ਸਮੇਂ ਦੇ ਵਿਚਕਾਰ ਖਲੋਤੇ ਹੋ । ਦੁਨੀਆਂ ਤੁਹਾਡੀ ਹੈ ਜਿਸ ਨੂੰ ਮਾਣਨਾ, ਤਰਤੀਬ ਦੇਣਾ ਤੇ ਮੁੜ ਕੇ ਉਸਾਰਨਾ ਤੁਹਾਡਾ ਕਰਤੱਵ ਹੈ । ਤੁਹਾਡੀ ਤਕਦੀਰ ਬੜੇ ਅਸ਼ਾਂਤ ਚਿੰਤਾ ਭਰੇ ਸਮੇਂ ਵਿਚ ਢਲੀ ਹੈ । ਮਨੁੱਖ ਜਾਤੀ ਬਹੁਤ ਚਿੰਤਾ ਨਾਲ ਇਸ ਗੱਲ ਦਾ ਉੱਤਰ ਮੰਗਦੀ ਹੈ ਕਿ ਕੀ ਵਰਤਮਾਨ ਕਾਲ ਦੇ ਇਸ ਅਧਿਕਾਰ ਅਤੇ ਭੈ-ਭਰੇ ਵਾਤਾਵਰਨ ਵਿਚੋਂ ਨਿਕਲ ਕੇ ਚਾਨਣੇ ਅਤੇ ਜੀਵਨ ਵੱਲ ਜਾਣ ਦਾ ਕੋਈ ਰਾਹ ਹੈ ਭੀ ਕਿ ਨਹੀਂ ? ਇਹ ਕੇਵਲ ਤੁਹਾਡੇ ਉੱਤੇ ਹੀ ਹੈ ਕਿ ਤੁਸੀਂ ਸੰਸਾਰ ਵਿਚ ਅਜਿਹੀਆਂ ਮਹਾਨ ਤਹਿਰੀਕਾਂ ਦੀਆਂ ਲੀਹਾਂ ਆਪਣੇ ਪਿੱਛੇ ਚਮਕਾ ਜਾਓ ਜਿਹੜੀਆਂ ਸੰਸਾਰ ਦੀ ਇਕ ਸੁੰਦਰ ਉਸਾਰੀ ਦਾ ਕਾਰਨ ਬਣਨ ।"

THE RELIGION OF THE FOREST

We stand before this great world. The truth of our life depends upon our attitude of mind towards it—an attitude which is formed by our habit of dealing with it according to the special circumstances of our surroundings and our temperaments. It guides our attempts to establish relations with the universe either by conquest or by union, either through the cultivation of power or through that of sympathy. And thus, in our realisation of the truth of our existence, we put our emphasis, either



upon the principle of dualism or upon the principle of unity.

The Indian sages have held in the Upanishad that emancipation of our soul lies in its realising the ultimate truth of unity. They said ishavasayam idam sarvam yat kinch jagatyam jagat.

(know all that moves in this moving world is enveloped by God; and find enjoyment through renunciation, not through greed of possession.)

(Book-Creative Unity by Rabindra Nath Tagore.)

## ਜੰਗਲ ਵਾਸੀਆਂ ਦਾ ਧਰਮ

ਇਸ ਵੱਡੀ ਦੁਨੀਆਂ ਦੇ ਸਨਮੁੱਖ ਅਸੀਂ ਖੜ੍ਹੇ ਹਾਂ । ਸਾਡੇ ਜੀਵਨ ਦੀ ਸੱਚਾਈ ਕੀ ਹੈ ? ਇਸ ਦੇ ਉੱਤਰ ਦਾ ਨਿਰਭਰ ਸਾਡੇ ਆਪਣੇ ਹੀ ਮਨ ਦੇ ਇਸ ਵੱਲ ਰਵੱਈਏ ਤੋਂ ਮਿਲੇਗਾ—ਉਹ ਰਵੱਈਆ ਜੋ ਉਪਜਦਾ ਹੈ ਸਾਡੇ ਇਸ ਵੱਲ ਵਰਤਾਓ ਦੀ ਆਦਤ ਤੋਂ ਜਿਹੜਾ ਕਿ ਸਾਡੇ ਆਲੇ-ਦੁਆਲੇ ਦੇ ਖ਼ਾਸ ਹਾਲਾਤ ਅਤੇ ਸਾਡੇ ਸੁਭਾਵਾਂ ਅਨੁਸਾਰ ਹੀ ਹੁੰਦਾ ਹੈ । ਇਹੋ ਸਾਡੇ ਯਤਨਾਂ ਦੀ ਅਗਵਾਈ ਕਰਦਾ ਹੈ ਕਿ ਅਸੀਂ ਸੰਸਾਰ ਨਾਲ ਆਪਣੇ ਸੰਬੰਧ ਸੰਸਾਰ ਨੂੰ ਆਪਣੇ ਤਾਬਿਆ ਕਰਨ ਲਈ ਬਣਾਉਂਦੇ ਹਾਂ ਜਾਂ ਇਸ ਨਾਲ ਏਕਤਾ ਖੜ੍ਹੀ ਕਰਨ ਲਈ ਜਾਂ ਇਸ ਨਾਲ ਹਮਦਰਦੀ ਬਣਾਉਣ ਲਈ ਅਤੇ ਇਸ ਤਰ੍ਹਾਂ ਜੀਵਨ ਹੋਂਦ ਦੀ ਸੱਚਾਈ ਪ੍ਰਾਪਤ ਕਰਦਿਆਂ, ਅਸੀਂ ਜਾਂ ਤਾਂ ਦਵੈਤ ਦੇ ਨਿਯਮ 'ਤੇ ਜ਼ੋਰ ਦੇ ਰਹੇ ਹੁੰਦੇ ਹਾਂ, ਜਾਂ ਏਕਤਾ ਦੇ ਨਿਯਮ 'ਤੇ । ਭਾਰਤ ਦੇ ਬੁੱਧੀ-ਜੀਵੀਆਂ ਨੇ ਉਪਨਿਸ਼ਦਾਂ ਵਿਚ ਫ਼ੈਸਲਾ ਦਿੱਤਾ ਹੈ ਕਿ ਸਾਡੀ ਆਤਮਾ ਦਾ ਕਲਿਆਣ ਇਸਦੀ ਏਕਤਾ ਦੀ ਅੰਤਮ ਸੱਚਾਈ ਪ੍ਰਾਪਤ ਕਰਨ ਵਿਚ ਹੈ। ਉਹ ਇਉਂ ਕਹਿੰਦੇ ਸਨ:- "ਭਰਾਵੋ ! ਇਹ ਗੱਲ ਮੰਨ ਲਵੋ ਕਿ ਇਸ ਚੱਲਦੀ ਦੁਨੀਆਂ ਵਿਚ ਜੋ ਵੀ ਚੱਲ ਰਿਹਾ ਹੈ ਸਭ ਪ੍ਰਮਾਤਮਾ ਦੇ ਅੰਦਰ ਹੀ ਰਹਿੰਦਾ ਹੈ ਅਰਥਾਤ ਉਸ ਦੇ ਹੁਕਮ ਅੰਦਰ ਹੀ ਹੈ ਅਤੇ ਤੁਸੀਂ ਤਿਆਗ ਰਾਹੀਂ ਅਨੰਦ ਪ੍ਰਾਪਤ ਕਰੋ, ਮਾਲਕੀ ਦੀ ਭੁੱਖ ਰਾਹੀਂ ਨਹੀਂ ।"

ਟੈਗੋਰ ਜੀ ਦਾ ਭਾਵ ਇਹ ਹੈ ਕਿ ਭਾਰਤੀਆਂ ਦੀ ਧਾਰਮਿਕ ਵਿੱਦਿਆ ਦਾ ਅਸਰ ਇਹ ਸੀ ਕਿ ਉਹਨਾਂ ਦੀ ਨਿਗ੍ਹਾ ਏਕਤਾ ਵਾਲੀ ਹੋ ਜਾਂਦੀ ਸੀ। ਸਾਰਾ ਸੰਸਾਰ ਉਹਨਾਂ ਦਾ ਆਪਣਾ ਟੱਬਰ ਬਣ ਜਾਂਦਾ ਸੀ ਤੇ ਸੰਸਾਰ ਸੇਵਾ ਜੀਵਨ-ਆਦਰਸ਼। ਜਿਸ ਗੱਭਰੂ ਦੇ ਸਿਰ ਉੱਤੇ ਮਾਂ-ਬਾਪ ਤੇ ਭੈਣਾਂ ਭਰਾਵਾਂ ਦੀ ਪਾਲਣਾ ਦੀ ਜ਼ਿੰਮੇਵਾਰੀ ਹੋਵੇ ਉਹ ਆਪਣੇ ਵੱਲੋਂ ਵੱਧ ਤੋਂ ਵੱਧ ਉਦਮ ਕਰਦਾ ਹੈ, ਨਹੀਂ ਤਾਂ ਉਹ ਗਾਫਲ ਹੋ ਸਕਦਾ ਹੈ ਤੇ ਉਸ ਦੀਆਂ ਸ਼ਕਤੀਆਂ ਉਸ ਦੇ ਅੰਦਰ ਹੀ ਲੁਕੀਆਂ ਰਹਿ ਸਕਦੀਆਂ ਹਨ। ਇਸ ਦਾ ਅਰਥ ਇਹ ਹੋਇਆ ਕਿ ਸੰਸਾਰ ਦੇ ਜੀਵਾਂ ਦਾ ਜਿੰਨਾ ਵੀ ਭਾਰ ਕੋਈ ਬੰਦਾ ਆਪਣੇ ਸਿਰ 'ਤੇ ਚੁੱਕਦਾ ਹੈ ਓਨਾ ਹੀ ਉਸ ਦੀਆਂ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ ਤੇ ਉਸ ਨੂੰ ਰਚਨਾਤਮਿਕਤਾ ਦੇ ਰਾਹ 'ਤੇ ਤੁਰਨਾ ਪੈਂਦਾ ਹੈ। ਈਸ਼ੋਪਨਿਸ਼ਦ ਦਾ ਉੱਤੇ ਆਇਆ ਸਲੋਕ ਬੰਦੇ ਨੂੰ ਉਸ ਦੀ ਸੰਸਾਰ ਦੇ ਸਾਰੇ ਜੀਵਾਂ ਨਾਲ ਦੁੱਖ ਸੁੱਖ ਦੀ ਸਾਂਝ ਪਾ ਕੇ ਰਚਨਾਤਮਿਕਤਾ ਦੇ ਰਾਹ 'ਤੇ ਤੋਰਦਾ ਹੈ ਤੇ ਇਸ ਤਰ੍ਹਾਂ ਉਸ ਬੰਦੇ ਦੀਆਂ ਮਨ, ਬੁੱਧੀ ਤੇ ਸਰੀਰ ਦੀਆਂ ਸ਼ਕਤੀਆਂ ਦੇ ਵਿਕਾਸ ਦਾ ਕਾਰਨ ਬਣਦਾ ਹੈ।

## EFFECTS OF TOXAEMIA

Overpopulation looms big before mankind at present. In the past high birth rates were balanced by high mortalities and the net increase was minimal. Agricultural and medical advances reduced the impact of starvation and disease without reducing the urge to discharge mucous matter genitally. Let us be under no illusion the universal obsession with sex has at its base the not less universal need to discharge the products of nutritional toxaemia—excess of waste matter and the toxins it creates. The common sex, sex for its own sake, is akin to the other excremental needs of the body, defection and urination, in its overwhelming urgency ; the difference lies in its not being a normal outlet for



mucous matter. Only when in excess, it overflows into the wrong channels. When a body is given what it needs and is not poisoned in any way,it will not give rise to a sort of chronic genital catarrh alleviated by copious discharges. By—Bharatanada

KHADI GRAMODYOG.JULY 1971.Bombay-56

THE COILED SERPENT

A Philosophy of Conservation and Transmutation of Reproductive Energy. -Price Rs.6

CONQUEST OF THE SERPENT

A Way to Solve the Sex Problem.by C.J.Van Vliet

-Price Rs.3

## ਜ਼ਹਿਰ-ਪ੍ਰਵੇਸ਼ਤਾ

### ਖ਼ੁਰਾਕ ਦੀ ਦੁਰਵਰਤੋਂ ਦੇ ਕਾਰਨ ਲਹੂ ਵਿਚ ਜ਼ਹਿਰ ਦੇ ਪ੍ਰਵੇਸ਼ ਕਰ ਜਾਣ ਦੇ ਅਸਰ

ਮਨੁੱਖ ਜਾਤੀ ਦੇ ਸਾਹਮਣੇ ਇਸ ਸਮੇਂ ਵਧਦੀ ਅਬਾਦੀ ਦੀ ਸਮੱਸਿਆ ਨਿੱਖਰ ਕੇ ਆ ਖਲੋਤੀ ਹੈ। ਭੂਤਕਾਲ ਵਿਚ ਪੈਦਾਇਸ਼ ਦੀਆਂ ਭਾਰੀ ਰਫ਼ਤਾਰਾਂ ਭਾਰੀ ਮੌਤ ਗਿਣਤੀਆਂ ਨਾਲ ਸਾਵੀਆਂ ਹੋ ਕੇ ਭੁੱਲ ਜਾਂਦੀਆਂ ਸਨ ਅਤੇ ਅਬਾਦੀ ਦਾ ਕੁੱਲ ਵਾਧਾ ਥੋੜ੍ਹਾ ਜਿਹਾ ਹੁੰਦਾ ਸੀ। ਖੇਤੀਬਾੜੀ ਅਤੇ ਰੋਗਾਂ ਦੇ ਇਲਾਜ ਦੇ ਵਿਕਾਸ ਨੇ ਭੁੱਖ ਅਤੇ ਰੋਗ ਦੇ ਪ੍ਰਭਾਵ ਨੂੰ ਘੱਟ ਤਾਂ ਕਰ ਦਿੱਤਾ ਸੀ ਬਿਨਾਂ ਬਲਗ਼ਮੀ ਮਾਦੇ ਨੂੰ ਲਿੰਗ ਰਾਹੀਂ ਖ਼ਾਰਜ ਕਰਨ ਦੀ ਹਵਸ ਘਟਾਣ ਦੇ। ਸੁਣੋ, ਸਾਨੂੰ ਕਿਸੇ ਵੀ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ—ਜਿਣਸੀ ਹਵਸ ਨਾਲ ਭਰਪੂਰ ਇਸ ਸਰਬ ਵਿਆਪੀ ਮਾਨਸਿਕ ਦਸ਼ਾ ਦੀਆਂ ਬੁਨਿਆਦਾਂ ਵਿਚ ਓਨੀ ਹੀ ਸਰਬ-ਵਿਆਪੀ ਲੋੜ ਹੁੰਦੀ ਹੈ ਖ਼ੁਰਾਕ ਤੋਂ ਉਪਜੀ ਜ਼ਹਿਰ ਪ੍ਰਵੇਸ਼ਤਾ ਦੇ ਪਦਾਰਥਾਂ ਨੂੰ ਸਰੀਰ ਵਿਚੋਂ ਕੱਢਣ ਦੀ ਜਿੰਨੀ ਨਸ਼ਟ ਹੋਏ ਮਾਦੇ ਦੀ ਅਧਿੱਕਤਾ ਅਤੇ ਇਸ ਤੋਂ ਉਪਜੇ ਜ਼ਹਿਰੀਲੇ ਪਦਾਰਥਾਂ ਨੂੰ ਕੱਢਣ ਦੀ। ਆਮ ਜਿਣਸੀ ਹਵਸ, ਉਹ ਹਵਸ ਜਿਸ ਦੀ ਪੂਰਤੀ ਕੇਵਲ

ਇਸ ਦੀ ਆਪਣੀ ਖ਼ਾਤਰ ਕੀਤੀ ਜਾਂਦੀ ਹੈ, ਸਰੀਰ ਦੀਆਂ ਹੋਰ ਨਿਕਾਸ-ਕਾਰੀ ਲੋੜਾਂ ਵਾਂਙ ਹੀ ਹੁੰਦੀ ਹੈ, ਜਿਵੇਂ ਟੱਟੀ ਫਿਰਨ ਅਤੇ ਪੇਸ਼ਾਬ ਕਰਨ ਦਾ ਬੇਕਾਬੂ ਅਵੱਸ਼ਕਤਾ (ਲੋੜ) ਹੁੰਦੀ ਹੈ । ਫ਼ਰਕ ਏਨਾ ਹੈ ਕਿ ਬਲਗ਼ਮੀ ਮਾਦੇ ਦਾ ਇਹ ਕੁਦਰਤੀ ਨਿਕਾਸਰਾਹ ਨਹੀਂ । ਜਦੋਂ ਇਹ ਮਾਦਾ ਅਧਿੱਕਤਾ (ਬਹੁਤਾਤ) ਵਿਚ ਹੋਵੇ, ਕੇਵਲ ਉਦੋਂ ਹੀ ਇਹ ਗ਼ਲਤ ਰਾਹਾਂ 'ਚੋਂ ਭਰਪੂਰ ਹੋ ਕੇ ਵਗ ਤੁਰਦਾ ਹੈ । ਜਦੋਂ ਸਰੀਰ ਨੂੰ ਭੋਜਨ ਇਸ ਦੀ ਲੋੜ ਦਾ ਖ਼ਿਆਲ ਰੱਖ ਕੇ ਦਿੱਤਾ ਜਾਵੇ ਅਤੇ ਇਹ ਭੋਜਨ ਕਿਸੇ ਤਰ੍ਹਾਂ ਵੀ ਜ਼ਹਿਰ ਨਾ ਬਣ ਸਕੇ ਤਾਂ ਉਸ ਪੁਰਾਣੇ ਇਕ ਤਰ੍ਹਾਂ ਦੇ ਲਿੰਗੀ ਨਜ਼ਲੇ ਨੂੰ ਇਹ ਸਰੀਰ ਪੈਦਾ ਹੀ ਨਹੀਂ ਹੋਣ ਦੇਵੇਗਾ, ਜਿਸ ਤੋਂ ਛੁਟਕਾਰਾ ਚੋਖੇ ਇਖ਼ਰਾਜਾਂ (ਨਿਕਾਸਾਂ) ਨਾਲ ਹੀ ਹੁੰਦਾ ਹੈ । ਤਿੱਬੀ ਅਰਥਾਤ ਰੋਗਾਂ ਦੇ ਇਲਾਜ ਨਾਲ ਸੰਬੰਧ ਰੱਖਣ ਵਾਲੇ ਜਿਸ ਅੰਗਰੇਜ਼ੀ ਲੇਖ ਦੇ ਇਕ ਪੈਰੇ ਦਾ ਤਰਜਮਾ ਉੱਪਰ ਲਿਖਿਆ ਲੇਖ ਹੈ ਉਸ ਨੂੰ ਪੜ੍ਹ ਕੇ ਬੰਬਈ ਦੇ ਕਾਲਜਾਂ ਦੀਆਂ ਵਿਦਿਆਰਥਣ ਲੜਕੀਆਂ ਨੇ ਕਿਹਾ ਸੀ ਕਿ ਇਸ ਲੇਖ ਦਾ ਤਰਜਮਾ ਹਿੰਦੀ ਵਿਚ ਹੋਣਾ ਚਾਹੀਦਾ ਹੈ ਤਾਂ ਜੋ ਇਸ ਨੂੰ ਹਿੰਦੀ ਪੜ੍ਹੇ ਹੋਏ ਵੀ ਪੜ੍ਹ ਸਕਣ ।

## Emotions and Sentiments

Education means nourishment, and a good syllabus provides the right food which satisfies hunger and aids growth to the next stage. Emotional growth has not been in our ken. We should be more aware of the new light on the importance of our emotions which lie the deepest in our human make-up and are really steering our lives. The raw materials of emotions arise from instincts and tendencies which develop into stable sentiments and attitudes which themselves should be organized and integrated around a master sentiment of purpose. Emotions should be attached from the early years to the right objectives, objects, ideas and persons.

Sir Percy Nunn once said: "We must encourage



loves". For this reason we must know what a child is likely to want to love at different stages and consequently, as it is important for citizenship, use the fact that desire and will can and should pass progressively further from the self. Emotions and sentiments grow by what they feed on. In the Bible there is unique material on which the right attitude to citizenship-local, national, and of the world—may grow; and the social sentiments—fair play, freedom, truth, sympathy, responsibility and readiness to serve—may be developed. These qualities can provide the motive force.

The moral and practical qualities of the good citizen provide our approach; the choice of material is determined by efforts to satisfy the pupil's needs—intellectual, spiritual and emotional. There must be sincerity in our teaching. As professor R.L. Finney has written:

For the deepest needs of our souls is to feel ourselves benefactors of mankind. Only as we identify ourselves with the most sublime interests of humanity do we find a thoroughly social and therefore the most complete, self realization. We function as satisfied ends only through asserting ourselves voluntarily as a means,. History's most constructive geniuses have been those personalities, from Jeremiah to Lincoln, who answering the call of God in their own souls, gave themselves for the race and they are but conspicuous types of undistinguised millions in whose breasts the same divine power has

burned....What marvels might be wrought in the plastic souls of our youths if we ourselves but had the vision of great faith. The passing generation of psychologists expatiated on the idealism of adolescence, but our high schools have scarcely made a beginning in the art of cultivating it and harnessing it to social uses. What altruistic aspirations to social services might be kindled in the souls of our youth were they never deformed by the hard, mis-shapen figures of our unbelieving world... Upon the generation of this social idealism the progress of society depends no less than upon scientific discovery. This is the leaven that keeps institutions from hardening into tyrannies. It is the ultimate objective of moral education.—From The Book SOCIAL STUDIES AND WORLD CITIZENSHIP.A Sociological Approach to Education By-L.J.F.BRIMBLE,B.Sc., F.L.S. Associate of Universities College, Reading, Joint Editor of Nature, Formerly Lecturer in the Universities of Glasgow and Manchester (Pages 158).

## ਭਾਵ ਤੇ ਜਜ਼ਬੇ

ਵਿੱਦਿਆ ਇਕ ਭੋਜਨ ਹੀ ਹੈ ਅਤੇ ਪੜ੍ਹਾਈ ਲਈ ਚੰਗੇ ਕੋਰਸ ਦਾ ਨਿਯਤ ਹੋਣਾ ਚੰਗੀ ਖ਼ੁਰਾਕ ਹੁੰਦੀ ਹੈ ਜੋ ਵਿੱਦਿਆ ਦੀ ਭੁੱਖ ਦੀ ਤਸੱਲੀ ਵੀ ਕਰਦੀ ਹੈ ਤੇ ਉੱਨਤੀ ਦੇ ਅਗਲੇ ਪੜਾਓ ਤਕ ਅਪੜਾਣ ਵਿਚ ਸਹਾਇਤਾ ਵੀ ਕਰਦੀ ਹੈ । ਭਾਵਕ ਉੱਨਤੀ ਨੂੰ ਅਸਾਂ ਗਿਆਨ ਦੇ ਘੇਰੇ ਵਿਚ ਰੱਖਿਆ ਹੀ ਨਹੀਂ ਹੈ, ਹਾਲਾਂਕਿ ਸਾਨੂੰ ਆਪਣੇ ਭਾਵਾਂ ਦੀ ਮਹੱਤਤਾ ਉੱਤੇ ਨਵੀਂ ਰੌਸ਼ਨੀ ਨੂੰ ਵਧੇਰੇ ਤਤਪਰ ਹੋ ਕੇ ਗ੍ਰਹਿਣ ਕਰਨਾ ਚਾਹੀਦਾ ਹੈ ;ਕਿਉਂਕਿ ਇਹ ਭਾਵ ਮਨੁੱਖੀ ਬਣਤਰ ਦੀ ਅੰਦਰਲੀ ਡੂੰਘਿਆਈ ਤਕ ਅੱਪੜੇ ਹੁੰਦੇ ਹਨ ਅਤੇ



ਵਾਸਤਵ ਵਿਚ ਸਾਡੇ ਸਾਰੇ ਜੀਵਨ ਨੂੰ ਹੀ ਤੋਰਦੇ ਹਨ। ਭਾਵਾਂ ਦਾ ਕੱਚਾ ਮਾਲ ਜਨਮ-ਜਾਤ ਰੁਚੀਆਂ ਅਤੇ ਝੁਕਾਵਾਂ ਤੋਂ ਉਪਜਦਾ ਹੈ ਜੋ ਹੌਲੇ ਹੌਲੇ ਪਕਦਾ ਹੋਇਆ ਸਾਡੇ ਸਥਿਰ ਭਾਵ ਅਤੇ ਰਵੱਈਏ ਬਣਾਉਂਦਾ ਜਾਂਦਾ ਹੈ ਜਿਹੜੇ ਕਿ ਆਪ ਜਥੇਬੰਦ ਅਤੇ ਇਕੱਠੇ ਹੋ ਕੇ ਜੀਵਨ-ਮਨੋਰਥ ਦੇ ਕਿਸੇ ਸ਼੍ਰੋਮਣੀ ਭਾਵ ਦੇ ਆਲੇ ਦੁਆਲੇ ਘੁੰਮਣੇ ਚਾਹੀਦੇ ਹਨ । ਭਾਵਾਂ ਨੂੰ ਛੋਟੀ ਉਮਰ ਤੋਂ ਹੀ ਠੀਕ ਮਨੋਰਥਾਂ, ਵਸਤਾਂ,ਵਿਚਾਰਾਂ ਅਤੇ ਪੁਰਸ਼ਾਂ ਨਾਲ ਜੋੜਨਾ ਚਾਹੀਦਾ ਹੈ ।

ਸਰ ਪੈਰਸੀ ਨੱਨ ਨੇ ਜਿਵੇਂ ਕਿਹਾ ਹੈ :"ਸਾਨੂੰ ਚਾਹੀਦਾ ਹੈ ਕਿ ਅਸੀਂ ਬੱਚਿਆਂ ਨੂੰ ਪਿਆਰ ਦੇ ਪ੍ਰਗਟਾਵੇ ਕਰਨ ਲਈ ਉਤਸ਼ਾਹ ਦਿੰਦੇ ਰਹੀਏ" (ਪਰ ਕੈਸੇ ਪ੍ਰਗਟਾਵੇ ? ਆਪਣੀ ਹੀ ਅਪਣਤ ਨੂੰ ਮੁੱਖ ਰੱਖ ਕੇ ਜਾਂ ਕੁਝ ਹੋਰ ਵੀ ?) ਇਸ ਕਾਰਨ ਸਾਨੂੰ ਇਹ ਪਤਾ ਕਰਨ ਦੀ ਲੋੜ ਹੁੰਦੀ ਹੈ ਕਿ ਬੱਚੇ ਆਪਣੇ ਵੱਖੋ ਵੱਖ ਜੀਵਨ-ਪੜਾਵਾਂ ਉੱਤੇ ਕਿਹੜੇ ਪਿਆਰ ਪ੍ਰਗਟਾਵੇ ਲੋਚਣ ਦੀ ਸੰਭਾਵਨਾ ਰੱਖਦੇ ਹਨ ਅਤੇ ਇਸ ਦੇ ਨਤੀਜੇ ਦੇ ਤੌਰ 'ਤੇ ਕਿਉਂਕਿ ਇਹ ਗੱਲ ਨਾਗਰਿਕਤਾ ਲਈ ਮਹੱਤਵਪੂਰਨ ਹੈ, ਸਾਨੂੰ ਇਸ ਹਕੀਕਤ ਤੋਂ ਲਾਭ ਉਠਾਉਣਾ ਚਾਹੀਦਾ ਹੈ ਕਿ ਬੱਚੇ ਦੀ ਇੱਛਿਆ ਅਤੇ ਇਰਾਦੇ ਨੂੰ ਯਤਨਾਂ ਨਾਲ ਉਸ ਦੇ ਨਿੱਜੀ ਜੀਵਨ ਤੋਂ ਲਗਾਤਾਰ ਹਟਾਇਆ ਜਾ ਸਕਦਾ ਹੈ ਤੇ ਹਟਾਉਣਾ ਚਾਹੀਦਾ ਹੈ ਤਾਂ ਹੀ ਉਹ ਆਪਣੀ ਖ਼ੁਦੀ ਤੋਂ ਉੱਠ ਕੇ ਸੰਸਾਰ ਲਈ ਜੀਵੇਗਾ। ਬੱਚੇ ਦੇ ਭਾਵ ਤੇ ਜਜ਼ਬੇ ਉਹੋ ਜਿਹੇ ਹੀ ਵਧਣੇ ਫੁਲਣੇ ਹਨ ਜਿਹੋ ਜਿਹੇ ਵਿਚਾਰਾਂ ਦੀ ਖ਼ੁਰਾਕ ਉਸ ਨੂੰ ਮਿਲਦੀ ਰਹਿੰਦੀ ਹੈ ਅਰਥਾਤ ਜੇ ਬੱਚਾ ਆਪਣੇ ਹੀ ਸੁਆਰਥ ਵਿਚ ਲੱਗਾ ਰਹੇਗਾ ਤਾਂ ਉਹ ਸੁਆਰਥੀ ਹੋ ਜਾਏਗਾ ਤੇ ਗ਼ਲਤ ਕੀਮਤਾਂ ਤੇ ਅਧਾਰਤ ਆਪਣੇ ਜੀਵਨ ਨੂੰ ਬਰਬਾਦ ਕਰ ਦੇਵੇਗਾ ਪਰ ਜੇ ਉਹ ਹੋਰਨਾਂ ਨਾਲ ਹਮਦਰਦੀ ਤੇ ਪਿਆਰ ਦੇ ਪ੍ਰਗਟਾਵੇ ਕਰੇਗਾ ਤਾ ਸਫਲ ਤੇ ਸੁੱਖਦਾਈ ਜੀਵਨ ਜੀਵੇਗਾ। ਬਾਈਬਲ ਗ੍ਰੰਥ ਵਿਚ ਉਹ ਅਦੁੱਤੀ ਮਿਸਾਲ ਮੌਜੂਦ ਹੈ ਜਿਸ ਨੂੰ ਅਪਣਾਇਆਂ ਬੱਚੇ ਦਾ ਠੀਕ ਰਵੱਈਆ ਨਾਗਰਿਕਤਾ—ਸਥਾਨਕ, ਕੌਮੀ ਤੇ ਸੰਸਾਰ ਲਈ ਪ੍ਰਫੁੱਲਿਤ ਕੀਤਾ ਜਾ ਸਕਦਾ ਹੈ ਅਤੇ ਉਸ ਦੇ ਸਮਾਜਿਕ ਜਜ਼ਬਿਆਂ, ਨਿਆਂ, ਸੁਤੰਤਰਤਾ ਸੱਚ, ਹਮਦਰਦੀ ਜ਼ਿੰਮੇਵਾਰੀ ਅਤੇ ਸੇਵਾ ਭਾਵ ਦਾ ਵਿਕਾਸ ਤਿਆਰ ਬਰ ਤਿਆਰ ਕਰਵਾ ਕੇ ਲਗਨ ਨਾਲ ਕਰਵਾਇਆ ਜਾ ਸਕਦਾ ਹੈ । ਇਹ ਗੁਣ ਉਸ ਅੰਦਰ ਸ਼ਕਤੀ ਉਪਜਾਉਣਗੇ, ਸੇਵਾ ਦੇ ਕੰਮਾਂ ਵਿਚ ਤੱਤਪਰ ਹੋ ਕੇ ਜੁੜਨ ਦੀ।

ਬੱਚਿਆਂ ਵੱਲ ਸਾਡੀ ਪਹੁੰਚ ਕੀ ਹੋਵੇ, ਇਸ ਦਾ ਪਤਾ ਸਾਨੂੰ ਚੰਗੇ ਸ਼ਹਿਰੀ ਦੇ ਸਦਾਚਾਰਕ ਤੇ ਅਮਲ-ਯੋਗ ਗੁਣ ਦੇਣਗੇ । ਉਹਨਾਂ ਲਈ ਕਿਹੜਾ ਮਸਲਾ (ਚੰਗਾ ਜੀਵਨ ਘੜਨ ਲਈ) ਲਾਭਦਾਇਕ ਹੋਵੇਗਾ, ਇਹ ਉਹਨਾਂ ਯਤਨਾਂ 'ਤੇ ਨਿਰਭਰ ਹੈ ਜੋ ਕਿਸੇ ਸ਼ਾਗਿਰਦ ਦੀਆਂ ਲੋੜਾਂ-ਦਿਮਾਗ਼ੀ, ਆਤਮਿਕ ਤੇ ਭਾਵਕਤਾ ਦੀ ਪੂਰਤੀ ਕਰਨ ।

## Chastity is the only virtue

Chastity is the flowering of man; and what are called Genius, Heroism, Holiness and the like,are but various fruits which succeed it... By turns our purity inspires and impurity casts us down. What is Chastity? How shall a man know if he is chaste?

He shall not know it. We have heard of this virtue, but we know not what it is, we speak conformably to the rumour which we have heard. From exertion come wisdom and purity; from sloth ignorance and sensuality. In the student sensuality is a sluggish habit of mind. An unclean person is universally a slothful one, who sits by a stove, on whom the sun shines prostrate, who reposes without being fatigued. If you would avoid uncleanliness, and all the sins, work earnestly, though it be at cleaning a stable.

It would be worth the while to ask ourselves... our life innocent enough? Do we live inhumanely, toward man or beast, in thought or act ? To be serene and successful we must be at one with the universe. The least conscious and needless injury inflicted on any creature is to its extent a suicide. What peace or life can a murderer have? We are conscious of an animal



in us which awakens in proportion as our higher nature slumbers.It is reptile and sensual, and perhaps cannot be wholly expelled like the worms which even in life and health, occupy our bodies. Possibly we may withdraw from it, but never its nature. I fear that it may enjoy a certain health of its own, that we may be well but not pure...Who knows what sort of life would result if we had attained to purity ? If I knew so wise a man as could teach me purity I would go to seek him forthwith.

-THOREAU 'The Living Thoughts of Thoreau' presented by Theodore Dreiser.

Published by Cassel & Co. Ltd. London pp 138.

**ਕਿਸ ਨੂੰ ਪਤਾ ਹੈ ਕਿ ਸਾਨੂੰ ਨਤੀਜੇ ਦੇ ਤੌਰ 'ਤੇ ਕਿਸ ਭਾਂਤ ਦਾ ਜੀਵਨ ਮਿਲ ਜਾਵੇ ਜੇ ਸਾਡੀ ਪਹੁੰਚ ਪਵਿੱਤਰਤਾ ਤਕ ਹੋ ਜਾਵੇ ।**

## ਜਿਣਸੀ ਪਵਿੱਤ੍ਰਤਾ ਹੀ ਇਕੋ ਇਕ ਪੁੰਨ ਹੈ

ਜਿਣਸੀ ਪਵਿੱਤਰਤਾ ਮਨੁੱਖ ਦਾ ਪ੍ਰਫੁੱਲਿਤ ਹੋਣਾ ਹੈ ਅਤੇ ਜਿਨ੍ਹਾਂ ਚੀਜ਼ਾਂ ਨੂੰ ਪ੍ਰਤਿਭਾ, ਬਹਾਦਰੀ, ਪਵਿੱਤਰਤਾ ਆਦਿਕ ਕਿਹਾ ਜਾਂਦਾ ਹੈ, ਉਹ ਕੇਵਲ ਭਿੰਨ ਭਿੰਨ ਫ਼ਲ ਹਨ ਜੋ ਇਸ ਤੋਂ ਉਪਜਦੇ ਹਨ... ... ਅਤੇ ਸਾਡੀ ਗੰਦਗੀ ਸਾਨੂੰ ਡੇਗਦੀ ਹੈ (ਥੁੱਲੇ ਸੁੱਟਦੀ ਹੈ) । ਜਿਣਸੀ ਪਵਿੱਤ੍ਰਤਾ ਕੀ ਹੁੰਦੀ ਹੈ? ਕਿਸ ਤਰ੍ਹਾਂ ਆਦਮੀ ਜਾਣ ਲਵੇ ਕਿ ਉਹ ਜਿਣਸੀ ਤੌਰ 'ਤੇ ਪਵਿੱਤਰ ਹੋ ਗਿਆ ਹੈ? ਉਹ ਨਹੀਂ ਜਾਣ ਸਕੇਗਾ । ਅਸਾਂ ਇਸ ਗੁਣ ਨੂੰ, ਇਸ ਪੁੰਨ ਨੂੰ ਸੁਣਿਆ ਹੋਇਆ ਤਾਂ ਹੈ ਪਰ ਅਸੀਂ ਜਾਣਦੇ ਨਹੀਂ ਹਾਂ ਕਿ ਇਹ ਕੀ ਹੈ । ਅਸੀਂ ਇਕ ਅਫਵਾਹ, ਜੋ ਅਸਾਂ ਸੁਣੀ ਹੋਈ ਹੈ, ਬਾਬਤ ਆਪਣੀ ਰਜ਼ਾਮੰਦੀ ਆਖ ਛੱਡਦੇ ਹਾਂ । ਯਤਨ ਤੋਂ ਉਪਜਦੀ ਹੈ ਸਿਆਣਪ ਅਤੇ ਪਵਿੱਤਰਤਾ ; ਆਲਸ ਤੋਂ ਅਗਿਆਨਤਾ ਅਤੇ ਇੰਦ੍ਰਕ ਭਾਵਨਾਵਾਂ । ਅਪਵਿੱਤਰ ਮਨੁੱਖ ਸਦਾ ਹੀ ਆਲਸੀ ਹੁੰਦਾ ਹੈ ਜੋ ਚੁੱਲ੍ਹੇ ਪਾਸ ਹੀ ਬੈਠਦਾ ਹੈ, ਜਿਸ ਦੇ ਲੰਮੇ ਪਏ ਦੇ ਉੱਤੇ ਹੀ ਸੂਰਜ ਆਪਣੀ ਰੋਸ਼ਨੀ ਸੁੱਟਦਾ ਹੈ ਜੋ

ਬਿਨਾਂ ਥੱਕਿਆਂ ਹੀ ਅਰਾਮ ਕਰਦਾ ਰਹਿੰਦਾ ਹੈ । ਜੇ ਤੁਸੀਂ ਅਪਵਿੱਤਰਤਾ ਤੋਂ ਅਤੇ ਸਾਰੇ ਪਾਪਾਂ ਤੋਂ ਬਚਣਾ ਚਾਹੁੰਦੇ ਹੋ ਤਾਂ ਗੰਭੀਰਤਾ ਨਾਲ ਅਰਥਾਤ ਤਨੋਂ ਮਨੋਂ ਕੰਮ ਕਰੋ, ਭਾਵੇਂ ਇਹ ਘੋੜਿਆਂ ਦੇ ਤਬੇਲੇ ਦੀ ਲਿੱਦ ਨੂੰ ਸਾਫ਼ ਕਰਨਾ ਹੀ ਹੋਵੇ ।

ਇਸ ਵਿਚ ਸਾਡਾ ਭਲਾ ਹੀ ਹੈ ਕਿ ਅਸੀਂ ਆਪਣੇ ਆਪ ਨੂੰ ਇਉਂ ਪੁੱਛੀਏ—ਕੀ ਸਾਡਾ ਜੀਵਨ ਕਾਫ਼ੀ ਅਵਗੁਣ ਰਹਿਤ ਹੋ ਕੇ ਚੱਲ ਰਿਹਾ ਹੈ? ਕੀ ਅਸੀਂ ਮਨ ਜਾਂ ਕਰਮ ਕਰ ਕੇ ਮਨੁੱਖ ਜਾਂ ਪਸ਼ੂ ਵੱਲ ਬੇ-ਤਰਸ ਹੋ ਕੇ ਆਪਣਾ ਜੀਵਨ ਜਿਉਂਦੇ ਹਾਂ ? ਸ਼ਾਂਤ ਅਤੇ ਸਫਲ ਹੋਣ ਲਈ ਸਾਨੂੰ ਸਾਰੇ ਵਿਸ਼ਵ ਨਾਲ ਇਕ ਹੋ ਕੇ ਚੱਲਣਾ ਚਾਹੀਦਾ ਹੈ । ਕਿਸੇ ਜੀਵਨ ਉੱਤੇ ਬਿਲਕੁਲ ਬੇ-ਧਿਆਨੇ ਹੋ ਕੇ ਅਤੇ ਬੇਲੋੜੇ ਹੀ ਚੋਣ ਕਰਨੀ ਇਸ ਦੀ ਇਕ ਆਪਣੀ ਹੱਦ ਤਕ ਆਤਮਘਾਤ ਹੀ ਹੈ। ਕਾਤਲ ਦਾ ਜੀਵਨ ਕੀ ਜੀਵਨ ਹੈ ਤੇ ਇਸ ਵਿਚ ਕੀ ਸੁੱਖ-ਸ਼ਾਂਤੀ ਹੋ ਸਕਦੀ ਹੈ ?

ਅਸੀਂ ਜਾਣਦੇ ਹਾਂ, ਆਪਣੇ ਅੰਦਰ ਵੱਸਦੇ ਇਕ ਪਸ਼ੂ ਨੂੰ ਜੋ ਉਸ ਨਿਸਬਤ (ਹਿਸਾਬ) ਨਾਲ ਹੀ ਜਾਗਦਾ ਹੈ ਜਿੰਨੀ ਕੁ ਸਾਡੀ ਆਪਣੀ ਉਚੇਰੀ ਖ਼ਸਲਤ (ਸੁਭਾਉ) ਸੁੱਤੀ ਰਹਿੰਦੀ ਹੈ । ਇਹ ਮਾਨੋਂ ਰੀਂਘਣ ਕੀੜਾ ਹੈ, ਇਹ ਭੋਗੀ ਹੈ (ਇੰਦ੍ਰਕ ਰਸਾਂ ਦਾ ਅਭਿਲਾਸੀ ਹੈ) ਅਤੇ ਸ਼ਾਇਦ ਇਹ ਆਪਣੇ ਅੰਦਰੋਂ ਪੂਰੇ ਤੌਰ 'ਤੇ ਕੱਢਿਆ ਵੀ ਨਹੀਂ ਜਾ ਸਕਦਾ ਜਿਵੇਂ ਕੀੜੇ ਜੀਵਨ ਅਤੇ ਸਿਹਤ ਦੇ ਹੁੰਦਿਆਂ ਸੁੰਦਿਆਂ ਵੀ ਸਾਡੇ ਸਰੀਰਾਂ ਵਿਚ ਵੜੇ ਰਹਿੰਦੇ ਹਨ। ਇਹ ਸੰਭਵ ਹੈ ਕਿ ਅਸੀਂ ਇਸ ਤੋਂ ਲਾਂਭੇ ਹੋ ਕੇ ਰਹੀਏ, ਪਰ ਅਸੀਂ ਇਸ ਦੀ ਖ਼ਸ਼ਲਤ (ਸੁਭਾਉ) ਨੂੰ ਕਦੇ ਨਹੀਂ ਬਦਲ ਸਕਦੇ । ਮੈਨੂੰ ਤਾਂ ਇਹ ਤੌਖਲਾ ਹੈ ਕਿ ਇਹ ਆਪਣੇ ਖ਼ਾਸ ਕਿਸਮ ਦੀ ਅਜਿਹੀ ਸਿਹਤ ਵੀ ਮਾਣ ਸਕਦਾ ਹੈ ਕਿ ਅਸੀਂ ਰਾਜ਼ੀ ਵੀ ਹੋਵੀਏ ਪਰ ਪਵਿੱਤਰ ਨਾ ਹੋਵੀਏ ।...

.....ਕਿਸ ਨੂੰ ਪਤਾ ਹੈ ਕਿ ਸਾਨੂੰ ਨਤੀਜੇ ਦੇ ਤੌਰ 'ਤੇ ਕਿਸ ਭਾਂਤ ਦਾ ਜੀਵਨ ਮਿਲ ਜਾਵੇ ਜੇ ਸਾਡੀ ਪਹੁੰਚ ਪਵਿੱਤਰਤਾ ਤਕ ਹੋ ਜਾਵੇ । ਜੇ ਮੈਨੂੰ ਕਿਸੇ ਅਜਿਹੇ ਸਿਆਣੇ ਬੰਦੇ ਦਾ ਪਤਾ ਹੋ ਜਾਵੇ ਜਿਹੜਾ ਮੈਨੂੰ ਪਵਿੱਤਰਤਾ ਸਿਖਾਲ ਸਕੇ, ਤਾਂ ਮੈਂ ਤੁਰੰਤ ਉਸ ਦੀ ਢੂੰਡ ਵਿਚ ਤੁਰ ਪਵਾਂਗਾ । ਅਮਰੀਕਾ ਦੇ ਸੰਸਾਰ ਪ੍ਰਸਿੱਧ ਫ਼ਿਲਾਸਫ਼ਰ ਥੋਰੋ ਦਾ ਇਹ ਅੰਗੇਰਜ਼ੀ ਦੇ ਲੇਖ ਦਾ ਉਲਥਾ ਹੈ ਜਿਹੜਾ ਥੋਰੋ ਬਾਰੇ ਛਪੀ ਇਕ ਪੁਸਤਕ ਵਿਚੋਂ ਮੈਂ ਲਿਆ ਸੀ । ਅੰਗਰੇਜ਼ੀ



ਦੇ ਇਕ ਮਾਸਿਕ-ਪੱਤਰ ਵਿਚ ਛਪੇ ਇਸ ਲੇਖ ਨੂੰ ਪੜ੍ਹ ਕੇ ਬੰਬਈ ਦੇ ਕਾਲਜਾਂ ਦੀਆਂ ਵਿਦਿਆਰਥੀ ਬੀਬੀਆਂ ਨੇ ਕਿਹਾ ਸੀ ਕਿ ਇਸ ਲੇਖ ਦਾ ਉਲਥਾ ਹਿੰਦੀ ਭਾਸ਼ਾ ਵਿਚ ਹੋਣਾ ਚਾਹੀਦਾ ਹੈ ਤਾਂ ਜੋ ਹਿੰਦੀ ਪੜ੍ਹੇ ਹੋਏ ਵਿਦਿਆਰਥੀ ਤੇ ਆਮ ਬੰਦੇ ਇਸ ਨੂੰ ਪੜ੍ਹ ਕੇ ਲਾਭ ਉਠਾ ਸਕਣ। ਇਸ ਤੋਂ ਵੱਧ ਇਸ ਲੇਖ ਦੀ ਮਹੱਤਤਾ ਦਾ ਸਬੂਤ ਹੋਰ ਕੀ ਹੋ ਸਕਦਾ ਹੈ । ਜਿਹੜੇ ਸੱਜਣ ਚਾਹੁੰਦੇ ਹਨ ਕਿ ਇਹ ਲੇਖ ਵੱਧ ਤੋਂ ਵੱਧ ਬੰਦਿਆਂ ਪਾਸ ਪੁੱਜੇ ਉਹ ਪਿੰਗਲਵਾੜੇ ਨੂੰ ਵੱਧ ਤੋਂ ਵੱਧ ਮਾਇਆ ਦਾਨ ਵਿਚ ਘੱਲਣ ਘਲਾਉਣ ਦਾ ਫ਼ਿਕਰ ਕਰਦੇ ਰਹਿਣ।

## WHAT THE IRISH DID

The Irish peasantry proved that a certain kind of self-control is possible on a large scale. After the dreadful famines in Ireland in 1847-52 the peasants against the advice of their priests and politicians began having fewer marriages, and the marriages were much later in life than formerly. Also they began consolidating their tiny farms through marriage so that the holdings generally became large enough to be economically workable. Today in Ireland the number of bachelors and old maids is very large in proportion to the rest of the population; the birthrate is among the lowest in Europe; the population is nearly half of what it was in 1845 and the per capita wealth a few years ago was reported to be for a while one of the highest in Europe. But now, in 1957 there are one hundred thousand people unemployed, the economic situation is said to be serious, and the Irish are emigrating, we read, at the rate of fifty thousand per year. The story is told in the book-**'Human Fertility: The modern Dilemma' by Robert C.Cook.** That is at least one way of reducing the birthrate and pressure of excess

population ; and it is remarkable that it was achieved by the initiative of the peasants themselves, without legislation or governmental commissions, in spite of the opposition of the Roman Catholic Church and the statesman. I am neither approving it nor disapproving it, I am too ignorant. But there it is, as a fact, for whatever it may be worth.

(Reproduced from the book Which way lies hope? by Richard B.Gregg

Navjivan Publishing House, Ahmedabad

## ਆਇਰਸ਼ ਕਿਸਾਨਾਂ ਦੀ ਕਰਾਮਾਤ

ਕੁਝ ਸਮਾਂ ਪਹਿਲਾਂ ਆਇਰਲੈਂਡ ਦੇ ਕਿਸਾਨਾਂ ਨੇ ਇਹ ਸਿੱਧ ਕਰ ਦਿੱਤਾ ਕਿ ਕੁਝ ਵੱਡੇ ਪੱਧਰ 'ਤੇ ਵੀ ਸੰਜਮ ਵਰਤਾਇਆ ਜਾ ਸਕਦਾ ਹੈ। ਸੰਨ ੧੯੪੭ ਤੋਂ ੧੯੫੨ ਤੀਕ ਆਇਰਲੈਂਡ ਵਿਚ ਭਿਆਨਕ ਕਾਲ ਪਾਏ ਗਏ। ਇਹ ਵੇਖ ਕੇ ਆਇਰਲੈਂਡ ਦੇ ਲੋਕਾਂ ਨੇ ਵਿਆਹ ਕਰਾਉਣੇ ਘੱਟ ਕਰ ਦਿੱਤੇ , ਹਾਲਾਂ ਕਿ ਧਰਮੀ ਤੇ ਸਿਆਸੀ ਨੇਤਾਵਾਂ ਨੇ ਲੋਕਾਂ ਦੇ ਇਸ ਫੈਸਲੇ ਦੀ ਕੜੀ ਆਲੋਚਨਾ ਕੀਤੀ । ਜੇਕਰ ਲੋਕ ਵਿਆਹ ਕਰਵਾਉਂਦੇ ਵੀ ਸਨ ਤਾਂ ਕੁਝ ਵਡੇਰੀ ਉਮਰ ਵਿਚ । ਜਿਨ੍ਹਾਂ ਲੋਕਾਂ ਕੋਲ ਜ਼ਮੀਨਾਂ ਘੱਟ ਸਨ ਉਨ੍ਹਾਂ ਨੇ ਵੀ ਆਪਣੇ ਵਿਆਹ ਇਸ ਤਰ੍ਹਾਂ ਕਰਵਾਏ ਕਿ ਘੱਟ ਜ਼ਮੀਨਾਂ ਵਾਲੇ ਪਰਿਵਾਰ ਮਿਲ ਜਾਣ ਤਾਂ ਜੋ ਜ਼ਮੀਨ ਇਕੱਠੀ ਹੋ ਜਾਵੇ ਤੇ ਲਾਭਵੰਦ ਸਾਬਤ ਹੋ ਸਕੇ । ਅੱਜ ਆਇਰਲੈਂਡ ਵਿਚ ਅਣਵਿਆਹੇ ਬਜ਼ੁਰਗਾਂ ਤੇ ਬੁੱਢੀਆਂ ਦੀ ਗਿਣਤੀ ਬਾਕੀ ਦੀ ਜਨ-ਸੰਖਿਆ ਤੋਂ ਵਧੇਰੇ ਹੈ । ਇਨ੍ਹਾਂ ਦੀ ਜਨ-ਸੰਖਿਆ ਵਧਣ ਦੀ ਗਤੀ ਯੂਰਪ ਦੇ ਸਾਰੇ ਦੇਸ਼ਾਂ ਤੋਂ ਘੱਟ ਹੈ । ਕੁਝ ਸਮੇਂ ਵਿਚ ਜਨ-ਸੰਖਿਆ ੧੯੪੫ ਦੇ ਮੁਕਾਬਲੇ ਅੱਧੀ ਰਹਿ ਗਈ ਤੇ ਵਿਅਕਤਿਕ ਆਮਦਨ ਯੂਰਪ ਵਿਚ ਸਭ ਤੋਂ ਜ਼ਿਆਦਾ ਹੋ ਗਈ ।

ਪਰ ਹੁਣ ੧੯੫੭ ਵਿਚ ੧,੦੦,੦੦੦ ਲੋਕ ਬੇਕਾਰ ਹਨ। ਮਾਲੀ ਹਾਲਤ ਕਾਫ਼ੀ ਚਿੰਤਾਜਨਕ ਹੈ ਤੇ ੫੦,੦੦੦ ਲੋਕ ਸਲਾਨਾ ਬਾਹਰਲੇ ਦੇਸ਼ਾਂ ਵੱਲ ਦੌੜ ਰਹੇ ਹਨ ।



ਇਹ ਅਬਾਦੀ ਨੂੰ ਘੱਟ ਕਰਨ ਦਾ ਇਕ ਤਰੀਕਾ ਹੈ । ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਕਿਸਾਨਾਂ ਦਾ ਆਪਣਾ ਫੈਸਲਾ ਸੀ ਤੇ ਰੋਮਨ ਕੈਥੋਲਿਕ ਚਰਚ ਤੇ ਸਿਆਸੀ ਨੇਤਾ ਇਸ ਦੇ ਖਿਲਾਫ਼ ਸਨ । ਅਸੀਂ ਇਸ ਨੂੰ ਮਨਜ਼ੂਰ ਕਰੀਏ ਜਾਂ ਨਾ, ਕਿਸਾਨਾਂ ਦੇ ਇਸ ਫੈਸਲੇ ਦਾ ਨਤੀਜਾ ਤਾਂ ਸਾਡੇ ਸਾਹਮਣੇ ਹੈ ।

## ਕੁਆਰੀਆਂ ਕੁੜੀਆਂ ਦੀਆਂ ਬਿਨ ਆਈਆਂ ਮੌਤਾਂ

ਮੈਂ ਅਖ਼ਬਾਰਾਂ ਵਿਚ ਅਨੇਕਾਂ ਲੜਕੀਆਂ ਦੀਆਂ ਮੌਤਾਂ ਬਾਰੇ ਪੜ੍ਹਦਾ ਰਹਿੰਦਾ ਹਾਂ,ਜਿਹੜੀਆਂ ਮੌਤਾਂ ਕੁਆਰੀਆਂ ਲੜਕੀਆਂ ਦੀਆਂ ਹੁੰਦੀਆਂ ਹਨ ਤੇ ਉਹ ਮੌਤਾਂ ਹਮਲ ਗਿਰਾਉਣ ਕਾਰਨ ਹੋਈਆਂ ਹੁੰਦੀਆਂ ਹਨ । ਇਕ ਲੜਕੀ ਦੀ ਮਿਸਾਲ ਮੈਂ ਇੱਥੇ ਦੇਂਦਾ ਹਾਂ । ਉਹ ਲੜਕੀ ਲੁਧਿਆਣਾ ਸ਼ਹਿਰ ਦੇ ਇਕ ਮੈਡੀਕਲ ਕਾਲਜ ਵਿਚ ਡਾਕਟਰੀ ਦੇ ਤੀਜੇ ਸਾਲ ਵਿਚ ਪੜ੍ਹਦੀ ਸੀ ਤੇ ਉਹ ਇਕ ਡਾਕਟਰ ਦੀ ਧੀ ਸੀ । ਉਸ ਨੇ ਆਪਣਾ ਹਮਲ ਅੰਮ੍ਰਿਤਸਰ ਸ਼ਹਿਰ ਵਿਚ ਕਿਸੇ ਹਮਲ ਗਿਰਾਉਣ ਵਾਲੇ ਕੋਲੋਂ ਗਿਰਾਇਆ । ਹਮਲ ਗਿਰਾਉਂਦੀ ਹੋਈ ਦੀ ਉਸ ਲੜਕੀ ਦੀ ਮੌਤ ਹੋ ਗਈ ਸੀ । ਮੈਂ ਉਸ ਲੜਕੀ ਦੀ ਮੌਤ ਦਾ ਚਰਚਾ ਇਕ ਡਾਕਟਰ ਬੀਬੀ ਨਾਲ ਕੀਤੀ । ਉਸ ਬੀਬੀ ਨੇ ਮੈਨੂੰ ਕਿਹਾ ਕਿ ਉਹ ਮੇਰੀ ਜਮਾਤਣ ਸੀ ਤੇ ਜਦੋਂ ਉਸ ਦੀ ਮੌਤ ਦਾ ਕਾਰਨ ਬਣਨ ਵਾਲਾ ਉਸ ਦਾ ਹਮਲ ਗਿਰਾਇਆ ਗਿਆ ਤੇ ਹਮਲ ਗਿਰਾਉਣ ਪਿਛੋਂ ਉਹ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਲਟਕ ਰਹੀ ਸੀ ਤੇ ਮੈਂ ਉਸ ਨੂੰ ਆਪਣਾ ਲਹੂ ਦਿੱਤਾ ਸੀ । ਜਿਸ ਬੀਬੀ ਨੇ ਮੈਨੂੰ ਇਹ ਗੱਲ ਦੱਸੀ ਉਸ ਦੀ ਉਮਰ ੩੮ ਕੁ ਸਾਲਾਂ ਦੀ ਹੈ ਤੇ ਉਸ ਨੇ ਸ਼ਾਦੀ ਵੀ ਨਹੀਂ ਕਰਾਈ । ਉਹ ਗੁਰਬਾਣੀ ਦਾ ਨਿਤਨੇਮ ਦਾ ਪਾਠ ਰੋਜ਼ ਕਰਦੀ ਹੈ ਤੇ ਉਸ ਦਾ ਪਿਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਨਾ ਵਾਲਾ ਸੀ । ਉਸ ਨੇ ਆਪਣੀ ਉਸ ਧੀ ਦੀ ਛੋਟੀ ਉਮਰ ਵਿਚ ਹੀ ਉਸ ਨੂੰ ਭਾਈ ਵੀਰ ਸਿੰਘ ਦੀ ਪੁਸਤਕ ਬਾਬਾ ਨੌਧ ਸਿੰਘ ਜੈਸੀਆ ਧਾਰਮਿਕ ਪੁਸਤਕਾਂ ਪੜ੍ਹਾ ਪੜ੍ਹਾ ਕੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਪੁ ਜੀ ਸਾਹਿਬ ਤੇ ਅਨੰਦ ਸਾਹਿਬ ਸੁਣਾ ਸੁਣਾ ਕੇ ਸਵੇਰ ਵੇਲੇ ਜਪੁ ਜੀ ਸਾਹਿਬ, ਅਨੰਦ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਤੇ ਕੀਰਤਨ ਸੋਹਿਲਾ ਬਾਣੀਆਂ ਨੂੰ ਪ੍ਰਤੀ ਦਿਨ ਪੜ੍ਹਨ ਦੀ ਆਦਤ ਪਾ ਕੇ ਉਸ ਨੂੰ ਹਿਰਦੇ

ਦੀ ਪਵਿੱਤਰਤਾ ਦੀ ਪ੍ਰਾਪਤੀ ਦੇ ਰਾਹ 'ਤੇ ਤੋਰ ਦਿੱਤਾ ਸੀ ।

ਇਸ ਪੁਸਤਕ ਵਿਚ ਮੈਂ ਸੰਤ ਕਿਸ਼ਨ ਸਿੰਘ ਦਾ ਜੀਵਨ ਦਿੱਤਾ ਹੈ ਜਿਸ ਨੂੰ ਮੈਂ ਜਵਾਨੀ ਦਾ ਜੀਵਨ ਹਿਰਦੇ ਦੀ ਪੂਰੀ ਪੂਰੀ ਪਵਿੱਤਰਤਾ ਨਾਲ ਗੁਜ਼ਾਰਦੇ ਨੂੰ ਅੱਖੀਂ ਦੇਖਿਆ । ਮੈਂ ਵੀ ਇਸ ਮਾਰਗ 'ਤੇ ਤੁਰਦਾ ਆ ਰਿਹਾ ਹਾਂ ਤੇ ਮੇਰੇ ਜੀਵਨ ਦਾ ਤਜਰਬਾ ਇਹ ਹੈ ਕਿ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਮਹਾਨ ਗ੍ਰੰਥਾਂ ਦੀ ਬਾਣੀ ਨੂੰ ਮਨ ਵਿਚ ਵਸਾ ਕੇ ਉਸ ਅਨੁਸਾਰ ਪ੍ਰਾਣੀ-ਮਾਤਰ ਦੀ ਸੇਵਾ ਦਾ ਕਠਿਨਾਈਆਂ ਭਰਿਆ ਸਾਸ ਸਾਸ ਜੀਵਨ ਗੁਜ਼ਾਰਿਆ ਜਾਵੇ ਤਾਂ ਸਹਿਜ ਸੁਭਾਅ ਹੀ ਜੀਵਨ ਪਵਿੱਤਰਤਾ ਨਾਲ ਗੁਜ਼ਰਦਾ ਰਹਿੰਦਾ ਹੈ ।

ਮਾਂ ਬਾਪ ਬੱਚਿਆਂ ਨੂੰ ਜਨਮ ਦੇ ਦਿੰਦੇ ਹਨ ਪਰ ਉਹਨਾਂ ਨੂੰ ਜੀਵਨ ਦੀ ਪਵਿੱਤਰਤਾ ਦਾ ਰਾਹ ਮਾਪਿਆਂ ਕੋਲੋਂ ਮਿਲ ਜਾਣਾ ਜ਼ਰੂਰੀ ਨਹੀਂ ਹੁੰਦਾ। ਪਵਿੱਤਰਤਾ ਦੇ ਰਾਹ ਦੀ ਪ੍ਰਾਪਤੀ ਲਈ ਬੰਦੇ ਨੂੰ ਮਹਾਂਪੁਰਸ਼ਾਂ ਦੀ ਸੰਗਤ ਤੇ ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਦੀ ਲੋੜ ਹੁੰਦੀ ਹੈ, ਉਹਨਾਂ ਪੁਸਤਕਾਂ ਨੂੰ ਪੜ੍ਹਨ ਦੀ ਲੋੜ ਹੁੰਦੀ ਹੈ ਜਿਨ੍ਹਾਂ ਵਿਚ ਉਹਨਾਂ ਸਾਰੀਆਂ ਸਮੱਸਿਆਵਾਂ ਤੇ ਤਿਲਕਣ-ਬਾਜੀਆਂ 'ਤੇ ਚਾਨਣਾ ਪਾਇਆ ਗਿਆ ਹੋਵੇ ਜਿਹੜੀਆਂ ਚੜ੍ਹਦੀ ਜਵਾਨੀ ਦੇ ਸਮੇਂ ਕਿਸੇ ਵੀ ਲੜਕੇ ਲੜਕੀ ਨੂੰ ਪੇਸ਼ ਆਇਆ ਕਰਦੀਆਂ ਹਨ ।

ਮੈਂ ਚਾਹੁੰਦਾ ਹਾਂ ਕਿ ਮੁਫ਼ਤ ਵੰਡਿਆ ਜਾ ਰਿਹਾ ਇਹ ਕਿਤਾਬਚਾ ਕਾਲਜਾਂ ਵਿਚ ਪੜ੍ਹਨ ਵਾਲੀਆਂ ਵੱਧ ਤੋਂ ਵੱਧ ਕੁੜੀਆਂ ਨੂੰ ਮਿਲੇ । ਮੈਂ ਕਿਸੇ ਰਿਆਸਤ ਦਾ ਮੁੱਖ-ਮੰਤਰੀ ਨਹੀਂ ਹਾਂ । ਮੈਂ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਸੰਨ ੧੯੪੭ ਦੇ ਮਹੀਨਾ ਅਗਸਤ ਦੀ ੧੮ ਤਾਰੀਖ਼ ਵਾਲੇ ਦਿਨ ਇਕ ਨਿਰਧਨ ਰਫ਼ਿਊਜੀ ਬੰਦੇ ਦੇ ਤੌਰ 'ਤੇ ਪੁੱਜਿਆ ਸਾਂ । ਸੰਨ ੧੯੩੪ ਵਿਚ ਜਿਸ ਲੂਲ੍ਹੇ ਲਵਾਰਸ ਬਾਲਕ ਨੂੰ ਮੈਂ ਗੁਰਦੁਆਰਾ ਡੇਹਰਾ ਸਾਹਿਬ ਤੋਂ ਆਪਣੀ ਸੰਭਾਲ ਵਿਚ ਲਿਆ ਸੀ ਉਹ ਉਸ ਵੇਲੇ ਮੇਰੀ ਪਿੱਠ 'ਤੇ ਸੀ । ਮੈਂ ਲੂਲ੍ਹੇ ਬੱਚਿਆਂ, ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ ਸੰਭਾਲ ਦੇ ਕਾਰਜ ਨੂੰ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੀਆਂ ਸੜਕਾਂ ਦੇ ਕੰਢਿਆਂ 'ਤੇ ਡੇਢ ਸਾਲ ਦਾ ਸਮਾਂ ਕੀਤਾ ਸੀ, ਘਰ ਘਰ ਤੋਂ ਸਤਿਨਾਮ ਦੇ ਅਵਾਜ਼ੇ ਨਾਲ ਪ੍ਰਸ਼ਾਦਾ ਉਗਰਾਹੁਣ ਤੋਂ ਬਿਨਾਂ ਆਪਣੇ ਜੀਵਨ ਨਿਰਬਾਹ ਦਾ ਹੋਰ ਮੇਰੇ ਪਾਸ ਕੋਈ ਸਾਧਨ ਨਹੀਂ ਸੀ। ਸੰਨ ੧੯੯੧ ਦੇ ਮਹੀਨਾ ਮਾਰਚ ਦੀ ੩੧ ਤਾਰੀਖ਼



ਨੂੰ ਮੁੱਕਣ ਵਾਲੀ ਮਾਲੀ ਸਾਲ ਤਕ ਮੈਂ ਪਿਛਲੇ ਕੁਝ ਸਾਲ ੭੦-੮੦ ਹਜ਼ਾਰ ਰੁਪਏ ਮਹੀਨਾ ਇਸ ਜਤੀ ਸਤੀ ਜੈਸੇ ਕਿਤਾਬਚਿਆਂ ਤੇ ਇਸ਼ਤਿਹਾਰਾਂ ਉੱਤੇ ਖ਼ਰਚ ਕਰਕੇ ਉਹਨਾਂ ਨੂੰ ਜਨਤਾ ਵਿਚ ਮੁਫ਼ਤ ਵੰਡਦਾ ਆ ਰਿਹਾ ਹਾਂ ; ਪਰ ਇਸ ਕਾਰਜ ਲਈ ਤਾਂ ਕਈ ਲੱਖ ਰੁਪਿਆ ਹਰ ਮਹੀਨੇ ਖ਼ਰਚ ਕਰਨਾ ਵੀ ਥੋੜ੍ਹਾ ਹੈ । ਮੈਂ ਚਾਹੁੰਦਾ ਹਾਂ ਕਿ ਮੇਰੇ ਜਿਊਂਦੇ ਜੀ ਇਹ ਕਿਤਾਬਚਾ ਵੱਧ ਤੋਂ ਵੱਧ ਕੁੜੀਆਂ ਦੇ ਹੱਥਾਂ ਵਿਚ ਜਾ ਸਕੇ ਤੇ ਮੇਰੇ ਮਰਨ ਦੇ ਪਿੱਛੋਂ ਵੀ ਜਾਂਦਾ ਰਹੇ। ਅਜਿਹਾ ਤਦ ਹੋ ਸਕਦਾ ਹੈ ਜੇਕਰ ਹਰ ਲੜਕਾ ਲੜਕੀ ਜਿਹੜਾ ਇਸ ਨੂੰ ਪੜ੍ਹੇ ਉਹ ਪਿੰਗਲਵਾੜੇ ਨੂੰ ਆਪਣੇ ਪਾਸੋਂ, ਮਾਪਿਆਂ ਪਾਸੋਂ, ਰਿਸ਼ਤੇਦਾਰਾਂ ਪਾਸੋਂ ਤੇ ਆਪਣੇ ਮਿੱਤਰਾਂ ਤੇ ਸਹੇਲੀਆਂ ਪਾਸੋਂ ਇਹਨਾਂ ਪੁਸਤਕਾਂ ਦੀ ਛਪਾਈ ਲਈ ਵੱਧ ਤੋਂ ਵੱਧ ਦਾਨ ਇਕੱਠਾ ਕਰਕੇ ਭੇਜੇ । ਇਸ ਕਿਤਾਬਚੇ ਨੂੰ ਪੜ੍ਹ ਕੇ ਹਰ ਇਕ ਪਾਠਕ ਇਕ ਚਿੱਠੀ ਮਹਿਕਮਾ ਸਿਹਤ ਦੇ ਡਾਇਰੈਕਟਰ ਚੰਡੀਗੜ੍ਹ ਨੂੰ ਲਿਖੇ ਜਿਸ ਵਿਚ ਉਹ ਉਸਨੂੰ ਦੱਸੇ ਕਿ ਉਸ ਦੇ ਹਿਰਦੇ ਵਿਚ ਇਸ ਕਿਤਾਬਚੇ ਨੂੰ ਪੜ੍ਹਨ ਤੋਂ ਮਨ ਦੀ ਪਵਿੱਤਰਤਾ ਪੈਦਾ ਕਰਨ ਵਾਲਾ ਕਿੰਨਾ ਕੁ ਪ੍ਰਭਾਵ ਪਿਆ ਹੈ ਤਾਂ ਜੋ ਸਰਕਾਰ ਵੀ ਇਸ ਕਿਤਾਬਚੇ ਨੂੰ ਆਪ ਛਪਵਾ ਕੇ ਸਕੂਲਾਂ ਤੇ ਕਾਲਜਾਂ ਵਿਚ ਮੁਫ਼ਤ ਵੰਡਣ ਦਾ ਫ਼ਿਕਰ ਕਰੇ ।

-o-

# ਨਰੋਈ ਸਿਹਤ

**ਹਰ ਪੱਖ ਤੋਂ ਮਨੁੱਖੀ ਸਰੀਰ ਦੀ ਰੱਖਿਆ, ਖ਼ੁਸ਼ੀ, ਤੰਦਰੁਸਤੀ ਤੇ ਇਸ ਨੂੰ ਹਰ ਪ੍ਰਕਾਰ ਦੇ ਰੋਗਾਂ ਸੋਗਾਂ ਤੋਂ ਬਚਾ ਕੇ ਨਵਾਂ ਨਰੋਆ ਤੇ ਨਿੱਗਰ ਬਣਾਈ ਰੱਖਣ ਦੇ ਜ਼ਾਮਨ**

## ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥ

ਲੌਂਗ, ਦਾਲਚੀਨੀ, ਸੁੰਢ, ਥੋਮ, ਗਰਮ ਮਸਾਲੇ, ਲਾਲ ਮਿਰਚ, ਵਰਗੀਆਂ ਗਰਮ ਤਾਸੀਰ ਵਾਲੀਆਂ ਵਸਤਾਂ ਵਾਲੇ ਖਾਣੇ ਖਾਣ ਤੋਂ ਮਨੁੱਖ ਦੇ ਅੰਦਰ ਗਰਮੀ ਪੈਦਾ ਹੁੰਦੀ ਹੈ । ਉਸ ਗਰਮੀ ਨਾਲ ਬੰਦੇ ਦੀਆਂ ਵੀਰਯ ਦੀਆਂ ਗ੍ਰੰਥੀਆਂ ਵਿਚ ਜਮ੍ਹਾਂ ਹੋਏ ਵੀਰਯ ਨੂੰ ਉਬਾਲਾ ਆਉਂਦਾ ਹੈ ਤੇ ਸ਼ਾਇਦ ਇਨ੍ਹਾਂ ਦੇ ਜ਼ਹਿਰੀਲੇ ਮਾਦੇ ਦਾ ਸਾੜਾ ਵੀ ਵੀਰਯ ਵਿਚ ਪੈਂਦਾ ਹੈ । ਇਸ ਕਿਤਾਬਚੇ ਦੇ ਪੰਨਾ ੫੮ ’ਤੇ ਛਪੇ ਹੋਏ ਲੇਖ 'ਜ਼ਹਿਰ ਪ੍ਰਵੇਸ਼ਤਾ' ਤੋਂ ਪਤਾ ਲੱਗਦਾ ਹੈ ਕਿ ਖਾਣ ਪੀਣ ਵਾਲੀਆਂ ਗਰਮ ਵਸਤਾਂ ਤੋਂ ਪੈਦਾ ਹੋਈ ਗਰਮੀ ਤੇ ਜ਼ਹਿਰ ਦੇ ਸਾੜੇ ਦੇ ਕਾਰਨ ਬੰਦਾ ਆਪਣੇ ਵੀਰਯ ਨੂੰ ਆਪ ਬਾਹਰ ਕੱਢਣ ਲਈ ਮਜ਼ਬੂਰ ਹੋ ਜਾਂਦਾ ਹੈ । ਇਸ ਤਰ੍ਹਾਂ ਇਕ ਗੱਲ ਮੈਂ ਅੰਗਰੇਜ਼ੀ ਦੀਆਂ ਦੋ ਪੁਸਤਕਾਂ ਵਿਚ ਪੜ੍ਹੀ ਸੀ ਕਿ ਚੜ੍ਹਦੀ ਜਵਾਨੀ ਦੀ ਸੋਲਾਂ ਤੋਂ ਅਠਾਰਾਂ ਸਾਲ ਦੇ ਆਲੇ ਦੁਆਲੇ ਦੀ ਉਮਰ ਦਾ ਜਿਹੜਾ ਗੱਭਰੂ ਬਹੁਤੀ ਤਾਕਤਵਾਰ ਖ਼ੁਰਾਕ ਖਾਵੇਗਾ ਤਾਂ ਉਸ ਦੇ ਅੰਦਰ ਏਨਾ ਵੱਧ ਵੀਰਯ ਪੈਦਾ ਹੋ ਜਾਵੇਗਾ ਕਿ ਉਸ ਪਾਸੋਂ ਇਹ ਆਸ ਕਰਨੀ ਕਿ ਉਹ ਬ੍ਰਹਮਚਾਰੀ ਰਹੇਗਾ, ਵਿਅਰਥ ਹੋਵੇਗੀ। ਉਸ ਨੂੰ ਵਧਿਆ ਹੋਇਆ ਵੀਰਯ ਕਿਸੇ ਢੰਗ ਨਾਲ ਆਪ ਬਾਹਰ ਕੱਢਣਾ ਹੀ ਪਵੇਗਾ । ਤਾਕਤਵਰ ਖ਼ੁਰਾਕ ਤੋਂ ਲੇਖਕ ਦਾ ਭਾਵ ਦੁੱਧ, ਘਿਉ, ਮੱਖਣ ਤੇ ਮਲਾਈ ਦਾ ਹੀ ਹੋ ਸਕਦਾ ਹੈ । ਇਨ੍ਹਾਂ ਪੁਸਤਕਾਂ ਵਿਚ ਇਕ ਪੁਸਤਕ ਦਾ ਨਾਮ School of Health (ਅਰਥਾਤ ਸਿਹਤ ਦਾ ਸਕੂਲ) ਸੀ । ਇਹ ਪੁਸਤਕ ਮੈਨੂੰ ਲਾਹੌਰ ਸ਼ਹਿਰ ਵਿਚ ਇਕ ਕਬਾੜੀਏ ਦੀ ਹੱਟੀ ਤੋਂ ਸੰਨ ੧੯੩੦ ਦੇ ਲਾਗੇ ਮਿਲੀ ਸੀ; ਪਰ ਬਹੁਤੀ ਖ਼ੁਰਾਕ ਵਾਲੀ ਗੱਲ ਪੜ੍ਹਨ ਦਾ ਅਵਸਰ ਮੈਨੂੰ ਇਸ ਪੁਸਤਕ ਵਿਚੋਂ ੧੯੯੫ ਦੇ ਲਾਗੇ ਹਿੰਦੂ ਕਾਲਜ ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਮਿਲਿਆ । ਦੂਜੀ ਪੁਸਤਕ ਦਾ ਨਾਮ ਮੈਨੂੰ ਯਾਦ ਨਹੀਂ ਰਿਹਾ। ਮਹਾਤਮਾ ਗਾਂਧੀ ਜੀ ਨੇ ਵੀ ਲਿਖਿਆ ਸੀ ਕਿ ਬਹੁਤੀ



ਖ਼ੁਰਾਕ ਖਾਣ ਵਾਲਾ ਆਦਮੀ ਬ੍ਰਹਮਚਾਰੀ ਨਹੀਂ ਰਹਿ ਸਕਦਾ ।

ਦੇਸ਼ ਵਿਚ ਚਾਹ ਦਾ ਰਿਵਾਜ ਬਹੁਤ ਵਧ ਚੁੱਕਿਆ ਹੈ । ਚਾਹ ਵੀ ਕਾਮ-ਵਾਸ਼ਨਾ ਨੂੰ ਜਗਾਉਂਦੀ ਹੈ । ਨੌਜਵਾਨ ਲੜਕੇ ਲੜਕੀਆਂ ਨੂੰ ਇਸ ਨੂੰ ਨਹੀਂ ਵਰਤਣਾ ਚਾਹੀਦਾ । ਇਹ ਸਾਡੇ ਦੇਸ਼ ਦਾ ਨਵਾਂ ਰਿਵਾਜ ਹੈ, ਪੁਰਾਣਾ ਨਹੀਂ । ਅੰਗਰੇਜ਼ੀ ਰਾਜ ਦੇ ਸਮੇਂ ਇਹ ਰਿਵਾਜ ਸਾਡੇ ਦੇਸ਼ ਵਿਚ ਪਿਆ ਸੀ। ਹੁਣ ਦੇਸ਼ ਵਾਸੀ ਅੱਖਾਂ ਮੀਟ ਕੇ ਇਸ ਰਿਵਾਜ ਦੇ ਗ਼ੁਲਾਮ ਬਣਦੇ ਜਾ ਰਹੇ ਹਨ । ਪਿੰਡਾਂ ਦੇ ਬੰਦੇ ਵੀ ਸ਼ਾਇਦ ਇਸ ਰਿਵਾਜ ਦੇ ਗ਼ੁਲਾਮ ਹੋ ਰਹੇ ਹੋਣਗੇ। ਪਿੰਡਾਂ ਵਿਚ ਜਿਸ ਗੁਜ਼ਾਰੇ ਵਾਲੇ ਘਰ ਵਿਚ ਦਹੀਂ ਦੀ ਮਿੱਠੀ ਲੱਸੀ ਰਿੜਕੀ ਪਈ ਹੋਵੇਗੀ ਉਹ ਵੀ ਬਿਸਕੁਟਾਂ ਨਾਲ ਚਾਹ ਦੇਣ ਦੇ ਸ਼ਹਿਰਾਂ ਦੇ ਨਾਮੁਰਾਦ ਰਿਵਾਜ ਦਾ ਗ਼ੁਲਾਮ ਬਣਦਾ ਜਾ ਰਿਹਾ ਹੋਵੇਗਾ । ਜਿਹੜੇ ਨੌਜਵਾਨ ਜੁਆਨੀ ਦੀ ਬ੍ਰਹਮਚਰਯ ਦੀ ਪੂੰਜੀ ਨੂੰ ਜੋੜਨਾ ਚਾਹੁੰਦੇ ਹੋਣ ਉਹ ਕੰਨਾਂ ਨੂੰ ਹੱਥ ਲਾ ਲਾ ਕੇ ਧਰਤੀ ’ਤੇ ਪੈਰ ਧਰਨ ।

ਮਿਲਾਪ ਅਖ਼ਬਾਰ ਦੇ ਐਡੀਟਰ ਰਣਬੀਰ ਜੀ ਤੇ ਯਸ਼ ਜੀ ਦੇ ਪਿਤਾ ਲਾਲਾ ਖ਼ੁਸ਼ਹਾਲ ਚੰਦ ਆਪਣੀ ੭੩ ਕੁ ਸਾਲ ਦੀ ਉਮਰ ਵਿਚ ਆਨੰਦ ਸਵਾਮੀ ਨਾਮ ਨਾਲ ਸੰਨਿਆਸੀ ਬਣ ਗਏ ਸਨ । ਉਹ ਵੀਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਵਿਚ ਇਕ ਮਹਾਨ ਰਿਸ਼ੀ ਸਾਬਤ ਹੋਏ ਹਨ, ਜਿਨ੍ਹਾਂ ਨੇ ਸੰਨਿਆਸ ਦਾ ਪਵਿੱਤਰ ਜੀਵਨ ਤਲਵਾਰ ਦੀ ਧਾਰ ’ਤੇ ਬਿਤਾਇਆ। ਇਹਨਾਂ ਦੀ ਕੁਲ ਪਿੱਛੋਂ ਉਦਾਸੀ ਸਾਧਾਂ ਦੀ ਕੁਲ ਤੁਰੀ ਆ ਰਹੀ ਸੀ । ਉਨ੍ਹਾਂ ਨੇ ਆਪਣੀ ੯੨ ਕੁ ਸਾਲਾਂ ਦੀ ਉਮਰ ਤਕ ਦਾ ਸੰਨਿਆਸੀ ਜੀਵਨ ਥਾਂ ਥਾਂ ਤੇ ਧਰਮ ਪ੍ਰਚਾਰ ਕਰਦਿਆਂ ਹੋਇਆਂ ਲੰਘਾਇਆ ਤਾਂ ਜੋ ਉਹ ਦੇਸ਼ ਵਾਸੀਆਂ ਨੂੰ ਧਰਮ ਦੀ ਸਿੱਖਿਆ ਵੀ ਦੇ ਸਕਦੇ ਤੇ ਪ੍ਰਾਣੀ-ਮਾਤਰ ਲਈ ਉਨ੍ਹਾਂ ਨੂੰ ਆਪਣੇ ਕਰਤੱਵਾਂ ਤੋਂ ਜਾਣੂ ਵੀ ਕਰਾ ਸਕਦੇ ।

ਬ੍ਰਹਮਚਰਯ, ਸੰਨਿਆਸੀ-ਪੁਣੇ ਵਿਚ ਰੱਖਣਾ ਜ਼ਰੂਰੀ ਹੁੰਦਾ ਹੈ । ਮੈਂ ਅਨੰਦ ਸਵਾਮੀ ਜੀ ਨੂੰ ਮਿਲਦਾ ਰਹਿੰਦਾ ਸਾਂ । ਉਨ੍ਹਾਂ ਨੇ ਪਹਿਲਾਂ ਮੈਨੂੰ ਦੱਸਿਆ ਸੀ ਕਿ ਮੈਂ ਸਾਰੇ ਦਿਨ ਵਿਚ ਅੱਧ ਪਾ ਅੰਨ ਖਾਂਦਾ ਹਾਂ ਤੇ ਪਾ ਦੁੱਧ ਪੀਂਦਾ ਹਾਂ। ਪਰ ਮੈਨੂੰ ਤਾਂ ਇਸ ਗੱਲ ਦੀ ਬੜੀ ਉਤਸੁਕਤਾ ਸੀ । ਉਹ ਮੈਨੂੰ ਜਦੋਂ ਵੀ ਮਿਲਦੇ ਸਨ ਤਾਂ ਮੈਂ ਉਨ੍ਹਾਂ ਨੂੰ ਪੁੱਛਦਾ ਰਹਿੰਦਾ ਸਾਂ ਕਿ ਤੁਸੀਂ ਹੁਣ ਕਿੰਨਾ ਅੰਨ ਖਾਂਦੇ ਹੋ ? ਅਖੀਰ ਦੀ ਉਮਰ ਵਿਚ ਜਾ ਕੇ ਉਨ੍ਹਾਂ ਨੇ ਮੈਨੂੰ ਦੱਸਿਆ ਸੀ ਕਿ

ਬ੍ਰਹਮਚਰਯ ਤਾਂ ਹੀ ਕਾਇਮ ਰਹਿੰਦਾ ਹੈ ਜੇਕਰ ਬਹੁਤ ਘੱਟ ਖ਼ੁਰਾਕ ਖਾਧੀ ਜਾਵੇ । ਉਨ੍ਹਾਂ ਨੇ ਮੈਨੂੰ ਆਪਣੇ ਬਾਰੇ ਦੱਸਿਆ ਸੀ ਕਿ ਉਹ ਸਾਰੇ ਦਿਨ ਵਿਚ ਇਕ ਛਟਾਂਕ ਅੰਨ ਖਾਂਦੇ ਹਨ ਤੇ ਇਕ ਛਟਾਂਕ ਦੁੱਧ ਪੀਂਦੇ ਹਨ । ਉਹਨਾਂ ਨੇ ਮੈਨੂੰ ਇਹ ਵੀ ਕਿਹਾ ਸੀ ਮੈਂ ਦਿਨ ਦੇ ਬਾਰਾਂ ਵਜੇ ਤੋਂ ਪਹਿਲੇ ਪਹਿਲੇ ਰੋਟੀ ਖਾ ਲਵਾਂ ਤਾਂ ਖਾ ਲਵਾਂ, ਨਾ ਖਾਵਾਂ ਤਾਂ ਪਿਛੋਂ ਸਾਰਾ ਦਿਨ ਭੁੱਖਾ ਰਹਿੰਦਾ ਹਾਂ। ਮੈਨੂੰ ਉਹ, ਦਿਨ ਵਿਚ ਕਈ ਵਾਰ ਯਾਦ ਆਉਂਦੇ ਹਨ ਤੇ ਖਾਸ ਤੌਰ 'ਤੇ ਪ੍ਰਸ਼ਾਦਾ ਛਕਣ ਵੇਲੇ ਤੇ ਦੁੱਧ ਪੀਣ ਵੇਲੇ। ਮੈਨੂੰ ਉਨ੍ਹਾਂ ਦੇ ਉਪਦੇਸ਼ ਤੋਂ ਸਾਰਾ ਦਿਨ ਇਹ ਖ਼ਿਆਲ ਬਣਿਆ ਰਹਿੰਦਾ ਹੈ ਕਿ ਘੱਟ ਤੋਂ ਘੱਟ ਖ਼ੁਰਾਕ ਖਾਵਾਂ ਕਿਉਂਕਿ ਉਹ ਵੀ ਸਾਧ ਸਨ ਤੇ ਮੈਂ ਵੀ ਸਾਧ ਹਾਂ । ਮੈਂ ਆਪਣੀ ੨੦ ਸਾਲ ਦੀ ਉਮਰ ਤੋਂ ੧੯੯੨ ਤਕ ਦੀ ੭੯ ਸਾਲਾਂ ਦੀ ਉਮਰ ਤਕ ਦਾ ਜੀਵਨ ਸਾਧ ਵਾਲਾ ਜੀਵਨ ਬਿਤਾਇਆ ਹੈ । ਆਪਣੀ ੨੦ ਸਾਲ ਦੀ ਉਮਰ ਤੋਂ ੪੩ ਸਾਲ ਦੀ ਉਮਰ ਤਕ ਮੈਂ ਲਾਹੌਰ ਸ਼ਹਿਰ (ਪਾਕਿਸਤਾਨ) ਦੇ ਇਕ ਬਹੁਤ ਵੱਡੇ ਇਤਿਹਾਸਕ ਗੁਰਦੁਆਰੇ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਛਤਰ ਛਾਇਆ ਹੇਠ ਪ੍ਰਾਣੀ-ਮਾਤਰ ਦੀ ਸੇਵਾ ਦਾ, ਸਮਾਜ ਸੇਵਾ ਦਾ ਤੇ ਦੇਸ਼ ਸੇਵਾ ਦਾ ਜੀਵਨ ਬਿਤਾਇਆ ਸੀ। ਸਿੱਖ ਗੁਰਦੁਆਰਿਆਂ ਵਿਚ ਬੰਦੇ ਨੂੰ ਸੇਵਾ ਕਰਦੇ ਨੂੰ ਓਸੇ ਡਰ ਵਿਚ ਰਹਿਣਾ ਪੈਂਦਾ ਹੈ ਜਿਸ ਡਰ ਵਿਚ ਬੱਤੀਆਂ ਦੰਦਾਂ ਵਿਚ ਜੀਭ ਰਹਿੰਦੀ ਹੈ । ਗੁਰਦੁਆਰੇ ਵਿਚ ਰਹਿੰਦਾ ਹੋਇਆ ਕੋਈ ਬੰਦਾ ਇਸਤਰੀ ਵੱਲ ਅੱਖ ਚੁੱਕ ਕੇ ਨਹੀਂ ਵੇਖ ਸਕਦਾ । ਲਛਮਣ ਜਤੀ ਵਾਂਗ ਪੈਰਾਂ ਉੱਪਰ ਉਸਦੀ ਨਿਗਾਹ ਪੈ ਜਾਵੇ ਤਾਂ ਪੈ ਜਾਵੇ ਪਰ ਪੈਰਾਂ ਤੋਂ ਉੱਤੇ ਨਿਗਾਹ ਨਹੀਂ ਪੈ ਸਕਦੀ।

## ਮਰਨ ਬਿਸਤਰੇ 'ਤੇ ਪਈ ਹੋਈ ਮੇਰੀ ਮਾਂ ਦੀ ਚਿੰਤਾ

ਮੇਰੀ ਮਾਂ ਦੀ ਮੌਤ ੨੩ ਜੂਨ ਸੰਨ ੧੯੩੦ ਵਾਲੇ ਦਿਨ ਹੋਈ ਸੀ। ਉਸ ਸਮੇਂ ਮੈਂ ੨੧ ਸਾਲਾਂ ਦਾ ਸਾਂ । ਮਰਨ ਬਿਸਤਰੇ 'ਤੇ ਪਈ ਹੋਈ ਮੇਰੀ ਮਾਂ ਦੇ ਹਿਰਦੇ ਦੀ ਕਿਸੇ ਪ੍ਰਾਇਸ਼ਚਿਤ ਲਈ ਚਿੰਤਾ ਨੂੰ ਦੂਰ ਕਰਨ ਲਈ ਮੈਨੂੰ ਉਸ ਨੂੰ ਇਹ ਬਚਨ ਦੇਣਾ ਪੈ ਗਿਆ ਸੀ ਕਿ ਮੈਂ ਆਪਣਾ ਸਾਰਾ ਜੀਵਨ ਪ੍ਰਾਣੀ-ਮਾਤਰ ਦੀ ਸੇਵਾ ਵਿਚ ਲੰਘਾਵਾਂਗਾ ਤੇ ਅਜਿਹਾ ਕਰਨ ਲਈ ਸਾਰੀ ਉਮਰ ਵਿਆਹ ਨਾ ਕਰਾਵਾਂਗਾ ਤੇ ਕੰਵਾਰਾ ਹੀ ਰਹਾਂਗਾ। ਮੇਰੇ ਜੀਵਨ ਦੀ ਪਵਿੱਤਰਤਾ ਦਾ ਹਾਲ ਇਹ ਹੋਵੇਗਾ ਕਿ ਮੈਂ ਕਿਸੇ ਇਸਤਰੀ ਦੇ ਗੁੱਟ ਨੂੰ ਵੀ ਮਾੜੀ ਭਾਵਨਾ ਨਾਲ ਹੱਥ ਨਹੀਂ ਲਾਵਾਂਗਾ । ਮਰਨ ਬਿਸਤਰੇ 'ਤੇ ਪਈ ਹੋਈ



ਆਪਣੀ ਮਾਂ ਨੂੰ ਇਹ ਬਚਨ ਮੈਨੂੰ ਇਸ ਲਈ ਦੇਣਾ ਪਿਆ ਸੀ ਕਿਉਂਕਿ ਉਸ ਵੇਲੇ ਮੈਨੂੰ ਉਸ ਨੇ ਹਿਰਦੇ ਦੀ ਭਾਰੀ ਚਿੰਤਾ ਨਾਲ ਇਹ ਗੱਲ ਕਹੀ ਸੀ ਕਿ ਪੁੱਤਰ ਮੇਰੇ ਪਾਸੋਂ ਪਾਪ ਹੋਏ ਹਨ, ਉਨ੍ਹਾਂ ਪਾਪਾਂ ਦੇ ਕਾਰਣ ਮੈਨੂੰ ਬੜੀ ਚਿੰਤਾ ਲੱਗੀ ਹੋਈ ਹੈ। ਉਸ ਦੀ ਇਹ ਗੱਲ ਸੁਣ ਕੇ ਮੈਂ ਕਿਹਾ ਸੀ ਕਿ ਮਾਂ ਤੇਰਾ ਤਾਂ ਸਾਰਾ ਜੀਵਨ ਹੀ ਪੁੰਨ ਕਰਨ ਵਿਚ ਲੱਗਾ ਰਿਹਾ ਹੈ, ਤੂੰ ਸਾਰੀ ਉਮਰ ਸੇਵਾ ਦੇ ਕੰਮ ਕੀਤੇ ਹਨ । ਜੇ ਤੇਰੇ ਉਹ ਕੰਮ ਪਾਪ-ਕਰਮ ਹਨ ਤਾਂ ਫਿਰ ਪੁੰਨ-ਕਰਮ ਕਿਹੋ ਜਿਹੇ ਹੋ ਸਕਦੇ ਹਨ? ਮੈਂ ਉਸਨੂੰ ਕਿਹਾ ਕਿ ਤੇਰਾ ਤਾਂ ਸਾਰਾ ਜੀਵਨ ਹੀ ਵਾਹਿਗੁਰੂ ਦੇ ਅਰਪਣ ਰਿਹਾ ਹੈ । ਤੂੰ ਗਰਮੀਆਂ ਦੀ ਰੁੱਤ ਵਿਚ ਸਾਰਾ ਸਾਰਾ ਦਿਨ ਆਪਣੇ ਪਿੰਡ ਤੋਂ ਇਕ ਮੀਲ ਦੀ ਦੂਰੀ 'ਤੇ ਬਾਹਰ ਜਾ ਕੇ ਸਾਰੇ ਪਿੰਡ ਦੇ ਗਊਆਂ ਮੱਝਾਂ ਦੇ ਚੋਣੇ ਨੂੰ ਤੇ ਮੁਸਾਫ਼ਿਰਾਂ ਨੂੰ ਹੱਥ ਨਾਲ ਬਹੁਤ ਡੂੰਘੇ ਖੂਹ ਵਿਚੋਂ ਪਾਣੀ ਕੱਢ ਕੇ ਪਿਲਾਉਂਦੀ ਰਹਿੰਦੀ ਸੈਂ । ਫਿਰ ਤੂੰ ਪਿੰਡ ਵਿਚ ਰੁੱਖਾਂ ਦੀਆਂ ਕਈ ਤ੍ਰਿਬੈਣੀਆਂ ਲਾਈਆਂ ਸਨ ਤੇ ਪਾਲੀਆਂ ਸਨ । (ਤ੍ਰਿਬੈਣੀ ਪਿੱਪਲ, ਬਰੋਟਾ ਤੇ ਨਿੰਮ ਤਿੰਨਾਂ ਰੁੱਖਾਂ ਦੀ ਹੁੰਦੀ ਹੈ।) ਉਨ੍ਹਾਂ ਤ੍ਰਿਬੈਣੀਆਂ ਨੂੰ ਤੂੰ ਮੈਨੂੰ ਨਾਲ ਲੈ ਕੇ ਪਾਣੀ ਪਾਉਂਦੀ ਰਹਿੰਦੀ ਸੈਂ । ਫਿਰ ਤੂੰ ਹਰਦੁਆਰ, ਲਛਮਣ ਝੂਲੇ, ਰਿਸ਼ੀਕੇਸ਼ ਜੈਸੇ ਤੀਰਥਾਂ ਦੀ ਯਾਤਰਾ ਨੂੰ ਜਾਂਦੀ ਰਹਿੰਦੀ ਸੈਂ । ਕਾਲੀ ਕੰਬਲੀ ਵਾਲੇ ਦੇ ਛੇਤਰ ਨੂੰ ਦਾਨ ਭੇਜਦੀ ਰਹਿੰਦੀ ਸੈਂ। ਫਿਰ ਤੂੰ ਸਵੇਰੇ ਉੱਠ ਕੇ ਜਪੁ ਜੀ ਸਾਹਿਬ ਦਾ ਪਾਠ ਪ੍ਰਤੀ-ਦਿਨ ਕਰਦੀ ਸੈਂ, ਫਿਰ ਤੂੰ ਸਾਰਾ ਦਿਨ ਸਾਂਸ ਸਾਂਸ ਵਾਹਿਗੁਰੂ ਦਾ ਸਿਮਰਨ ਕਰਦੀ ਸੈਂ। ਜੇ ਤੇਰਾ ਇਹੋ ਜਿਹਾ ਦਿਨ ਚਰੀਯਾ ਪਾਪਾਂ ਦਾ ਦਿਨ ਚਰੀਯਾ ਹੈ ਤਾਂ ਫਿਰ ਪੁੰਨਾਂ ਦਾ ਦਿਨ-ਚਰੀਯਾ ਕਿਹੋ ਜਿਹਾ ਦਿਨ-ਚਰੀਯਾ ਹੋਵੇਗਾ ? ਮੇਰੀ ਇਹ ਗੱਲ ਸੁਣ ਕੇ ਮੇਰੀ ਮਾਂ ਨੇ ਉੱਤਰ ਦਿੱਤਾ ਕਿ ਮੇਰੀ ਪਾਪਾਂ ਦੀ ਕਹਾਣੀ ਹੇਠ ਲਿਖੀ ਹੈ :-

"ਮੈਂ ਇਕ ਕੰਵਾਰੀ ਜੱਟ ਵਿਧਵਾ ਲੜਕੀ ਸਾਂ ਤੇ ਤੇਰਾ ਪਿਤਾ ਖੱਤਰੀ ਸੀ । ਉਹ ਪਹਿਲਾਂ ਖੱਤਰੀ ਘਰ ਵਿਚ ਵਿਆਹਿਆ ਹੋਇਆ ਸੀ । ਉਸ ਦੇ ਪਹਿਲੋਂ ਇਕ ਪੁੱਤਰ ਤੇ ਇਕ ਧੀ ਸਨ । ਉਸ ਨੇ ਵਿਆਹੇ ਹੋਏ ਨੇ ਮੈਨੂੰ ਕੰਵਾਰੀ ਵਿਧਵਾ ਨੂੰ ਆਪਣੇ ਘਰ ਵਿਚ ਪਾ ਲਿਆ ਸੀ , ਤਾਂ ਉਸ ਨੂੰ ਕਿਸੇ ਨੇ ਕਿਹਾ ਕਿ ਤੂੰ ਖੱਤਰੀ ਹੈਂ ਤੇ ਇਹ ਨਵੀਂ ਵਹੁਟੀ ਜੱਟ ਲੜਕੀ ਹੈ। ਜਿਹੜੇ ਇਸ ਦੇ ਬੱਚੇ ਜੰਮਣਗੇ ਤੂੰ ਉਨ੍ਹਾਂ ਦਾ ਵਿਆਹ ਕਿੱਥੇ ਕਰੇਂਗਾ ? ਇਸ ਲਈ ਚੰਗੀ ਗੱਲ ਇਹ ਹੈ ਕਿ ਜਿਹੜਾ ਬੱਚਾ ਤੇਰੀ ਨਵੀਂ ਇਸਤਰੀ ਦੇ ਪੇਟ ਵਿਚ ਆਵੇ ਤੂੰ ਉਸ ਦਾ ਹਮਲ ਗਿਰਾਈ ਜਾਈਂ । ਸੋ ਤੇਰੇ ਪਿਉ ਨੇ ਤੇਰੇ ਜੰਮਣ ਤੋਂ ਪਹਿਲਾਂ ਮੇਰੇ ਤਿੰਨ ਹਮਲ ਗਿਰਾਏ। ਇਕ ਬੱਚਾ ਤਾਂ ਮੇਰੇ ਪੇਟ ਵਿਚੋਂ

ਜਿਉਂਦਾ ਨਿਕਲਿਆ ਸੀ ਤੇ ਤੇਰੇ ਪਿਉ ਨੇ ਉਸੇ ਵੇਲੇ ਉਸ ਨੂੰ ਜਿਉਂਦੇ ਨੂੰ ਹੀ ਟੋਆ ਕੱਢ ਕੇ ਮਿੱਟੀ ਵਿਚ ਦਬਾ ਦਿੱਤਾ ਸੀ । ਜਦ ਤੂੰ ਮੇਰੇ ਪੇਟ ਵਿਚ ਆਇਆ ਤਾਂ ਮੈਂ ਤੇਰੇ ਪਿਉ ਨੂੰ ਕਿਹਾ ਸੀ ਮੇਰੇ ਇਸ ਹਮਲ ਨੂੰ ਨਾ ਗਿਰਾਅ। ਉਸਨੇ ਮੇਰੀ ਇਹ ਬੇਨਤੀ ਮੰਨ ਲਈ ਸੀ ਤੇ ਤੂੰ ਜੰਮ ਪਿਆ ਸੈਂ ।"

ਮੈਂ ਆਪਣੀ ਮਾਂ ਦੀ ਇਹ ਦਰਦ-ਭਰੀ ਕਹਾਣੀ ਸੁਣ ਕੇ ਉਸਨੂੰ ਇਹ ਉੱਤਰ ਦਿੱਤਾ ਸੀ ਕਿ ਮਾਂ ਤੇਰੇ ਜਿਹੜੇ ਹਮਲ ਗਿਰਾਏ ਗਏ ਉਹ ਤਾਂ ਮੇਰੇ ਪਿਓ ਨੇ ਗਿਰਾਏ ਸਨ, ਤੂੰ ਤਾਂ ਨਹੀਂ ਚਾਹੁੰਦੀ ਸੈਂ ਕਿ ਉਹ ਗਿਰਾਏ ਜਾਣ। ਤੂੰ ਤਾਂ ਮੇਰੇ ਬਾਪ ਅੱਗੇ ਬੇਵੱਸ ਸੈਂ; ਪਰ, ਖ਼ੈਰ ਤੇਰੇ ਮਨ ਵਿਚ ਪਾਪਾਂ ਦਾ ਜਿਹੜਾ ਖ਼ਿਆਲ ਪੈਦਾ ਹੋ ਚੁੱਕਾ ਹੈ ਉਹ ਮਿਟਣ ਵਾਲਾ ਨਹੀਂ , ਤੂੰ ਤਾਂ ਉਨ੍ਹਾਂ ਪਾਪਾਂ ਦਾ ਪ੍ਰਾਇਸ਼ਚਿਤ ਕਰਨ ਲਈ ਸਾਰੀ ਜ਼ਿੰਦਗੀ ਉੱਪਰ ਲਿਖੇ ਨੇਕ ਕੰਮਾਂ ਵਿਚ ਲਗਾ ਦਿੱਤੀ, ਪਰ ਤੇਰੇ ਹਿਰਦੇ ਦੇ ਭਾਰ ਨੂੰ ਦੂਰ ਕਰਨ ਲਈ ਮੈਂ ਇਹੋ ਕਹਿ ਸਕਦਾ ਹਾਂ ਕਿ ਮੈਂ ਤੈਨੂੰ ਕਹਾਂ ਕਿ ਤੂੰ ਆਪਣੇ ਆਪ ਨੂੰ ਸਾਰੀ ਉਮਰ ਸੇਵਾ ਦੇ ਕੰਮਾਂ ਵਿਚ ਲਾਈ ਰੱਖਿਆ। ਮੇਰਾ ਸਰੀਰ ਵੀ ਤੇਰੇ ਤੋਂ ਬਣਿਆ ਹੈ। ਆਪਣੇ ਸਰੀਰ ਨੂੰ ਮੈਂ ਤੇਰੀ ਅਮਾਨਤ ਸਮਝਦਾ ਹੋਇਆ ਸਾਰੀ ਉਮਰ ਪਰਉਪਕਾਰ ਤੇ ਸੇਵਾ ਦੇ ਕੰਮਾਂ ਵਿਚ ਲਾ ਕੇ ਰੱਖਾਂਗਾ । ਇਸ ਤਰ੍ਹਾਂ ਤੇਰੀ ਚਿੰਤਾ ਨੂੰ ਮੈਂ ਦੂਰ ਕਰਨ ਲਈ ਆਪਣੇ ਜੀਵਨ ਦੀ ਸਾਰੀ ਪੂੰਜੀ ਤੇਰੇ ਨਮਿੱਤ ਅਰਪਣ ਕਰੀ ਰੱਖਾਂਗਾ।

ਇਸਤਰੀ ਦੇ ਗੁੱਟ ਵਾਲੀ ਗੱਲ ਆਪਣੀ ਮਾਂ ਨੂੰ ਇਸ ਲਈ ਕਹਿਣੀ ਪਈ ਸੀ ਕਿਉਂਕਿ ਪਿੰਗਲਵਾੜਾ ਬਣਨ ਤੋਂ ਪਹਿਲਾਂ ਮੈਨੂੰ ਇਕੱਲੇ ਨੂੰ ਬੇਆਸਰੇ ਰੋਗੀ ਹਸਪਤਾਲਾਂ ਨੂੰ ਟਾਂਗਿਆਂ 'ਤੇ ਚੜ੍ਹਾ ਕੇ ਲਿਜਾਣੇ ਪੈਂਦੇ ਸਨ। ਰੋਗੀਆਂ ਵਿਚ ਜੁਆਨ ਇਸਤਰੀਆਂ ਵੀ ਹੁੰਦੀਆਂ ਸਨ, ਜਿਨ੍ਹਾਂ ਨੂੰ ਬਾਂਹ ਤੋਂ ਫੜ ਕੇ ਮੈਂ ਟਾਂਗੇ ਵਿਚ ਬਿਠਾਇਆ ਕਰਦਾ ਸਾਂ । ਹੁਣ ਤਾਂ ਦੁਨੀਆਂ ਮੇਰੇ 'ਤੇ ਪਿਆਰ ਸਤਿਕਾਰ ਦਾ ਮੀਂਹ ਬਰਸਾ ਰਹੀ ਹੈ ਜਿਸ ਦੇ ਭਾਰ ਹੇਠ ਮੈਂ ਸਦਾ ਦੱਬਿਆ ਰਹਿੰਦਾ ਹਾਂ । ਪਿੰਗਲਵਾੜੇ ਦੇ ਰੂਪ ਵਿਚ ਹੁਣ ਤਾਂ ਮੇਰੇ ਆਲੇ-ਦੁਆਲੇ ਪੂਰੀ ਰਿਆਸਤ ਖੜ੍ਹੀ ਹੋ ਚੁੱਕੀ ਹੈ, ਜਿਸ ਦਾ ਸਾਲ ਦਾ ਆਮਦਨ ਖਰਚ ***ਚਾਲੀ ਲੱਖ ਰੁਪਏ** ਤੋਂ ਉੱਤੇ ਟੱਪ ਚੁੱਕਾ ਹੈ। ਜਨਤਾ ਤੋਂ ਅਗਾਧ ਪਿਆਰ ਤੇ ਸਤਿਕਾਰ ਪ੍ਰਾਪਤ ਕਰਦਿਆਂ ਹੋਇਆਂ ਬੰਦੇ ਨੂੰ ਉਂਞ ਹੀ ਪਵਿੱਤਰ ਜੀਵਨ ਵਾਲਾ ਸਾਧ ਬਣਨਾ ਪੈਂਦਾ ਹੈ ।

* ਸੰਨ 2015 ਵਿਚ ਪਿੰਗਲਵਾੜੇ ਦੀ ਸਾਲਾਨਾ ਆਮਦਨ ਖ਼ਰਚ 24 ਕਰੋੜ ਦੇ ਕਰੀਬ ਹੈ



# ਸਿੱਖ ਗੁਰਦੁਆਰਿਆਂ ਦੀ ਸੇਵਾ

ਆਪਣੇ ਸਮਾਜਿਕ ਜੀਵਨ ਦੇ ਇਸ ਪੜਾਅ 'ਤੇ ਪੁੱਜ ਕੇ ਮੈਂ ਬੜਾ ਮੂਰਖ ਹੋਵਾਂਗਾ ਜੇ ਮੈਂ ਆਪਣੇ ਦਿਲ ਵਿਚ ਕੋਈ ਅਜਿਹਾ ਖ਼ਿਆਲ ਆਉਣ ਦਿਆਂ ਜਿਹੜਾ ਖ਼ਿਆਲ ਮੇਰੇ ਤੋਂ ਕੋਈ ਅਜਿਹਾ ਕੰਮ ਕਰਾ ਸਕਦਾ ਹੋਵੇ ਜਿਸ ਦੇ ਕਾਰਨ ਮੇਰੇ ਹੱਥੋਂ ਇਹ ਰਿਆਸਤ ਖੁੱਸ ਸਕਦੀ ਹੋਵੇ । ਹੁਣ ਤਾਂ ਪ੍ਰਾਣੀ-ਮਾਤਰ ਦੀ ਸੇਵਾ, ਸਮਾਜ ਸੇਵਾ ਤੇ ਦੇਸ਼-ਸੇਵਾ ਦੇ ਮੇਰੇ ਕਾਰਜ ਮੇਰੇ ਆਲੇ-ਦੁਆਲੇ ਵਿਸਮਾਦ ਦਾ ਵਾਤਾਵਰਣ ਬਣਾਈ ਰੱਖਦੇ ਹਨ ਜਿਸ ਵਿਸਮਾਦ ਵਿਚ ਮੈਂ ਗੁੰਮ ਹੋਇਆ ਹੋਇਆ ਰਹਿੰਦਾ ਹਾਂ ; ਪਰ ਇਸ ਵਿਸਮਾਦ ਦਾ ਵਾਤਾਵਰਨ ਤਾਂ ਕੋਈ ਨਵੀਂ ਗੱਲ ਨਹੀਂ, ਇਹ ਸਾਲ ਦੋ ਸਾਲ ਤੋਂ ਪੈਦਾ ਹੋਇਆ ਨਹੀਂ ਹੈ, ਇਹ ਉਸੇ ਦਿਨ ਤੋਂ ਪੈਦਾ ਹੋਣਾ ਆਰੰਭ ਹੋ ਗਿਆ ਸੀ ਜਿਸ ਦਿਨ ਮੈਂ ਗੁਰਦੁਆਰਾ ਡੇਹਰਾ ਸਾਹਿਬ ਦੇ ਪ੍ਰਕਾਸ਼ ਅਸਥਾਨ ਅੰਦਰ ਸਾਂਈ ਦਿੱਤਾ ਰਬਾਬੀ ਦਾ ਕੀਰਤਨ ਸੁਣਦੇ ਹੋਏ ਨੂੰ ਬੈਠੇ ਨੂੰ ਗੁਰਦਵਾਰਾ ਡੇਹਰਾ ਸਾਹਿਬ ਦੇ ਮਹੰਤ ਸਾਹਿਬ ਭਾਈ ਸਾਹਿਬ ਭਾਈ ਤੇਜਾ ਸਿੰਘ ਜੀ ਨੇ ਮੈਨੂੰ ਪੁੱਛਿਆ ਸੀ ਕਿ ਕਾਕਾ ਤੂੰ ਰੋਜ਼ ਕੀਰਤਨ ਸੁਣਨ ਲਈ ਸੰਗਤ ਦੇ ਜਾਣ ਦੇ ਪਿੱਛੋਂ ਬਹੁਤ ਦੇਰ ਤਕ ਬੈਠਾ ਰਹਿੰਦਾ ਹੈਂ, ਤੂੰ ਕਿੱਥੋਂ ਆਉਂਦਾ ਹੈ ? ਮੈਂ ਉੱਤਰ ਦਿੱਤਾ ਕਿ ਜੀ ਮੈਂ ਸੇਵਾ ਕਰਨੀ ਚਾਹੁੰਦਾ ਹਾਂ । ਮਹੰਤ ਸਾਹਿਬ ਨੇ ਮੇਰੀ ਇਹ ਗੱਲ ਸੁਣ ਕੇ ਆਪਣੇ ਵੱਡੇ ਵਜ਼ੀਰ ਭਾਈ ਹੀਰਾ ਸਿੰਘ ਨੂੰ ਕਿਹਾ ਸੀ ਕਿ ਭਾਈ ਹੀਰਾ ਸਿੰਘ ਇਸ ਮੁੰਡੇ ਦੇ ਹੱਥ 'ਚ ਕੜਾਹ-ਪ੍ਰਸ਼ਾਦ ਦਾ ਡੂਨਾ ਰੱਖਦੇ , ਇਸ ਦਾ ਖ਼ਿਆਲ ਰੱਖੀਂ ਇਹ ਹੱਥੋਂ ਨਾ ਨਿਕਲ ਜਾਵੇ । ਉਨ੍ਹਾਂ ਦਿਨਾਂ ਵਿਚ ਮੈਂ ਆਪਣੀ ਦਸਵੀਂ ਜਮਾਤ ਦੇ ਇਮਤਿਹਾਨ ਦਾ ਨਤੀਜਾ ਉਡੀਕ ਰਿਹਾ ਸਾਂ। ਭਾਈ ਹਰਨਾਮ ਸਿੰਘ ਜੀ ਆਟੇ ਵਾਲੇ ਨੇ ਮੈਨੂੰ ਇਨ੍ਹਾਂ ਸ਼ਬਦਾਂ ਨਾਲ ਗੁਰਦੁਆਰੇ ਦੀ ਸੇਵਾ ਲਈ ਪ੍ਰੇਰਿਆ ਸੀ ਕਿ ਕਾਕਾ ਤੂੰ ਇਮਤਿਹਾਨ ਦਾ ਨਤੀਜਾ ਉਡੀਕਦਾ ਹੋਇਆ ਸਾਰਾ ਦਿਨ ਘਰ ਵਿਹਲਾ ਬੈਠਾ ਰਹਿੰਦਾ ਹੈਂ, ਤੂੰ ਇਹ ਸਮਾਂ ਐਵੇਂ ਨਾ ਗਵਾ । ਤੂੰ ਸਵੇਰੇ ਡੇਹਰਾ ਸਾਹਿਬ ਗੁਰਦਵਾਰੇ ਚਲਿਆ ਜਾਇਆ ਕਰ, ਉੱਥੇ ਹੱਥਾਂ ਦੀ ਅਨੇਕ ਪ੍ਰਕਾਰ ਦੀ ਸੇਵਾ ਕਰਿਆ ਕਰ ਤੇ ਸ਼ਾਮ ਨੂੰ ਘਰ ਆ ਜਾਇਆ ਕਰ। ਉਸ ਨੇ ਮੈਨੂੰ ਕਿਹਾ ਕਿ ਜਿਸ ਬੰਦੇ ਨੇ ਵੀ ਸੰਸਾਰ ਵਿਚ ਕੁਝ ਪ੍ਰਾਪਤ ਕੀਤਾ ਹੈ ਉਹ ਗੁਰੂ ਘਰ ਦੀ ਸੇਵਾ ਤੋਂ ਹੀ ਪ੍ਰਾਪਤ ਕੀਤਾ ਹੈ । ਮੈਂ ਕਿਸੇ ਦੁਕਾਨ 'ਤੇ ਪੰਜ ਰੁਪਏ ਮਹੀਨਾ 'ਤੇ ਆਟਾ ਛਾਣਿਆ

ਕਰਦਾ ਸਾਂ । ਅੱਜ ਮੈਂ ਅਮੀਰ ਆਦਮੀ ਬਣ ਚੁੱਕਾ ਹਾਂ । ਇਹ ਸਭ ਕੁੱਝ ਮੈਨੂੰ ਗੁਰੂ ਘਰ ਤੋਂ ਪ੍ਰਾਪਤ ਹੋਇਆ ਹੈ, ਉਹ ਜਪੁ ਜੀ ਸਾਹਿਬ, ਅਨੰਦ ਸਾਹਿਬ ਸਭ ਬਾਣੀਆਂ ਦਾ ਪਾਠ ਕਰਦੇ ਸਨ । ਸੁਖਮਨੀ ਸਾਹਿਬ ਵੱਲ ਉਨ੍ਹਾਂ ਦਾ ਧਿਆਨ ਬਹੁਤ ਜ਼ਿਆਦਾ ਸੀ । ਮੇਰੀ ਮਾਂ ਭਾਈ ਹਰਨਾਮ ਸਿੰਘ ਦੇ ਘਰ ਭਾਂਡੇ ਮਾਂਜਣ ਦੀ ਨੌਕਰੀ ਕਰਦੀ ਸੀ ।

ਮੇਰੇ ਇਸ ਵਿਸਮਾਦ ਨੂੰ ਪੈਦਾ ਕਰਨ ਵਾਲੇ ਉਹ ਦਾਨੀ ਮਰਦ, ਇਸਤਰੀਆਂ ਤੇ ਬੱਚੇ ਹੁੰਦੇ ਹਨ ਜੋ ਦੇਸ਼ ਦੇ ਕੋਨੇ ਕੋਨੇ ਤੋਂ ਤੇ ਇੰਗਲੈਂਡ ਥਾਈਲੈਂਡ, ਨਿਊਜ਼ੀਲੈਂਡ ਸਕਾਟਲੈਂਡ, ਜਰਮਨੀ, ਮਲੇਸ਼ੀਆ, ਅਰਬ ਦੇਸ਼ਾਂ ਈਰਾਨ ਜੈਸੇ ਅਨੇਕਾਂ ਦੇਸਾਂ ਤੋਂ ਆਉਂਦੇ ਹਨ । ਕੋਈ ਕਹਿੰਦਾ ਹੈ ਮੈਂ ਆਪਣੇ ਘਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦਾ ਹਾਂ ਤੇ ਇਹ ਮੇਰੇ ਘਰ ਦਾ ਸਾਲ ਭਰ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਚੜ੍ਹਾਵਾ ਹੈ । ਕੋਈ ਬੀਬੀ ਕਹਿੰਦੀ ਹੈ ਕਿ ਮੇਰੀ ਨੌਕਰੀ ਲੱਗੀ ਹੈ, ਮੈਂ ਡਾਕਟਰ ਬਣੀ ਹਾਂ, ਜਾਂ ਮੈਂ ਅਧਿਆਪਕ ਬਣੀ ਹਾਂ, ਇਹ ਮੇਰੀ ਪਹਿਲੀ ਤਨਖ਼ਾਹ ਹੈ । ਕੰਵਾਰੀਆਂ ਕੁੜੀਆਂ ਜਦ ਮੇਰੇ ਪਾਸ ਆਪਣੀ ਤਨਖਾਹ ਲੈ ਕੇ ਆਉਂਦੀਆਂ ਹਨ ਤਾਂ ਮੈਂ ਸੋਚਿਆ ਕਰਦਾ ਹਾਂ ਕਿ ਰੱਬਾ ਕਿੰਨੀਆਂ ਕੁ ਧੀਆਂ ਬਣਾਵੇਂਗਾ ? ਕਿੰਨੀਆਂ ਧੀਆਂ ਦਾ ਮੈਂ ਖ਼ਿਆਲ ਰੱਖਾਂਗਾ ? ਇਕੱਲੀ ਇਕੱਲੀ ਧੀ ਕਹਿੰਦੀ ਹੈ ਬਾਬਾ ਜੀ ਮੈਨੂੰ ਪੜ੍ਹਨ ਲਈ ਕਿਤਾਬਚੇ ਦਿਉ । ਕੋਈ ਗੁਰਸਿੱਖ ਮੈਨੂੰ ਕਹਿ ਦਿੰਦਾ ਹੈ ਕਿ ਮੈਂ ਘਰ ਵਿਚ ਗੋਲਕ ਰੱਖੀ ਹੈ ਤੇ ਕਿੱਲੋ ਕਿੱਲੋ ਤੇ ਦੋ ਦੋ ਕਿੱਲੋ ਦੇ ਸਿੱਕੇ ਲੈ ਕੇ ਆ ਜਾਂਦਾ ਹੈ ਤੇ ਕਹਿੰਦਾ ਹੈ ਕਿ ਮੇਰਾ ਇਕੱਲਾ ਇਕੱਲਾ ਬੱਚਾ ਇਸ ਗੋਲਕ ਵਿਚ ਪੰਜੀ ਦਸੀ ਪ੍ਰਤੀ ਦਿਨ ਪਾਉਂਦਾ ਰਹਿੰਦਾ ਹੈ । ਕੋਈ ਕਹਿੰਦਾ ਹੈ ਕਿ ਮੇਰੀ ਧੀ ਦਾ ਵਿਆਹ ਹੋਇਆ ਹੈ । ਕੋਈ ਕਹਿੰਦਾ ਹੈ ਮੇਰੇ ਪੁੱਤ ਦਾ ਵਿਆਹ ਹੋਇਆ ਹੈ । ਕੋਈ ਕਹਿੰਦਾ ਹੈ ਕਿ ਜਦੋਂ ਮੈਂ ਬਿਮਾਰ ਪਿਆ ਸਾਂ ਤਾਂ ਮੈਂ ਸੋਚਿਆ ਕਰਦਾ ਸਾਂ ਕਿ ਰਾਜ਼ੀ ਹੋ ਕੇ ਪਿੰਗਲਵਾੜੇ ਜਾਵਾਂਗਾ ਤੇ ਅਪਾਹਿਜਾਂ ਦੀ ਸੇਵਾ ਸੰਭਾਲ ਲਈ ਆਪਣਾ ਦਾਨ ਦੇ ਕੇ ਆਵਾਂਗਾ । ਕੀ ਪਤਾ ਹੈ ਪਰਮਾਤਮਾ ਜਿਹੜਾ ਘਟ ਘਟ ਦੇ ਅੰਤਰ ਦੀ ਜਾਣਦਾ ਹੈ ਉਹ ਅਪਾਹਿਜਾਂ ਦਾ ਫ਼ਿਕਰ ਕਰਦਾ ਹੋਇਆ ਉਨ੍ਹਾਂ ਦੀ ਸਹਾਇਤਾ ਲਈ ਮੈਨੂੰ ਰਾਜ਼ੀ ਕਰ ਦੇਵੇ। ਕੋਈ ਬੀਬੀ ਕਿਰਿਆ ਦਾ ਦਾਨ ਲੈ ਕੇ ਆਉਂਦੀ ਹੈ ਜਿਸ ਦਾ ਮਾਤਾ ਪਿਤਾ ਜਾਂ ਕੋਈ ਹੋਰ ਸੰਬੰਧੀ ਮਰ ਗਿਆ ਹੁੰਦਾ ਹੈ ਤੇ ਉਹ ਆਪਣੇ ਨਾਲ ਰਜਾਈ, ਕੰਬਲ, ਖੇਸੀ, ਭਾਂਡੇ ਲੈ ਕੇ ਆਉਂਦੀ ਹੈ, ਕੋਈ ਬੀਬੀ ਕਹਿੰਦੀ ਹੈ



ਇਹ ਦੋ ਸੌ ਰੁਪਏ ਤੇਰੇ ਕੱਪੜਿਆਂ ਵਾਸਤੇ ਹਨ ।

ਇਕ ਬੀਬੀ ਇੰਗਲੈਂਡ ਦੇ ਸ਼ਹਿਰ ਸਾਊਥ ਹਾਲ ਵਿਚ ਡੱਬਾ ਹੱਥ ਵਿਚ ਲੈ ਕੇ ਪਿੰਗਲਵਾੜੇ ਲਈ ਉਗਰਾਹੀ ਕਰਦੀ ਰਹਿੰਦੀ ਹੈ । ਉਹ ਬੀਬੀ ਪਿਛਲੇ ਪੰਜ ਕੁ ਸਾਲਾਂ ਵਿਚ ਸ਼ਾਇਦ ਉਹ ਸਾਨੂੰ ਦੋ ਲੱਖ ਰੁਪਿਆ ਉਗਰਾਹ ਕੇ ਭੇਜ ਚੁੱਕੀ ਹੋਵੇਗੀ। ਕੈਨੇਡਾ ਦੇਸ਼ ਵਿਚ ਪਿੰਗਲਵਾੜੇ ਲਈ ਗੁਰਦੁਆਰੇ ਦੀ ਸੰਗਤ ਤੋਂ ੧੦੦ ਕੁ ਪੰਜਾਬੀ ਲੜਕੇ ਐਤਵਾਰ ਵਾਲੇ ਦਿਨ ਵਾਰੀ ਵਾਰੀ ਸੰਗਤ ਵਿਚੋਂ ਮਾਇਆ ਉਗਰਾਹੁੰਦੇ ਹਨ ।

ਜਿਹੜੀਆਂ ਨੌਜਵਾਨ ਲੜਕੀਆਂ ਦਾਨ ਲੈ ਕੇ ਆਉਂਦੀਆਂ ਹਨ ਜਿਵੇਂ ਪਿੱਛੇ ਇਕ ਲੜਕੀ ਰਣਜੀਤ ਕੌਰ ਨੈਰੋਬੀ (ਅਫ਼ਰੀਕਾ) ਤੋਂ ਆਈ ਸੀ। ਉਹ ਅਖ਼ਬਾਰਾਂ ਨੂੰ ਅੰਗਰੇਜ਼ੀ ਲੇਖ ਲਿਖ ਕੇ ਭੇਜਦੀ ਹੈ ।ਉਹ ਇੰਗਲੈਂਡ ਵਿਚ ਜੰਮੀ ਪਲੀ ਹੈ । ਉਸ ਨਾਲ ਮੈਨੂੰ ਪੰਜ ਛੇ ਘੰਟੇ ਅੰਗਰੇਜ਼ੀ ਵਿਚ ਗੱਲਾਂ ਕਰਨੀਆਂ ਪਈਆਂ । ਉਹ ਅਪਾਹਿਜਾਂ ਦਾ ਹਾਲ ਸੁਣ ਕੇ (ਜਿਨ੍ਹਾਂ ਵਿਚ ਜੁਆਨ ਪਾਗਲ ਕੁੜੀਆਂ ਤੇ ਇਸਤਰੀਆਂ ਵੀ ਹੁੰਦੀਆਂ ਹਨ) ਰੋ ਪਈ ਸੀ। ਉਸਨੇ ਮੈਨੂੰ ਕਿਹਾ ਕਿ ਮੈਂ ਤੁਹਾਨੂੰ ਨੈਰੋਬੀ ਤੋਂ ਹਫ਼ਤੇ ਦੇ ਹਫ਼ਤੇ ਚਿੱਠੀ ਲਿਖਿਆ ਕਰਾਂਗੀ। ਮੈਂ ਉਸ ਨੂੰ **'ਮਨੁੱਖਾ ਜੀਵਨ ਦਾ ਮਨੋਰਥ'** ਦੱਸਿਆ । ਮੈਂ ਉਸ ਨੂੰ ਉਨ੍ਹਾਂ ਖ਼ਤਰਿਆਂ ਤੋਂ ਜਾਣੂ ਕਰਾਇਆ ਜਿਹੜੇ ਦੇਸ਼ ਅੱਗੇ ਤੇ ਸਾਰੀ ਦੁਨੀਆਂ ਅੱਗੇ ਖੜ੍ਹੇ ਹੋ ਚੁੱਕੇ ਹਨ ਜਿਵੇਂ ਜੰਗ ਦਾ ਖ਼ਤਰਾ । ਅਜਿਹੇ ਜੰਗੀ ਹਥਿਆਰ ਬਣ ਚੁੱਕੇ ਹਨ ਜਿਹੜੇ ਪੰਜਾਂ ਮਿੰਟਾਂ ਵਿਚ ਸਾਰੀ ਦੁਨੀਆਂ ਦਾ ਸਰਬਨਾਸ਼ ਕਰ ਸਕਦੇ ਹਨ ਅਤੇ ਪੈਂਤੀ ਵਾਰੀ ਕਰ ਸਕਦੇ ਹਨ । ਮਨੁੱਖ ਅਨੇਕਾਂ ਲਾਲਚਾਂ ਦੀ ਖ਼ਾਤਰ ਦੂਜੇ ਮਨੁੱਖਾਂ ਨੂੰ ਕਤਲ ਕਰਨ ਲੱਗਾ ਕਿਰਕ ਨਹੀਂ ਕਰਦਾ । ਮੈਂ ਉਸ ਨੂੰ ਦੱਸਿਆ ਕਿ ਧਰਮ ਦੇ ਪ੍ਰਚਾਰ ਤੋਂ ਬਿਨਾਂ ਦੁਨੀਆਂ ਦੇ ਬੰਦੇ ਦਇਆ ਦੇ ਭਾਵ ਤੋਂ ਖ਼ਾਲੀ ਤੇ ਬੇਰਹਿਮ ਹੋ ਰਹੇ ਹਨ । ਮੈਂ ਉਸ ਨੂੰ ਇਹ ਵੀ ਦੱਸਿਆ ਕਿ ਜਿਸ ਹਿਸਾਬ ਨਾਲ ਭਾਰਤ ਦੇ ਰੁੱਖ ਵੱਢੇ ਜਾ ਚੁੱਕੇ ਹਨ ਤੇ ਵੱਢੇ ਜਾ ਰਹੇ ਹਨ ਉਸ ਹਿਸਾਬ ਨਾਲ ਭਾਰਤ ਦੀ ਸਾਰੀ ਧਰਤੀ ਇਕ ਸੌ ਸਾਲ ਵਿਚ ਰੇਤ ਦਾ ਮਾਰਥੂਲ ਬਣ ਜਾਏਗੀ, ਬਹੁਤ ਸਾਰੀ ਅਬਾਦੀ ਭੁੱਖ ਨਾਲ ਮਰੇਗੀ ਤੇ ਆਟੇ 'ਚ ਲੂਣ ਜਿੰਨਾ ਬਾਕੀ ਬਚੇਗੀ । ਮੈਥੋਂ ਅਜਿਹੇ ਖ਼ਿਆਲ ਸੁਣ ਕੇ ਨੌਜਵਾਨ ਕੁੜੀਆਂ ਸੋਚਿਆ ਕਰਦੀਆਂ ਹਨ ਕਿ ਇਕੱਲੇ ਜਨਮ ਦੇ ਪਿਉ ਨਾਲ ਕੰਮ ਨਹੀਂ ਸਰਦਾ ਬਲਕਿ ਗਿਆਨ ਦੇਣ

ਵਾਲੇ ਧਾਰਮਿਕ ਪਿਉ ਦੀ ਲੋੜ ਭੀ ਓਨੀ ਹੀ ਹੁੰਦੀ ਹੈ ਜਿੰਨੀ ਜਨਮ ਦੇਣ ਵਾਲੇ ਪਿਉ ਦੀ ।

ਜਿਸ ਪਿਆਰ, ਸਤਿਕਾਰ ਤੇ ਸ਼ਰਧਾ ਨਾਲ ਦੇਸ਼ ਤੇ ਦੁਨੀਆਂ ਭਰ ਤੋਂ ਜਵਾਨ ਲੜਕੀਆਂ ਤੇ ਇਸਤਰੀਆਂ ਮੇਰੇ ਲਈ ਪੈਸੇ ਤੇ ਕਪੜੇ ਲੈ ਕੇ ਆਉਂਦੀਆਂ ਹਨ , ਉਨ੍ਹਾਂ ਨੂੰ ਵੇਖ ਕੇ ਮੇਰੇ ਹਿਰਦੇ ਅੰਦਰ ਵਾਹਿਗੁਰੂ ਦੇ ਸ਼ੁਕਰਾਨੇ ਦਾ ਰੋਣਾ ਆ ਜਾਂਦਾ ਹੈ ਤੇ ਉਹ ਮੇਰੇ ਅੱਗੇ ਮਾਵਾਂ ਤੇ ਧੀਆਂ ਬਣ ਕੇ ਖੜ੍ਹੀਆਂ ਹੋ ਜਾਂਦੀਆਂ ਹਨ । ਦੁਨੀਆਂ ਵਿਚ ਰੱਬ ਦੀ ਸੱਤਿਆ ਚਲਦੀ ਰਹਿੰਦੀ ਹੈ ਤੇ ਭਗਤਾਂ ਦੀਆਂ ਖੇਡਾਂ ਵੀ ਵਾਹਿਗੁਰੂ ਚਲਾਈ ਰੱਖਿਆ ਕਰਦਾ ਹੈ । ਇਨ੍ਹਾਂ ਬਿਨਾਂ ਉਹ ਦੁਨੀਆਂ ਨੂੰ ਖ਼ਾਲੀ ਨਹੀਂ ਰਹਿਣ ਦਿੰਦਾ । ਇਸ ਲਈ ਮੈਂ ਸਾਰੀਆਂ ਖਾਣ ਪੀਣ ਵਾਲੀਆਂ ਵਸਤਾਂ ਦੀ ਪੂਰੀ ਖੋਜ ਕਰਦਾ ਰਿਹਾ ਹਾਂ ਤਾਂ ਜੋ ਮੈਂ ਸਾਧਪੁਣੇ ਦਾ ਨਿਰਵਿਘਨ ਪਵਿੱਤਰ ਜੀਵਨ ਬਿਤਾਉਂਦਾ ਜਾਵਾਂ।

ਗਰਮ ਮਸਾਲਿਆਂ ਤੋਂ ਵੀਰਯ ਨੂੰ ਪੁੱਜਣ ਵਾਲੀ ਹਾਨੀ ਜਾਂ ਬਹੁਤਾ ਦੁੱਧ ਘਿਉ ਖਾਣ ਨਾਲ ਪੈਦਾ ਹੋਏ ਬਹੁਤੇ ਵੀਰਯ ਨਾਲ ਪ੍ਰੇਸ਼ਾਨ ਹੋਣ 'ਤੇ ਤਬਾਹ ਹੋਣ ਵਾਲੀ ਗੱਲ ਜੈਸੀਆਂ ਗੱਲਾਂ ਮੈਨੂੰ ਸਾਰੀ ਉਮਰ ਦੀ ਅਥਾਹ ਪੜ੍ਹਾਈ ਵਿਚੋਂ ਲੱਭੀਆਂ ਹਨ । ਫਿਰ ਲੱਭੀਆਂ ਵੀ ਪੰਜਾਹ ਸਾਲ ਦੀ ਉਮਰ 'ਤੇ ਪੁੱਜ ਕੇ ਹਨ । ਇਨ੍ਹਾਂ ਗੱਲਾਂ ਨੂੰ ਲੱਭਣ ਦੀ ਲੋੜ ਹਰ ਇਕ ਕੁੜੀ ਮੁੰਡੇ ਨੂੰ ਪੰਦਰਾਂ ਸਾਲ ਦੀ ਉਮਰ ਤੋਂ ਪੈਂਦੀ ਹੈ । ਮੈਨੂੰ ਸਾਰੀ ਉਮਰ ਅਥਾਹ ਪੜ੍ਹਾਈ ਵਿਚੋਂ ਇਹ ਗੱਲਾਂ ਪੰਜਾਹ ਸਾਲ ਦੀ ਉਮਰ ਤੋਂ ਪਿੱਛੋਂ ਲੱਭੀਆਂ ਹਨ । ਹਰ ਇਕ ਕੁੜੀ ਮੁੰਡੇ ਨੂੰ ਪੰਦਰਾਂ ਸਾਲ ਦੀ ਉਮਰ ਵਿਚ ਇਹ ਗੱਲਾਂ ਕਿੱਥੋਂ ਲੱਭ ਸਕਦੀਆਂ ਹਨ ?

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜਿਸ ਵਾਹਿਗੁਰੂ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਉਸ ਨੇ ਪਿਤਾ ਦੇ ਤੌਰ 'ਤੇ ਆਪਣੇ ਸੰਸਾਰ ਭਰ ਦੇ ਸਾਰੇ ਮੁੰਡੇ ਕੁੜੀਆਂ, ਪੁੱਤਰਾਂ ਧੀਆਂ ਨੂੰ, ਉਹਨਾਂ ਦੀ ਪੰਦਰਾਂ ਸਾਲ ਦੀ ਉਮਰ ਤੋਂ ਖ਼ੁਰਾਕ ਦੇ ਸੰਬੰਧ ਵਿਚ ਉੱਪਰ ਲਿਖਿਆ ਗਿਆਨ ਦੇਣ ਦਾ ਕੋਈ ਫ਼ਿਕਰ ਕੀਤਾ ਹੋਵੇਗਾ ਜਾਂ ਨਹੀਂ ? ਵਾਹਿਗੁਰੂ ਬਾਰੇ ਇਹ ਸੋਚਣਾ ਉਸ ਦੀ ਨਿਰਾਦਰੀ ਹੋਵੇਗੀ । ਉਹ ਵਾਹਿਗੁਰੂ ਕਾਹਦਾ ਵਾਹਿਗੁਰੂ ਹੋਵੇਗਾ ਜੇ ਉਸ ਨੇ ਇਹ ਫ਼ਿਕਰ ਨਾ ਕੀਤਾ ਹੋਇਆ ਹੋਵੇ ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥਾਂ ਦੀ ਬਾਣੀ ਰਚਣ ਵਾਲੇ ਸ੍ਰੀ



ਗੁਰੂ ਨਾਨਕ ਦੇਵ ਜੀ ਜੈਸੇ ਮਹਾਂਪੁਰਸ਼ ਰੱਬ ਨੇ ਏਸੇ ਲਈ ਦੁਨੀਆਂ 'ਤੇ ਪੈਦਾ ਕੀਤੇ ਸਨ ਜਿਨ੍ਹਾਂ ਨੇ ਦੁਨੀਆਂ ਵਿਚ ਜਨਮ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਗ੍ਰੰਥਾਂ ਦੀ ਬਾਣੀ ਰਚੀ । ਜਿਹੜੇ ਬੰਦੇ ਇਨ੍ਹਾਂ ਧਰਮ ਗ੍ਰੰਥਾਂ ਨੂੰ ਨਹੀਂ ਪੜ੍ਹਦੇ ਉਹ ਅਭਾਗੇ ਹੁੰਦੇ ਹਨ । ਜਿਹੜੇ ਬੰਦੇ ਗੁਰਦੁਆਰਿਆਂ ਜੈਸੇ ਧਰਮ ਅਸਥਾਨਾਂ ਨੂੰ ਨਹੀਂ ਜਾਂਦੇ ਉਨ੍ਹਾਂ ਨੂੰ ਹਸਪਤਾਲਾਂ ਠਾਣਿਆਂ ਤੇ ਜੇਲ੍ਹਾਂ ਨੂੰ ਵੀ ਜਾਣਾ ਪੈਂਦਾ ਹੈ। ਉਨ੍ਹਾਂ ਨੂੰ ਅਨੇਕਾਂ ਰੋਗ ਲੱਗਦੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥਾਂ 'ਚ ਸਿਹਤ ਦੀ ਸ਼ਿਖ਼ਸ਼ਾ ਵੀ ਮਿਲਦੀ ਹੈ, ਕੇਵਲ ਅਧਿਆਤਮਿਕਤਾ ਦੀ ਸਿੱਖਿਆ ਹੀ ਨਹੀਂ, ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦਾਂ ਤੋਂ ਪ੍ਰਗਟ ਹੈ :

**ਸਿਰੀ ਰਾਗੁ ਮਹਲਾ ੧ ॥**

**ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥**
**ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥**
**ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥**
**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥** (ਅੰ:੧੬)
**ਜਿਤੁ ਖਾਧੈ ਤਨੁ ਪੀੜੀਐ ॥**
**ਮਨਿ ਮਹਿ ਚਲਹਿ ਵਿਕਾਰ ॥੧॥**

.... .... .... .... ....

**ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ॥**
**ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥**

**(ਅੰਗ ੭੯੬)**

ਹੇਠਾਂ ਖ਼ੁਰਾਕ ਦੇ ਸੰਬੰਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਵਾਕ ਦਿੱਤਾ ਜਾਂਦਾ ਹੈ ।

**ਅਲਪ ਅਹਾਰ ਸੁਲਪ ਸੀ ਨਿੰਦ੍ਰਾ ; ਦਯਾ ਛਿਮਾ ਤਨ ਪ੍ਰੀਤਿ ।**

ਮਨੁੱਖ ਅੰਦਰ ਵਿਸਮਾਦ ਨੂੰ ਦੇਖਣ ਦੀ ਇਕ ਤੀਬਰ ਇੱਛਾ ਹੈ। ਜਦ ਉਹ ਆਪਣੇ ਆਲੇ ਦੁਆਲੇ ਰੱਬ ਨੂੰ ਚੰਗੇ ਲੱਗਣ ਵਾਲੇ ਕੰਮਾਂ ਨਾਲ ਵਿਸਮਾਦ ਭਰੇ ਹਾਲਾਤ ਪੈਦਾ ਕਰ ਲੈਂਦਾ ਹੈ ਤਾਂ ਫਿਰ ਉਹ ਵਿਸਮਾਦ ਭਰੀਆਂ

ਖੁਸ਼ੀਆਂ ਵਿਚ ਗੁੰਮ ਹੋ ਕੇ ਰਹਿ ਜਾਂਦਾ ਹੈ । ਫੇਰ ਉਸ ਨੂੰ ਮਾੜੀਆਂ ਖੁਸ਼ੀਆਂ ਦਾ ਖ਼ਿਆਲ ਤਕ ਨਹੀਂ ਆਉਂਦਾ । ਇਹੀ ਕੁਝ ਗੁਰੂ ਦੇ ਲੜ ਲੱਗਣ ਨਾਲ ਮਿਲਦਾ ਹੈ । ਮੈਂ ਦਸਵੀਂ ਜਮਾਤ ਵਿਚੋਂ ਫੇਲ੍ਹ ਹੋ ਕੇ ਆਪਣੀ ੨੦ ਸਾਲ ਦੀ ਉਮਰ ਤੋਂ ਗੁਰਦੁਆਰਾ ਡੇਹਰਾ ਸਾਹਿਬ ਦੇ ਮਨੁੱਖਤਾ ਦੀ ਘਾੜਤ ਦੇ ਕਾਰਖ਼ਾਨੇ ਵਿਚ ਆਪਣੇ ਜੀਵਨ ਨੂੰ ਘਾੜਤ ਲਈ ਦਿੱਤੀ ਰੱਖਿਆ ਸੀ ਤੇ ਆਪਣੇ ਜੀਵਨ ਦੀ ਘਾੜਤ ਕਰਾਉਂਦਾ ਹੋਇਆ ਮੈਂ ੧੮ ਅਗਸਤ ੧੯੪੭ ਵਾਲੇ ਦਿਨ ਤਕ ਉਸ ਮਹਾਨ ਅਸਥਾਨ ਦੀ ਛਤਰ-ਛਾਇਆ ਹੇਠ ਰਿਹਾ ਸਾਂ । ਉਸੇ ਦਿਨ ਮੈਂ ਇਕ ਰਫ਼ਿਊਜੀ ਦੇ ਤੌਰ ’ਤੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਵਾਲੇ ਰਫ਼ਿਯੂਜੀ ਕੈਂਪ ਵਿਚ ਪੁੱਜ ਗਿਆ ਸਾਂ। ਮੇਰੇ ਪਾਸ ਇਕ ਰੁਪਿਆ ਪੰਜ ਆਨੇ ਸਨ । ਗੁਰਦੁਆਰਾ ਡੇਹਰਾ ਸਾਹਿਬ ਤੋਂ ਮੈਂ ਆਪਣੀ ਪਿੱਠ ਉੱਤੇ ਲੂਲ੍ਹੇ ਦੇ ਰੂਪ ਵਿਚ ਚੱਲ ਰਿਹਾ ਪਿੰਗਲਵਾੜਾ ਆਪਣੇ ਨਾਲ ਲਿਆਂਦਾ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦਾਂ **‘ਹਉ ਮੂਰਖ ਕਾਰੇ ਲਾਇਆ ਨਾਨਕ ਹਰਿ ਕੰਮੇ’** ਅਤੇ **‘ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨ ਮਿਲਾਇ ॥’** ਦੇ ਖਰਾਦ ਵਿਚ ਮੇਰਾ ਜੀਵਨ ਖਰਾਦਿਆ ਜਾਂਦਾ ਰਿਹਾ ਹੈ ਤੇ ਉਸ ਖਰਾਦ ਤੋਂ ਖਰਾਦਿਆਂ ਜਾਂਦਿਆਂ ਹੋਇਆਂ ਮੈਨੂੰ ਦੇਸ਼ ਤੇ ਦੁਨੀਆਂ ਭਰ ਦੇ ਕੋਨੇ ਕੋਨੇ ਤੋਂ ਆਉਣ ਵਾਲੇ ਦਾਨੀਆਂ ਤੋਂ ਜੋ ਮਿਲਵਰਤਣ ਤੇ ਉਤਸ਼ਾਹ ਪੈਦਾ ਹੁੰਦਾ ਰਿਹਾ ਹੈ ਉਸ ਦੇ ਵਿਸਮਾਦ ਦਾ ਪ੍ਰਗਟਾਵਾ ਦਿਨ ਰਾਤ ਮੇਰੇ ਅੱਗੇ ਹੁੰਦਾ ਰਹਿੰਦਾ ਹੈ । ਇਸ ਦਾ ਭੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਵਿਚ ਛੁਪਿਆ ਪਿਆ ਹੈ ;-

**ਜਹ ਜਹ ਕਾਜ ਕਿਰਤਿ ਸੇਵਕ ਕੀ**
**ਤਹਾ ਤਹਾ ਉਠਿ ਧਾਵੈ ॥ ੧॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ ॥** (ਅੰਗ ੪੦੩)

ਇਸ ਸ਼ਬਦ ਦੇ ਵਿਸਮਾਦ ਨੂੰ ਵੇਖਦਾ ਹੋਇਆ ਮੈਂ ਅੱਖਾਂ ਵਿਚ ਹੰਝੂ ਲਿਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸ਼ਬਦ ਨੂੰ ਪੜ੍ਹਨ ਲੱਗ ਪੈਂਦਾ ਹਾਂ:-

**“ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥”**

(ਅੰਗ ੧੬੭)

ਲੜਕੇ ਲੜਕੀਆਂ, ਸਕੂਲਾਂ ਕਾਲਜਾਂ ਵਿਚ ਇਕੱਠੇ ਪੜ੍ਹ ਰਹੇ ਹਨ



ਤੇ ਬਾਗ਼ਾਂ ਬਗ਼ੀਚਿਆਂ ਵਿਚ ਇਕੱਠੇ ਬੈਠ ਰਹੇ ਹਨ । ਉਨ੍ਹਾਂ ਨੂੰ ਸਿਨੇਮੇ ਅਤੇ ਟੈਲੀਵਿਜ਼ਨ ਦੀ ਤਾਤੀ ਵਾਉ ਲੱਗ ਰਹੀ ਹੈ । ਅਬਾਦੀ ਦੇ ਵਾਧੇ ਤੇ ਖ਼ੁਰਾਕ ਦੀ ਘਾਟ ਨੇ ਜੋ ਕਹਿਰ ਪੈਦਾ ਕਰ ਦੇਣੇ ਹਨ ਉਨ੍ਹਾਂ ਦਾ ਚਰਚਾ ਇਸ ਕਿਤਾਬਚੇ ਵਿਚ ਮੈਂ ਕਰ ਦਿੱਤਾ ਹੈ । ਇਸ ਲਈ ਹਰ ਕੁਆਰੇ ਮੁੰਡੇ ਕੁੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਸਾ ਦੀ ਵਾਰ ਦਾ ਹੇਠ ਲਿਖਿਆ ਸ਼ਬਦ ਸਾਂਸ ਸਾਂਸ ਯਾਦ ਰੱਖਣਾ ਚਾਹੀਦਾ ਹੈ

**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥** (ਅੰਗ ੪੬੪)

ਜੇ ਦੁਨੀਆਂ ਦੇ ਬੰਦੇ ਇਹ ਸੋਚ ਕੇ ਚੱਲਣਗੇ ਕਿ ਜੇ ਸੂਰਜ, ਚੰਦ ਤਾਰੇ ਤੇ ਧਰਤੀ ਰੱਬ ਤੋਂ ਡਰ ਕੇ ਕਿਸੇ ਪਾਸੇ ਅੱਖ ਪੁੱਟ ਕੇ ਨਹੀਂ ਵੇਖਦੇ ਬਲਕਿ ਮਰਯਾਦਾ ਦੇ ਸ਼ਿੰਕਜੇ ਵਿਚ ਜਕੜੇ ਹੋਏ ਹਨ ਤਾਂ ਮਨੁੱਖ ਦੀ ਕੀ ਹਸਤੀ ਹੈ ਕਿ ਉਹ ਜਤ ਸਤ ਦੀ ਮਰਯਾਦਾ ਨੂੰ ਤੋੜਦਾ ਹੋਇਆ ਮਨੁੱਖੀ ਸਰੀਰ ਰੂਪੀ ਮੰਦਰ ਦਾ ਅਪਮਾਨ ਕਰੇ ।

ਕਿਸੇ ਵਿਦਵਾਨ ਨੇ ਲਿਖਿਆ ਹੈ ਕਿ ਸਾਨੂੰ ਬੜੇ ਭੈੜੇ ਤੋਂ ਭੈੜੇ ਹਾਲਾਤ ਦੇ ਮੁਕਾਬਲੇ ਲਈ ਤਿਆਰ ਰਹਿਣਾ ਚਾਹੀਦਾ ਹੈ । ਬੜੇ ਸੰਕਟ ਮਨੁੱਖ ਦੇ ਅੱਗੇ ਖੜ੍ਹੇ ਹੋ ਜਾਂਦੇ ਹਨ । ਭੂਚਾਲ ਆ ਜਾਂਦਾ ਹੈ, ਹੜ੍ਹ ਆ ਜਾਂਦਾ ਹੈ, ਜੰਗ ਆ ਜਾਂਦਾ ਹੈ, ਰਾਜਸੀ ਭਾਜੜਾਂ ਦੇ ਕਾਰਣ ਬੰਦਿਆਂ ਨੂੰ ਕਈ ਕਈ ਦਿਨ ਭੁੱਖ ਕੱਟਣੀ ਪੈਂਦੀ ਹੈ, ਕਈ ਕਈ ਦਿਨ-ਰਾਤ ਤੁਰਨਾ ਪੈਂਦਾ ਹੈ, ਵੱਡਾ ਭਾਰ ਚੁੱਕਣਾ ਪੈਂਦਾ ਹੈ, ਹੋਰ ਨਹੀਂ ਤਾਂ ਛੋਟੇ ਛੋਟੇ ਪੁੱਤਰਾਂ ਦਾ ਜਾਂ ਬੁੱਢੇ ਮਾਂ ਬਾਪ ਜਾਂ ਲੂਲ੍ਹੇ ਜੁਆਨ ਪੁੱਤਰ ਦਾ ਭਾਰ ਚੁੱਕ ਕੇ ਕਈ ਕਈ ਦਿਨ ਪੈਦਲ ਤੁਰਨਾ ਪੈ ਸਕਦਾ ਹੈ ; ਜਿਵੇਂ ਮੈਂ ਲੂਲ੍ਹੇ ਨੂੰ ਚੌਂਦਾਂ ਸਾਲ ਪਿੱਠ ’ਤੇ ਚੁੱਕੀ ਫਿਰਦਾ ਰਿਹਾ ਹਾਂ ਤੇ ਪਾਕਿਸਤਾਨ ਦੀ ਭਾਜੜ ’ਚ ਉਸ ਨੂੰ ਕਲੇਜੇ ਨਾਲ ਲਾ ਕੇ ਪਿੱਠ ’ਤੇ ਚੁੱਕ ਕੇ ਭਾਰਤ ਨੂੰ ਲਿਆਇਆ ਸਾਂ । ਕਮਜ਼ੋਰ ਬੰਦਾ ਇਹੋ ਜਿਹੇ ਹਾਲਾਤ ਦਾ ਮੁਕਾਬਲਾ ਨਹੀਂ ਕਰ ਸਕਿਆ ਕਰਦਾ । ੨੦ ਸਾਲ ਤਕ ਕਮਾਇਆ ਹੋਇਆ ਬ੍ਰਹਮਚਰਯ ਹੀ ਮਨੁੱਖ ਦੇ ਸਰੀਰ ਦੀ ਬਣਤਰ ਦੀ ਨੀਂਹ ਹੋਇਆ ਕਰਦਾ ਹੈ । ਭਾਵੇਂ ਖੇਤੀ ਕਰਨੀ ਹੋਵੇ, ਭਾਵੇਂ ਪੁਲੀਸ ਜਾਂ ਫੌਜ ਦੀ ਨੌਕਰੀ ਕਰਨੀ ਹੋਵੇ, ਕੁਝ ਵੀ ਕਰਨਾ ਹੋਵੇ, ਹਰ ਕੰਮ ਲਈ ਨਿੱਗਰ ਸਰੀਰ ਦੀ ਲੋੜ ਹੁੰਦੀ ਹੈ । ਜਿਹੜਾ ਬੱਚਾ ੧੫ ਸਾਲ ਦੀ ਉਮਰ ਤੋਂ ਆਪਣਾ ਵੀਰਯ ਨਸ਼ਟ ਕਰਨ ਲੱਗ ਪਵੇਗਾ, ਉਹ ਕਮਜ਼ੋਰ ਹੁੰਦਾ ਜਾਵੇਗਾ ਤੇ ਛੇਤੀ ਹੀ ਕਿਸੇ ਰੋਗ ਦਾ ਸ਼ਿਕਾਰ ਹੋ ਕੇ ਮਰ ਜਾਵੇਗਾ । ਕਮਜ਼ੋਰ ਸਰੀਰਾਂ ਵਾਲੇ ਬੰਦਿਆਂ ਦੇ ਦੇਸ਼

ਜੰਗਾਂ ਵਿਚ ਮਾਰ ਖਾਇਆ ਕਰਦੇ ਹਨ ਤੇ ਜ਼ਾਬਰ ਹਮਲਾਵਰਾਂ ਦੇ ਪੈਰਾਂ ਹੇਠ ਕੁਚਲੇ ਜਾਇਆ ਕਰਦੇ ਹਨ ।

ਐਸ. ਰਾਧਾ ਕ੍ਰਿਸ਼ਨਨ ਨੇ ਲਿਖਿਆ ਹੈ ਕਿ ਪ੍ਰਮਾਤਮਾ ਨੇ ਜਦੋਂ ਦੁਨੀਆਂ ਬਣਾਈ ਸੀ ਤਾਂ ਉਸ ਨੇ ਇਸ ਬਾਰੇ ਇਹ ਯੋਜਨਾ ਨਹੀਂ ਬਣਾਈ ਸੀ ਕਿ ਇਹ ਜ਼ਰੂਰ ਬਰਬਾਦ ਹੋਵੇਗੀ ।ਇਸ ਵਿਚ ਸੰਕਟ ਆਉਣਗੇ ਜਾਂ ਇਸ ਵਿਚ ਅਨੇਕ ਪ੍ਰਕਾਰ ਦੇ ਵਿਗਾੜ ਪੈਣਗੇ । ਉਨ੍ਹਾਂ ਲਿਖਿਆ ਹੈ ਇਹ ਤਾਂ ਦੁਨੀਆਂ ਦੇ ਲੋਕਾਂ ਦੇ ਆਪਣੇ ਵੱਸ ਦੀ ਗੱਲ ਹੈ ਕਿ ਉਹ ਇਸ ਨੂੰ ਬਰਬਾਦ ਹੋਣ ਦੇਣ ਜਾਂ ਚੰਗੀ ਬਣਾ ਦੇਣ, ਵਰਤਮਾਨ ਸਦੀ ਦੇ ਮਹਾਨ ਚਾਰਡਨ ਨੇ ਲਿਖਿਆ ਹੈ ਕਿ ਪ੍ਰਮਾਤਮਾ ਨੇ ਬੰਦੇ ਨੂੰ ਇਹ ਖੁੱਲ੍ਹ ਬਖ਼ਸ਼ੀ ਹੈ ਕਿ ਉਹ ਆਪਣਾ ਕੰਮ ਜਾਂ ਅਹਾਰ ਆਪ ਲੱਭੇ ਤੇ ਜਿਹੜਾ ਕੰਮ ਕਰਨਾ ਚਾਹੇ ਉਹ ਕੰਮ ਕਰੇ—ਤੇ ਜਿਹੜਾ ਕੰਮ ਨਾ ਕਰਨਾ ਚਾਹੇ ਉਹ ਕੰਮ ਨਾ ਕਰੇ। ਉਸ ਨੂੰ ਇਤਨੀ ਬੁੱਧੀ ਵੀ ਦਿੱਤੀ ਹੈ ਕਿ ਉਹ ਲੰਘ ਚੁੱਕੇ ਸਮੇਂ ਦੇ ਹਾਲਾਤ ਨੂੰ ਗਹੁ ਨਾਲ ਤੱਕਦਾ ਹੋਇਆ ਇਹ ਅਨੁਮਾਨ ਵੀ ਲਾ ਸਕੇ ਕਿ ਜੇ ਉਹ ਹਾਲਾਤ ਚਲਦੇ ਰਹੇ ਤਾਂ ਉਨ੍ਹਾਂ ਹਾਲਾਤਾਂ ਦੇ ਨਤੀਜੇ ਦੇ ਤੌਰ 'ਤੇ ਆਉਣ ਵਾਲੇ ਸਮੇਂ ਵਿਚ ਦੇਸ਼ ਜਾਂ ਸੰਸਾਰ ਦੇ ਕੀ ਹਾਲਾਤ ਪੈਦਾ ਹੋਣਗੇ । ਉਸ ਵਿਚ ਯੋਗਤਾ ਵੀ ਹੈ ਕਿ ਹਾਲਾਤ ਨੂੰ ਵਿਗੜਣ ਤੋਂ ਰੋਕ ਸਕੇ ਤੇ ਵਿਗੜੇ ਹੋਏ ਹਾਲਾਤ ਨੂੰ ਠੀਕ ਕਰਨ ਲਈ ਯੋਜਨਾਵਾਂ ਬਣਾ ਸਕੇ—ਤੇ ਉਸ ਯੋਜਨਾ ਅਨੁਸਾਰ ਉਸਾਰੀ ਵੀ ਕਰ ਸਕੇ । ਉਸ ਨੇ ਇਹ ਵੀ ਲਿਖਿਆ ਹੈ ਕਿ ਮਨੁੱਖ ਦੇ ਹਿਰਦੇ ਅੰਦਰ ਵਾਹਿਗੁਰੂ ਨੇ ਇਕ ਅਜਿਹੀ ਖਿੱਚ ਪਾਈ ਹੈ ਜਿਸ ਦੇ ਕਾਰਨ ਸੰਸਾਰ ਦੇ ਬੰਦੇ ਇਕ ਹਨ ।

ਆਪਣੇ ਕਾਰਜਾਂ ਨੂੰ ਸੰਵਾਰਨ ਲਈ, ਆਪਣੇ ਆਪ ਨੂੰ ਖ਼ਤਰਿਆਂ ਤੋਂ ਬਚਾਉਣ ਲਈ, ਆਪਣੇ ਹਾਲਾਤ ਦਾ ਸੁਧਾਰ ਕਰਨ ਲਈ ਇਕੱਠੇ ਹੋ ਜਾਣ ਤੇ ਇਕ ਦੂਜੇ ਨੂੰ ਲੋੜੀਂਦਾ ਉਪਰਾਲਾ ਕਰਨ ਲਈ ਖ਼ਬਰਦਾਰ ਵੀ ਕਰ ਸਕਣ ਤੇ ਫੇਰ ਓੜਕ ਕਿਸੇ ਮੋਰਚੇ ਨੂੰ ਫ਼ਤਹਿ ਕਰਨ ਲਈ ਇਕੱਠੇ ਹੋ ਜਾਣ । ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸੀਸ ਤਕ ਲੈਣ ਦੀ ਕਸਵੱਟੀ ਨਾਲ ਆਪਣੇ ਪੰਜ ਪਿਆਰੇ ਪਰਖੇ ਸਨ ।

ਜੇਕਰ ਕਰਨੀ ਦੇ ਸੂਰੇ ਕਿਸੇ ਮਹਾਂਪੁਰਖ ਦੀ ਪ੍ਰੇਰਨਾ ਅਨੁਸਾਰ ਲੋਕੀਂ ਸੀਸ ਤਕ ਦੇਣ ਨੂੰ ਤਿਆਰ ਹੋ ਸਕਦੇ ਹਨ ਤਾਂ ਫਿਰ ਭਾਰਤ ਦੀ ਧਰਤੀ ਨੂੰ ਮਾਰਥੂਲ ਹੋਣ ਤੋਂ ਬਚਾਉਣ ਲਈ, ਰੁੱਖਾਂ ਦਾ ਪ੍ਰਚਾਰ ਕਰਨ ਲਈ ਤੇ ਪਾਣੀ



ਨੂੰ ਜ਼ਹਿਰੀਲਾ ਹੋਣ ਤੋਂ ਬਚਾਉਣ ਲਈ ਕਾਰਖ਼ਾਨਿਆਂ ਦੀਆਂ ਬਣੀਆਂ ਵਸਤਾਂ ਦੀ ਘੱਟ ਵਰਤੋਂ ਕਰਨ, ਮੋਟਰਕਾਰਾਂ ਦੀ ਵਰਤੋਂ ਛੱਡਣ, ਕੋਇਲੇ ਤੇ ਤੇਲ ਦੀ ਘੱਟ ਤੋਂ ਘੱਟ ਵਰਤੋਂ ਕਰਨ, ਜੈਸੇ ਕਾਰਜਾਂ ਲਈ ਉਹਨਾਂ ਨੂੰ ਪ੍ਰੇਰਨਾ ਲਈ ਨੌਜਵਾਨ ਮੁੰਡੇ ਕੁੜੀਆਂ ਲੱਭਣੇ ਕੋਈ ਵੱਡੀ ਗੱਲ ਨਹੀਂ ਹੋ ਸਕਦੀ ।

ਸਮਾਂ ਆ ਚੁੱਕਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਹ ਸਾਖੀ ਹਰ ਉਹ ਮਾਂ ਰੋਜ਼ ਯਾਦ ਕਰੇ ਜਿਸ ਦੇ ਪੇਟ ਵਿਚ ਬੱਚਾ ਹੈ । ਜਾਂ, ਜੋ ਕਿਸੇ ਬੱਚੇ ਨੂੰ ਦੁੱਧ ਚੁੰਘਾ ਰਹੀ ਹੈ ਜੋ ਸਾਖੀ ਵੇਈਂ ਨਦੀ ਦੀ ਹੈ , ਜਿਸ ਦੇ ਕੰਢੇ 'ਤੇ ਬਹਿ ਕੇ ਤਿੰਨ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਭਾਰੀ ਚਿੰਤਾ ਵਿਚ ਡੁੱਬੇ ਹੋਏ ਇਹ ਸੋਚਦੇ ਰਹੇ ਸਨ ਕਿ ਮੈਂ ਬਾਲ ਬੱਚੇ ਦੇ ਮੋਹ ਵਿਚ ਫਸਿਆ ਰਹਾਂ ਜਾਂ ਹੇਠ ਲਿਖੇ ਸ਼ਬਦ ਦੇ ਤਕਾਜ਼ੇ ਅਨੁਸਾਰ ਦੇਸ਼ ਵਾਸੀਆਂ ਨੂੰ ਨਿਕਰਮਣਤਾ ਦੀ ਦਲਦਲ 'ਚੋਂ ਬਾਹਰ ਕੱਢਣ ਲਈ ਜੀਵਨ ਅਰਪਣ ਕਰਾਂ ।

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥**

**(ਅੰਗ ੩੬੦)**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉੱਪਰ ਲਿਖਿਆ ਇਹ ਸ਼ਬਦ ਉਹਨਾਂ ਦੇ ਮੁਖਾਰਬਿੰਦ 'ਚੋਂ ਉਸ ਸਮੇਂ ਨਿਕਲਿਆ ਸੀ ਜਦ ਉਹਨਾਂ ਨੇ ਬਾਬਰ ਦੇ ਹਮਲੇ ਦੇ ਸਮੇਂ ਭਾਰਤ ਦੇ ਇਸਤਰੀਆਂ, ਮਰਦਾਂ ਤੇ ਬੱਚਿਆਂ ਦੀ ਅਕਥਨੀਯ ਦੁਰਗਤੀ ਦੇਖੀ ਸੀ ।

ਦੇਸ਼ ਵਾਸੀਆਂ ਦੀ ਗਿਰਾਵਟ ਨੂੰ ਦੇਖਦਿਆਂ ਹੋਇਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ :-

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥**

**(ਅੰਗ ੧੪੨੯)**

ਮਨੁੱਖ ਜਾਤੀ ਨੂੰ ਭਰੋਸਾ ਦਿਵਾਂਦਾ ਹੈ ਕਿ ਜਿਹੜੇ ਲੋਕੀਂ ਕਿਸੇ ਸੰਕਟ ਤੋਂ ਬਚਣ ਲਈ ਸੱਚੇ ਦਿਲੋਂ ਅਰਦਾਸ ਕਰ ਦੇਣ ਤਾਂ ਰੱਬ ਉਸ ਕਾਰਜ ਨੂੰ ਸਫਲਤਾ ਦੇਣ ਲਈ ਦੇਰ ਨਹੀਂ ਲਾਇਆ ਕਰਦਾ ਤੇ ਤੁਰੰਤ ਮੋਰਚੇ ਫ਼ਤਹਿ ਕਰਾ ਦਿਆ ਕਰਦਾ ਹੈ ।

-੦-

### ਮੈਨੂੰ ਸਿੱਖ ਬਣਨ ਦੀ ਵਧਾਈ ਦੇਂਦਿਆਂ ਹੋਇਆਂ

### ਖ਼ਿਆਲਾਂ ਦੀ ਦੁਨੀਆਂ ਵਿਚ

## ਹਨੂੰਮਾਨ ਜਤੀ ਦੀਆਂ ਮੇਰੇ ਨਾਲ ਗੱਲਾਂ

ਆਪਣੇ ਬਚਪਨ ਦੇ ਸਮੇਂ ਵਿਚ ਮੈਂ ਆਪਣੇ ਸਨਾਤਨ ਧਰਮੀ ਹਿੰਦੂ ਪਰਿਵਾਰ ਵਿਚ ਭਾਰਤ ਦੇ ਪ੍ਰਾਚੀਨ ਇਤਿਹਾਸ ਦੇ ਹਨੂੰਮਾਨ ਜਤੀ ਤੇ ਭੈਰੋਂ ਜਤੀ ਜੈਸੇ ਜਿਨ੍ਹਾਂ ਮਹਾਂਪੁਰਸ਼ਾਂ ਦੀਆਂ ਕਹਾਣੀਆਂ ਆਪਣੇ ਮਾਤਾ ਪਿਤਾ ਤੇ ਵਿਦਵਾਨ ਪੰਡਤਾਂ ਪਾਸੋਂ ਸੁਣਿਆ ਕਰਦਾ ਸਾਂ ਤੇ ਸਵੇਰੇ ਤੇ ਸ਼ਾਮ ਦੋਨੋਂ ਵੇਲੇ ਸ਼ਿਵ ਜੀ ਦੇ ਮੰਦਰ ਦੇ ਅਹਾਤੇ ਵਿਚ ਲੱਗੀਆਂ ਜਿਨ੍ਹਾਂ ਦੀਆਂ ਮੂਰਤੀਆਂ ਅੱਗੇ ਮੈਂ ਆਪਣਾ ਸਿਰ ਝੁਕਾਇਆ ਕਰਦਾ ਸਾਂ ਉਨ੍ਹਾਂ ਮਹਾਪੁਰਸ਼ਾਂ ਦੀਆਂ ਕਹਾਣੀਆਂ ਨੇ ਬਚਪਨ ਦੇ ਸਮੇਂ ਵਿਚ ਹੀ ਮੇਰੇ ਹਿਰਦੇ ਵਿਚ ਜਤ ਸਤ ਦੇ ਪ੍ਰਬਲ ਸੰਸਕਾਰ ਪੈਦਾ ਕਰ ਦਿੱਤੇ ਸਨ । ਹਨੂੰਮਾਨ ਚਾਲੀਸੇ ਦੇ ਸੱਤ ਪਾਠ ਪ੍ਰਤੀ ਦਿਨ ਕਰਦਿਆਂ ਹੋਇਆਂ ਜਦੋਂ ਮੈਂ ਹੇਠ ਲਿਖੀਆਂ ਤੁਕਾਂ ਵਾਲੇ ਜਪੁ ਜੀ ਸਾਹਿਬ ਨੂੰ ਪੜ੍ਹਿਆ ਤਾਂ ਮੈਂ ਤੁਰੰਤ ਇਸ ਬਾਣੀ ਤੋਂ ਮੋਹਿਤ ਹੋ ਸਾਰੀ ਉਮਰ ਲਈ ਇਸ ਨੂੰ ਪੜ੍ਹਣ ਸੁਣਨ ਵਾਲਾ ਤੇ ਇਸ ਦਾ ਪ੍ਰਚਾਰ ਕਰਨ ਵਾਲਾ ਪ੍ਰਚਾਰਕ ਬਣ ਕੇ ਰਹਿ ਗਿਆ ।

ਜਪੁ ਜੀ ਸਾਹਿਬ ਨੂੰ ਪੜ੍ਹਦਿਆਂ ਸਾਰ ਹੀ ਮੈਂ ਹਨੂੰਮਾਨ ਚਾਲੀਸੇ ਦੇ ਪਾਠ ਕਰਨੇ ਛੱਡ ਦਿੱਤੇ ਸਨ । ਮੈਨੂੰ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਹਨੂੰਮਾਨ ਜਤੀ ਮੈਨੂੰ ਜਪੁ ਜੀ ਸਾਹਿਬ ਦੇ ਲੜ ਲਾ ਕੇ ਇਹ ਕਹਿ ਕੇ ਪਿੱਛੇ ਮੁੜ ਗਿਆ ਹੋਵੇ ਕਿ ਮੇਰਾ ਕੰਮ ਤੈਨੂੰ

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥**
**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥**
**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥**
**ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ**
**ਅਨਾਹਿਤ ਜੁਗੁ ਜੁਗੁ ਏਕੋ ਵੇਸੁ ॥੨੮॥ (ਅੰਗ ੬)**

**ਅਤੇ**

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ**



**ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥**
**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ**
**ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥**
**ਨਾਨਕ ਨਦਰੀ ਨਦਰਿ ਨਿਹਾਲ ॥੩੮॥ (ਅੰਗ ੮)**

ਤੁਕਾਂ ਵਾਲੇ ਜਪੁ ਜੀ ਸਾਹਿਬ ਦੇ ਲੜ ਲਾਉਣਾ ਹੀ ਸੀ । ਤੂੰ ਮੈਨੂੰ ਮੂਰਤੀ ਰੂਪ ਵਿਚ ਦੇਖ ਸਕਦਾ ਹੈਂ ਜਿਸ ਤੋਂ ਤੂੰ ਜਤ ਸਤ ਦਾ ਇਕ ਅਦੁੱਤੀ ਖ਼ਿਆਲ ਤਾਂ ਲੈ ਲਿਆ ਹੈ ਤੇ ਮਨ ਵਿਚ ਵਸਾ ਵੀ ਲਿਆ ਹੈ ਪਰ ਜੀਵਨ ਜਿਊਂਦਿਆਂ ਕਿਹੜੇ ਚੰਗੇ ਕੰਮ ਕੀਤੇ ਜਾਣ ਤੇ ਕਿਹੜੇ ਮਾੜੇ ਕੰਮ ਨਾ ਕੀਤੇ ਜਾਣ ਇਹ ਗੱਲ ਤੈਨੂੰ ਮੇਰੀ ਮੂਰਤੀ ਨਹੀਂ ਦੱਸ ਸਕਦੀ ; ਕਿਉਂਕਿ ਜਤ ਸਤ ਸਮੇਂ ਦੀਆਂ ਪ੍ਰਾਣੀ-ਮਾਤਰ ਦੇ ਬਚਾਉ ਤੇ ਰੱਖਿਆ ਦੀਆਂ ਲੋੜਾਂ ਅਨੁਸਾਰ ਕੀਤੇ ਚੰਗੇ ਕੰਮ ਦੀਆਂ ਸਰਗਰਮੀਆਂ 'ਚੋਂ ਉਪਜਿਆ ਹੋਇਆ ਇਕ ਕੁਦਰਤੀ ਫ਼ਲ ਹੁੰਦਾ ਹੈ, ਇਹ ਨਿਕਰਮਣ ਰਹਿਣ ਦਾ ਫ਼ਲ ਨਹੀਂ ਹੁੰਦਾ । ਇਨ੍ਹਾਂ ਗੱਲਾਂ ਦਾ ਪਤਾ ਤੈਨੂੰ ਕਿਸੇ ਅਜਿਹੇ ਗ੍ਰੰਥ ਤੋਂ ਮਿਲੇਗਾ ਜਿਸ ਵਿਚ ਮਨੁੱਖੀ ਜੀਵਨ ਜਿਊਣ ਦੀ ਇਕ ਅਦੁੱਤੀ ਜੁਗਤ 'ਤੇ ਚਾਨਣਾ ਪਾਇਆ ਗਿਆ ਹੋਵੇ ਤੇ ਨਾਲੇ ਇਸ ਗ੍ਰੰਥ ਨੂੰ ਇਹ ਮਾਣ ਵੀ ਪ੍ਰਾਪਤ ਹੋਇਆ ਹੋਵੇ ਕਿ ਉਸ ਦੀ ਬਾਣੀ 'ਤੇ ਅਮਲ ਕਰਨ ਵਾਲੇ ਇਸਤਰੀ, ਪੁਰਸ਼, ਦੇਸ਼ ਤੇ ਦੁਨੀਆਂ ਦੀਆਂ ਵੰਗਾਰਾਂ ਦਾ ਮੁਕਾਬਲਾ ਕਰਦੇ ਹੋਏ ਜਤ ਸਤ ਨੂੰ ਆਪਣੀਆਂ ਕਰਨੀਆਂ ਦੇ ਫ਼ਲ ਦੇ ਤੌਰ 'ਤੇ ਪ੍ਰਾਪਤ ਕਰਨ ਵਾਲੇ ਹੋ ਚੁੱਕੇ ਹੋਣ ।

ਮੇਰੀ ਮੂਰਤੀ ਨੂੰ ਲਗਾਤਾਰ ਕਈ ਸਾਲ ਮੱਥਾ ਟੇਕਣ ਦੇ ਫਲ ਵਜੋਂ ਤੈਨੂੰ ਜੋ ਕੁਝ ਪ੍ਰਾਪਤ ਹੋਇਆ ਹੈ ਉਸ ਦੀ ਤੁਲਨਾ ਮੈਂ ਇਕ ਕਪਾਹ ਦੀ ਫੁੱਟੀ ਨਾਲ ਕਰ ਸਕਦਾ ਹਾਂ । ਤੇਰੇ ਵੱਲੋਂ ਕੀਤੇ ਗਏ ਮੇਰੀ ਮੂਰਤੀ ਦੇ ਕਈ ਸਾਲਾਂ ਦੇ ਦਰਸ਼ਨਾਂ ਨੇ ਤੈਨੂੰ ਇਕ ਬਹੁਤ ਵਧੀਆ ਕਪਾਹ ਦੀ ਫੁੱਟੀ ਬਣਾ ਛੱਡਿਆ ਹੈ। ਹੁਣ ਇਸ ਨੂੰ ਵੇਲਣਾ, ਪਿੰਜਣਾ, ਕੱਤਣਾ, ਬੁਣਨਾ ਤੇ ਰੰਗਣਾ ਮੇਰੇ ਕਰਨ ਦੇ ਕੰਮ ਨਹੀਂ ਹਨ । ਮੈਂ ਇਸ ਗੱਲ 'ਤੇ ਪ੍ਰਸੰਨ ਹਾਂ ਕਿ ਤੂੰ ਅਜਿਹੇ ਫ਼ਲਸਫ਼ੇ ਨਾਲ ਆਪਣਾ ਸੰਬੰਧ ਜੋੜ ਲਿਆ ਹੈ ਜਿਸ ਦੀ ਸੰਸਾਰ ਪ੍ਰਸਿੱਧ ਪ੍ਰਯੋਗਸ਼ਾਲਾ ਸਿੱਖ ਗੁਰਦੁਆਰੇ ਤੈਨੂੰ ਵੇਲਣ, ਪਿੰਜਣ, ਕੱਤਣ, ਬੁਣਨ ਤੇ ਰੰਗਣ ਦਾ ਕੰਮ ਕਰਨਗੇ । ਫਿਰ ਤੈਥੋਂ ਤਿਆਰ ਹੋਏ ਕੱਪੜੇ ਦਾ ਇਕ ਅਜਿਹਾ ਸ਼ਾਮਿਆਨਾ ਬਣੇਗਾ ਜਿਸ ਦੇ ਹੇਠ ਰਾਜ-ਦਰਬਾਰ ਲੱਗਣਗੇ ਉਸ ਸ਼ਾਮਿਆਨੇ ਦੇ ਹੇਠਾਂ

ਅਜਿਹੀਆਂ ਗੱਲਾਂ ਲਿਖੀਆਂ ਹੋਣਗੀਆਂ ਜਿਹੀੜਆਂ ਉਸ ਰਾਜ ਦਰਬਾਰ ਦੇ ਮੁੱਢਲੇ ਨਿਯਮਾਂ 'ਤੇ ਚਾਨਣਾ ਪਾਉਣਗੀਆਂ । ਫਿਰ ਜਿੱਥੇ ਤੂੰ ਉਹ ਸ਼ਾਮਿਆਨਾ ਬਣਕੇ ਆਪਣੇ ਗੁਰਦਵਾਰਿਆਂ ਨੂੰ ਮਾਣ ਦੁਆਏਂਗਾ ਉੱਥੇ ਮੈਨੂੰ ਵੀ ਇਹ ਮਾਣ ਦੁਆਂਵੇਗਾ ਕਿ ਇਹ ਸ਼ਾਮਿਆਨਾ ਮੇਰੀ ਪੈਦਾ ਕੀਤੀ ਹੋਈ ਫੁੱਟੀ ਤੋਂ ਬਣਿਆ ਹੋਇਆ ਹੈ । ਜੇ ਤੂੰ ਜਪੁ ਜੀ ਸਾਹਿਬ ਨਾਲ ਸੰਬੰਧਤ ਮਨੁੱਖੀ ਘਾੜਤ ਦੇ ਕਾਰਖ਼ਾਨੇ ਸਿੱਖ ਗੁਰਦੁਆਰੇ, ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ, (ਪਾਕਿਸਤਾਨ), ਵਿਚ ਨਾ ਗਿਆ ਹੁੰਦਾ ਤਾਂ ਫਿਰ ਮੇਰੀ ਬਣਾਈ ਹੋਈ ਕਪਾਹ ਦੀ ਫੁੱਟੀ ਅਕਾਰਥ ਚਲੀ ਜਾਣੀ ਸੀ । ਸੋ ਮੈਂ ਤੈਨੂੰ ਇਸ ਚੋਣ ਦੀ ਵਧਾਈ ਦੇ ਕੇ ਆਪਣੇ ਕੰਮ 'ਤੇ ਵਾਪਸ ਜਾ ਰਿਹਾ ਹਾਂ । ਇਕ ਗੱਲ ਯਾਦ ਰੱਖੀਂ ਕਿ ਜਦ ਤੂੰ ਜਪੁ ਜੀ ਸਾਹਿਬ ਦੀਆਂ ਤੁਕਾਂ **'ਜਤੁ ਪਾਹਾਰਾ ਧੀਰਜੁ ਸੁਨਿਆਰੁ'** ਤੇ **'ਮਨਿ ਜੀਤੈ ਜੁਗ ਜੀਤੁ'** ਅਤੇ ਦਸਵੀਂ ਪਾਤਸ਼ਾਹੀ ਦਾ ਸ਼ਬਦ—

**ਰੇ ਮਨ, ਐਸੋ ਕਰਿ ਸੰਨਿਆਸਾ। ਬਨ ਸੇ ਸਦਨ ਸਬੈ ਕਰਿ ਸਮਝਹੁ,**
**ਮਨਹੀ ਮਾਹਿ ਉਦਾਸਾ । ੧। ਰਹਾਉ**
**ਜਤ ਕੀ ਜਟਾ, ਜੋਗ ਕੋ ਮੱਜਨੁ ; ਨੇਮ ਕੇ ਨਖੁਨ ਬਢਾਓ ।**
**ਗਿਆਨ-ਗੁਰੂ ਆਤਮ ਉਪਦੇਸਹੁ; ਨਾਮ ਬਿਭੂਤ ਲਗਾਓ ॥੧**
**ਅਲਪ ਅਹਾਰ ਸੁਲਪ ਸੀ ਨਿੰਦ੍ਰਾ; ਦਯਾ ਛਿਮਾ ਤਨ ਪ੍ਰੀਤਿ ।**
**ਸੀਲ ਸੰਤੋਖ ਸਦਾ ਨਿਰਬਾਹਿਬੋ ; ਹ੍ਵੈਬੋ ਤ੍ਰਿਗੁਣ ਅਤੀਤ॥੨**
**ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਮੋ ਲਯਾਵੈ ।**
**ਤਬ ਹੀ ਆਤਮ-ਤਤ ਕੋ ਦਰਸੈ, ਪਰਮ ਪੁਰੁਖ ਕਹ ਪਾਵੈ ॥ ੩/੧**

ਨੂੰ ਪੜ੍ਹਿਆ ਕਰੇਂਗਾ ਤਾਂ ਉਦੋਂ ਮੈਨੂੰ ਜ਼ਰੂਰ ਯਾਦ ਕਰ ਲਿਆ ਕਰੀਂ । ਇਹੋ ਮੇਰੀ ਖੱਟੀ ਹੈ ; ਕਿਉਂਕਿ ਸਿੱਖ ਜਪੁ ਜੀ ਸਾਹਿਬ ਨੂੰ ਘਰ ਘਰ ਪੜ੍ਹਦੇ ਹਨ। ਮੇਰੀ ਮੂਰਤੀ ਨੇ ਤਾਂ ਤੈਨੂੰ ਜਤ ਸਤ ਦੀ ਸੇਧ ਦੇਣੀ ਸੀ, ਇਸ ਤੋਂ ਵੱਧ ਮੇਰੀ ਮੂਰਤੀ ਵਿਚ ਹੋਰ ਕੋਈ ਸਮਰੱਥਾ ਨਹੀਂ ਸੀ । ਸੋ ਗੁਰੂ ਨਾਨਕ ਦੇਵ ਜੀ ਨੇ ਮੇਰੇ ਮਨ ਦੀ ਬੁਝ ਕੇ ਮੋਇਆਂ ਵਿਚ ਜਾਨ ਪਾਉਣ ਵਾਲੀ ਜਪੁ ਜੀ ਸਾਹਿਬ ਦੀ ਬਾਣੀ ਰਚੀ ਸੀ । ਜਦ ਤਕ ਸਿੱਖ ਲੋਕ ਜਪੁ ਜੀ ਸਾਹਿਬ ਦਾ ਪਾਠ ਕਰਦੇ ਹਨ ਤਾਂ ਜਦੋਂ ਦੋ ਤੁਕਾਂ **'ਜਤੁ ਪਾਹਾਰਾ ਧੀਰਜੁ ਸੁਨਿਆਰ'** ਤੇ **'ਮਨਿ**



**ਜੀਤੈ ਜਗੁ ਜੀਤੁ'** 'ਤੇ ਉਹ ਆਉਂਦੇ ਹਨ ਤਾਂ ਮੈਂ ਅਕਾਸ਼ ਲੋਕ ਵਿਚ ਬੈਠਾ ਖ਼ੁਸ਼ੀ ਨਾਲ ਖਿੜ ਰਿਹਾ ਹੁੰਦਾ ਹੈ ਤੇ ਇਸ ਬਾਣੀ ਦੀ ਰਚਨਾ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਦਾ ਧੰਨਵਾਦ ਕਰ ਰਿਹਾ ਹੁੰਦਾ ਹਾਂ । ਮੈਨੂੰ ਹੋਰ ਭੀ ਖ਼ੁਸ਼ੀ ਹੈ ਕਿ ਜਪੁ ਜੀ ਸਾਹਿਬ ਵਿਚ ਮਾਈ ਪਾਰਬਤੀ ਦਾ ਨਾਮ ਵੀ ਆਉਂਦਾ ਹੈ। ਇਸ ਵੇਲੇ ਸੰਸਾਰ ਵਿਚ ਸਿਨੇਮਾ, ਟੈਲੀਵਿਜ਼ਨ, ਰੇਡੀਓ ਤੇ ਛਾਪੇਖ਼ਾਨੇ ਵੱਲੋਂ ਮਚਾਈ ਗਈ ਕਾਮ-ਵਾਸ਼ਨਾ ਦੀ ਹਨੇਰੀ ਤੋਂ ਦੁਨੀਆਂ ਨੂੰ ਬਚਾਉਣ ਲਈ ਪਾਰਬਤੀ ਮਾਈ ਦੀ ਮਿਸਾਲ ਵੀ ਅਦੁੱਤੀ ਹੈ । ਤੂੰ ਜਦੋਂ ਸ਼ਿਵਜੀ ਦੇ ਮੰਦਰ ਵਿਚ ਮੇਰੀ ਮੂਰਤੀ ਅੱਗੇ ਸਿਰ ਝੁਕਾਉਣ ਆਇਆ ਕਰਦਾ ਸੈਂ ਤਾਂ ਤੂੰ ਮੇਰੇ ਕੋਲ ਆਉਣ ਤੋਂ ਪਹਿਲਾਂ ਪਾਰਬਤੀ ਮਾਈ ਤੇ ਉਸ ਦੇ ਪੁੱਤਰ ਗਣੇਸ਼ ਦੋਹਾਂ ਦੀਆਂ ਮੂਰਤੀਆਂ 'ਤੇ ਜਲ ਚੜ੍ਹਾਇਆ ਕਰਦਾ ਸੈਂ । ਮਾਤਾ ਪਾਰਬਤੀ ਵੱਲੋਂ ਆਪਣੇ ਪੁੱਤਰ ਗਣੇਸ਼ ਨੂੰ ਮਰਦ ਦੀ ਸੰਗਤ ਤੋਂ ਬਿਨਾਂ ਕੇਵਲ ਕੰਨ ਦੀ ਮੈਲ ਨਾਲ ਹੋਂਦ ਵਿਚ ਲਿਆ ਕੇ ਉਸ ਦੇ ਕਾਰਜ ਦੀ ਤਹਿ ਵਿਚ ਛਿਪੇ ਹੋਏ ਭੇਦ ਦਾ ਜੋ ਮੁੱਲ ਅੱਜ ਦੀ ਕਾਮ ਹਨੇਰੀ ਵਿਚ ਹੈ ਇਹ ਉਦੋਂ ਨਹੀਂ ਸੀ ਜਦੋਂ ਇਹ ਮਿਥਿਹਾਸਕ ਕਹਾਣੀ ਘੜੀ ਗਈ ਸੀ ।

ਸ੍ਰੀ ਐਸ. ਰਾਧਾ ਕ੍ਰਿਸ਼ਨਨ ਲਿਖਦੇ ਹਨ ਕਿ ਕੋਈ ਸ਼੍ਰੇਣੀ ਜਿੰਨੀ ਨੀਵੀਂ ਹੁੰਦੀ ਹੈ ਉਸ ਵਿਚ ਚਮੜੀ ਦੇ ਸੁਆਦ ਦੀ ਰੁਚੀ ਓਨੀ ਹੀ ਵਧੇਰੇ ਪ੍ਰਧਾਨ ਹੁੰਦੀ ਹੈ । ਉਹ ਲਿਖਦੇ ਹਨ ਬਹੁਤ ਥੋੜ੍ਹੇ ਲੋਕ ਉਹ ਹੁੰਦੇ ਹਨ ਜੋ ਕੁੱਤੇ ਜਾਂ ਬਘਿਆੜ ਵਾਂਙ ਚਸਕੇ ਲੈ ਕੇ ਖਾਣੇ ਦਾ ਸੁਆਦ ਮਾਣਦੇ ਹਨ। ਇਉਂ ਜਾਪਦਾ ਹੈ ਕਿ ਕੁੱਤੇ ਜਾਂ ਬਘਿਆੜ ਦੇ ਸਾਰੇ ਸੁਆਦ ਕਾਮ-ਦਲਦਲ ਦੀ ਨਿਵਾਣ 'ਤੇ ਉੱਤਰ ਚੁੱਕੇ ਹੁੰਦੇ ਹਨ । ਸਭ ਕੌਮਾਂ ਦੀਆਂ ਨੀਵੀਆਂ ਸ਼੍ਰੇਣੀਆਂ ਸਰੀਰ ਦੇ ਪੱਧਰ ਦੇ ਸੁਆਦ ਭੋਗ ਰਹੀਆਂ ਹਨ ਜਦ ਕਿ ਸੱਭਿਆਚਾਰ ਵਿਚ ਰੰਗੇ ਹੋਏ ਤੇ ਪੜ੍ਹੇ ਲਿਖੇ ਲੋਕ ਵਿਚਾਰ, ਫ਼ਲਸਫ਼ੇ, ਕਾਲ ਤੇ ਵਿਗਿਆਨ 'ਚੋਂ ਸੁਆਦ ਲੈਂਦੇ ਹਨ। ਆਤਮਾ ਦਾ ਮੰਡਲ ਹੋਰ ਉਚੇਰਾ ਹੈ । ਸੂਖਮ ਆਤਮਾ ਦਾ ਵਿਸ਼ਾ ਉਚੇਰਾ ਹੈ, ਅਨੰਤ ਹੈ । ਉਸ ਦਾ ਪੱਧਰ ਸਭ ਤੋਂ ਉੱਪਰ ਹੈ ਅਤੇ ਉੱਥੋਂ ਦਾ ਸੁਆਦ ਉਹਨਾਂ ਲਈ ਹੁੰਦਾ ਹੈ ਜੋ ਅਨੁਭਵ ਕਰਨ ਦੀ ਸ਼ਕਤੀ ਰੱਖਦੇ ਹਨ । ਉਹ ਸੁਆਦ ਸਭ ਤੋਂ ਉੱਚਾ ਸੁਆਦ ਹੁੰਦਾ ਹੈ ।

ਸਾਡੇ ਯੁੱਗ ਦਾ ਦੁਖਾਂਤ ਇਹ ਹੈ ਕਿ ਮਨੁੱਖ ਪਸ਼ੂ ਬਿਰਤੀ ਦੀ ਦਲਦਲ ਵਿਚ ਫਸ ਗਿਆ ਹੈ । ਮਾਤਾ ਪਾਰਬਤੀ ਦੀ ਦਿਬ-ਦ੍ਰਿਸ਼ਟੀ ਨੇ

ਵਰਤਮਾਨ ਯੁੱਗ ਦੀ ਨੁਹਾਰ ਹਜ਼ਾਰਾਂ ਸਾਲ ਪਹਿਲਾਂ ਹੀ ਵੇਖ ਲਈ ਸੀ। ਪਤੀ ਪਤਨੀ ਦਾ ਪਵਿੱਤਰ ਪਿਆਰ ਦੁਰਾਚਾਰ ਦਾ ਰੂਪ ਧਾਰ ਚੁੱਕਾ ਹੈ ।

ਮੈਨੂੰ ਇਹ ਵੀ ਖੁਸ਼ੀ ਹੈ ਕਿ ਰੱਬ ਨੇ ਤੈਨੂੰ ਇਕ ਸਾਧਾਰਣ ਪਿੰਡ ਵਿਚ ਜੰਮੇ ਪਲੇ ਹੋਏ ਤੇ ਦਸ ਜਮਾਤਾਂ ਫੇਲ੍ਹ ਦੀ ਵਿਦਿਅਕ ਪੂੰਜੀ ਵਾਲੇ ਨੌਜਵਾਨ ਨੂੰ ਹਿੰਦੂ ਧਰਮ ਦੇ ਪ੍ਰਾਚੀਨ ਪੁਰਾਣਿਕ ਗ੍ਰੰਥਾਂ ਦੀਆਂ ਮਿਥਿਹਾਸਿਕ ਕਹਾਣੀਆਂ ਦੇ ਅਧਾਰ 'ਤੇ ਆਪਣਾ ਬਚਪਨ ਤੇ ਲੜਕਪਨ ਦਾ ਸਮਾਂ ਆਰੰਭ ਕਰਨ ਵਾਲੇ ਨੂੰ ਸਿੱਖ ਗੁਰਦਵਾਰਿਆਂ ਦੇ ਸੱਭਿਆਚਾਰ ਦਾ ਅੰਗ ਬਣ ਕੇ ਆਪਣੇ ਜੀਵਨ ਦਾ ਅਦਭੁੱਤ ਵਿਕਾਸ ਕਰਨ ਲਈ ਚੁਣਿਆ । ਰੱਬ ਨੇ ਕਿਸੇ ਅਮੀਰ ਬੰਦੇ ਨੂੰ ਇਸ ਕਾਰਜ ਲਈ ਨਾ ਚੁਣ ਕੇ ਦੁਨੀਆਂ ਦੇ ਗ਼ਰੀਬ ਮੁੰਡਿਆਂ ਤੇ ਕੁੜੀਆਂ ਨੂੰ ਆਪਣੀ ਇਕ ਕਲਾ ਵਰਤਾ ਕੇ ਦਿਖਾਈ ਹੈ ਕਿ ਉਸ ਨੇ ਆਪਣੀਆਂ ਅਮੋਲਕ ਦਾਤਾਂ ਕੇਵਲ ਅਮੀਰ ਬੱਚਿਆਂ ਲਈ ਹੀ ਰਾਖਵੀਆਂ ਨਹੀਂ ਰੱਖੀਆਂ ਹੋਈਆਂ ਹੁੰਦੀਆਂ , ਬਲਕਿ ਉਸਨੂੰ ਸਾਰੇ ਬੱਚੇ ਇਕੋ ਜਿਹੇ ਪਿਆਰੇ ਹੁੰਦੇ ਹਨ; ਭਾਵੇਂ ਉਹ ਗ਼ਰੀਬ ਹੋਣ ਭਾਵੇਂ ਅਮੀਰ । ਰੱਬ ਨੇ ਤੈਨੂੰ ਦੇਸ਼ ਤੇ ਦੁਨੀਆਂ ਦੇ ਬਚਾਅ ਦੇ ਵਿਸ਼ਾਲ ਗਿਆਨ ਦੀ ਪ੍ਰਾਪਤੀ ਤੇ ਉਸ ਦੇ ਪ੍ਰਚਾਰ ਦੇ ਨਿਖੇੜਵੇਂ ਤੇ ਅਦੁੱਤੀ ਕਾਰਜਾਂ ਵਿਚ ਪਾ ਕੇ ਵਿਖਾ ਦਿੱਤਾ ਹੈ ਕਿ ਵੱਡੀਆਂ ਵੱਡੀਆਂ ਲਾਇਬ੍ਰੇਰੀਆਂ ਵਾਲੇ ਕਿਸੇ ਸ਼ਹਿਰ ਦੇ ਲੰਗਰ ਤੇ ਮੁਸਾਫ਼ਿਰਖ਼ਾਨੇ ਵਾਲੇ ਵੱਡੇ ਗੁਰਦਵਾਰੇ ਦੀ ਓਟ ਲੈ ਕੇ ਬਚਪਨ ਦੇ ਸਮੇਂ ਵਿਚ ਪਰਉਪਕਾਰੀ ਮਹਾਂਪੁਰਸ਼ਾਂ ਦੀਆਂ ਕਹਾਣੀਆਂ ਸੁਣਨ ਤੇ ਮਨ ਵਿਚ ਵਸਾਉਣ ਵਾਲੇ ਲੜਕੇ ਗ਼ਰੀਬ ਹੁੰਦੇ ਹੋਏ ਵੀ ਜੀਵਨ ਦਾ ਅਦਭੁੱਤ ਵਿਕਾਸ ਕਰ ਲਿਆ ਕਰਦੇ ਹਨ।

ਭਾਈ ਪਰਮਾਨੰਦ ਇਕ ਪ੍ਰਸਿੱਧ ਇਤਿਹਾਸਕਾਰ ਹੋਏ ਹਨ ਜਿਨ੍ਹਾਂ ਨੇ ਲਿਖਿਆ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਭਾਰਤ ਦੇ ਇਤਿਹਾਸ ਵਿਚ ਇਹ ਕਰਾਮਾਤ ਕਰ ਕੇ ਦਿਖਾਈ ਹੈ ਕਿ ਕਾਬਲ ਵਾਲੇ ਪਾਸੇ ਤੋਂ ਗ਼ੈਰ ਮੁਲਕੀ ਹਮਲਾਅਵਰਾਂ ਦਾ ਜੋ ਦਰਿਆ ਭਾਰਤ ਵਾਲੇ ਪਾਸੇ ਨੂੰ ਕਈ ਸੌ ਸਾਲਾਂ ਤੋਂ ਵਗਦਾ ਰਿਹਾ ਹੈ ਉਸ ਦਰਿਆ ਦੇ ਰੁਖ ਨੂੰ ਸਿੱਖ ਗੁਰੂ ਸਾਹਿਬਾਨਾਂ ਨੇ ਭਾਰਤ ਵਾਲੇ ਪਾਸੇ ਤੋਂ ਉਲਟਾ ਕੇ ਕਾਬਲ ਵਾਲੇ ਪਾਸੇ ਨੂੰ ਮੋੜ ਦਿੱਤਾ ਸੀ ਤੇ ਕਾਬਲ ਦੇ ਗੁਆਂਢੀ ਥਾਵਾਂ ਜਮਰੌਦ, ਗਿਲਗਿਤ ਉੱਤੇ ਖ਼ਾਲਸਾਈ ਝੰਡੇ ਲਹਿਰਾ ਦਿੱਤੇ ਸਨ। ਬਾਬਰ ਦੇ ਹਮਲੇ ਸਮੇਂ ਗੁਰੂ ਨਾਨਕ ਦੇਵ ਜੀ ਨੇ ਜਿਹੜੀ ਭਾਰਤ ਵਾਸੀਆਂ ਦੀ ਤੇ ਖਾਸ ਕਰ ਜਵਾਨ ਇਸਤਰੀਆਂ ਦੀ ਬੇਪਤੀ ਤੇ ਦੁਰਦਸ਼ਾ



ਦੇਖੀ ਸੀ ਉਸ ਅਧੋਗਤੀ ਨੂੰ ਦੇਖ ਕੇ ਉਨ੍ਹਾਂ ਦੀ ਆਤਮਾ ਨੇ ਜੋ ਗ਼ੈਰਤ ਖਾਧੀ ਸੀ ਉਸ ਦੇ ਹਲੂਣੇ ਨਾਲ ਉਨ੍ਹਾਂ ਦੇ ਮੁਖ਼ਾਰਬਿੰਦ 'ਚੋਂ ਹੇਠ ਲਿਖੇ ਸ਼ਬਦ ਨਿਕਲੇ ਸਨ :-

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥**

**(ਅੰਗ ੩੬੦)**

ਅਰਥਾਤ- ਹੇ ਰੱਬਾ ! ਗ਼ੈਰ ਮੁਲਕੀ ਹਮਲਿਆਂ ਦੀ ਭਾਰਤ ਨੂੰ ਜੋ ਏਨੀ ਮਾਰ ਪਈ ਹੈ ਕੀ ਤੈਨੂੰ ਇਸ ਮਾਰ ਦਾ ਕੋਈ ਦਰਦ ਨਹੀਂ ਆਇਆ?

ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਵਿਚ ਇਹ ਤੱਕਿਆ ਸੀ ਕਿ ਉਸ ਹਮਲੇ ਵਿਚ ਭਾਰਤ ਦੀ ਜੋ ਦੁਰਦਸ਼ਾ ਹੋਈ ਉਸ ਦਾ ਇਕ ਕਾਰਣ ਉਹਨਾਂ ਨੇ ਭਾਰਤ ਵਾਸੀਆਂ ਦੀ ਆਪਣੀ ਆਚਰਣ ਦੀ ਗਿਰਾਵਟ ਨੂੰ ਵੀ ਮਹਿਸੂਸ ਕੀਤਾ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਪੰਥ ਰਚਿਆ ਹੈ ਉਸ ਦੀ ਨੀਂਹ ਉਹਨਾਂ ਨੇ ਜਤ ਸਤ 'ਤੇ ਰੱਖੀ ਸੀ ਤੇ ਉਸ ਦੇ ਸਿੱਖ ਏਨੇ ਜਤੀ ਸਤੀ ਹੋਏ ਕਿ ਦੁਨੀਆਂ ਦੇ ਬੰਦੇ ਉਨ੍ਹਾਂ ਦਾ ਜਤ ਸਤ ਦੇਖ ਕੇ ਉਂਗਲੀਆਂ ਮੂੰਹ ਵਿਚ ਪਾਉਣ ਲੱਗ ਪਏ ਸਨ ਤੇ ਪਾਉਂਦੇ ਰਹਿੰਦੇ ਹਨ ।

ਜਿਸ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤੂੰ ਆਪਣੀ ਪ੍ਰੇਰਣਾ ਦੇ ਸਰੋਤ ਦੇ ਤੌਰ 'ਤੇ ਚੁਣਿਆ ਹੈ ਉਸਨੂੰ ਮੰਨਣ ਵਾਲੀ ਸਿੱਖ ਕੌਮ ਦੇ ਇਤਿਹਾਸ ਦੀਆਂ ਜਤ ਸਤ ਦੀਆਂ ਕਹਾਣੀਆਂ ਸੁਣ ਸੁਣ ਕੇ ਮੈਂ ਖੁਸ਼ੀ ਨਾਲ ਆਪਣੀ ਸੁੱਧ ਬੁੱਧ ਗਵਾ ਬੈਠਿਆ ਕਰਦਾ ਹਾਂ । ਖ਼ਾਲਸਾ ਜੀ ਦੇ ਦੁਸ਼ਮਣਾਂ ਦੀਆਂ ਕਲਮਾਂ ਤੋਂ ਨਿਕਲੀਆਂ ਸਿੱਖ ਪੰਥ ਦੇ ਇਤਿਹਾਸ ਦੀਆਂ ਕਹਾਣੀਆਂ ਨੂੰ ਸੁਣ ਕੇ ਕੌਣ ਬੰਦਾ ਹੈਰਾਨ ਨਾ ਹੋਵੇਗਾ । ਇਨ੍ਹਾਂ ਗਵਾਹੀਆਂ ਵਿਚੋਂ ਇਕ ਗਵਾਹੀ ਕਾਜ਼ੀ ਨੂਰ ਮੁਹੰਮਦ ਦੀ ਹੈ ਤੇ ਦੂਸਰੀ ਪੰਜਾਬ ਦੇ ਮੁਸਲਮਾਨ ਇਤਿਹਾਸਕਾਰ ਗੁਲਾਮ ਮਹੀਉਦੀਨ ਦੀ ਹੈ । ਅਹਿਮਦ ਸ਼ਾਹ ਦੁਰਾਨੀ ਨੇ ਕਾਬਲ ਵਾਲੇ ਪਾਸੇ ਤੋਂ ਆ ਕੇ ਭਾਰਤ 'ਤੇ ਜੋ ਹਮਲਾ ਕੀਤਾ ਸੀ ਕਾਜ਼ੀ ਨੂਰ ਮੁਹੰਮਦ ਉਸ ਨਾਲ ਉਸ ਦੇ ਸ਼ਾਹੀ ਕਵੀ ਦੇ ਤੌਰ 'ਤੇ ਭਾਰਤ ਨੂੰ ਆਇਆ ਸੀ ਜਿਸ ਨੇ ਜੰਗ ਦਾ ਹਾਲ ਲਿਖਣਾ ਸੀ । ਉਸ ਕਵੀ ਨੇ ਖ਼ਾਲਸਾ ਜੀ ਨਾਲ ਹੋਏ ਦੁਰਾਨੀ ਦੇ ਜੰਗ ਦਾ ਹਾਲ ਇਕ ਕਵਿਤਾ ਦੇ ਰੂਪ ਵਿਚ ਜੰਗਨਾਮੇ ਦੇ ਸਿਰਲੇਖ ਹੇਠ ਸੰਨ ੧੭੬੯ ਵਿਚ ਫਾਰਸ਼ੀ ਭਾਸ਼ਾ ਵਿਚ ਲਿਖਿਆ । ਉਸ ਨੇ ਉਸ ਕਵਿਤਾ ਵਿਚ ਸਿੰਘਾਂ ਦਾ ਦੁਸ਼ਮਣ ਹੁੰਦਿਆਂ ਹੋਇਆਂ ਬੇਇਖਤਿਆਰ

ਹੋ ਕੇ ਲਿਖਿਆ ਹੈ ਕਿ ਜਿਹੜੇ ਸਿੰਘ ਸਾਡੀਆਂ ਫੌਜਾਂ ਨਾਲ ਲੜੇ ਹਨ ਮੈਂ ਦੇਖਿਆ ਕਿ ਉਹ ਸਾਰੇ ਜਤ ਸਤ ਵਾਲੇ ਸਨ । ਉਹ ਪਰਾਈ ਇਸਤਰੀ ਨੂੰ ਆਪਣੀ ਧੀ ਸਮਝਦੇ ਸਨ ਤੇ ਦੁਨੀਆਂ ਦੀ ਹਰ ਇਸਤਰੀ ਉਨ੍ਹਾਂ ਕੁੱਤਿਆਂ (ਭਾਵ ਸਿੱਖਾਂ) ਲਈ ਮਾਂ, ਭੈਣ ਜਾਂ ਧੀ ਹੈ। ੧੭੭੨ ਵਿਚ ਪੰਜਾਬ ਦੇ ਮੁਸਲਮਾਨ ਇਤਿਹਾਸਕਾਰ ਗੁਲਾਮ ਮਹੀਉਦੀਨ ਨੇ ਲਿਖਿਆ ਸੀ ਕਿ ਸਿੱਖ ਜਿਹੜੇ ਨਾਪਾਕ (ਅਪਵਿੱਤਰ) ਹੁੰਦੇ ਹਨ, ਇਹ ਹਰ ਪਰਾਈ ਇਸਤਰੀ ਨੂੰ ਆਪਣੀ ਮਾਂ ਸਮਝਦੇ ਹਨ ਭਾਵੇਂ ਉਹ ਕਿੰਨੀ ਜਵਾਨ ਹੋਵੇ ਤੇ ਭਾਵੇਂ ਕਿੰਨੀ ਖ਼ੂਬਸੂਰਤ ਹੋਵੇ।

### ਨੌਜਵਾਨ ਮੁੰਡੇ ਕੁੜੀਆਂ ਦੀ ਸੇਵਾ ਵਿਚ

## ਇਕ ਬੇਨਤੀ

ਸਫਲ ਜੀਵਨ ਲਈ ਸਭ ਤੋਂ ਉੱਤਮ ਬਾਤ ਆਚਰਣ ਦੀ ਉਸਾਰੀ ਹੈ। ਬੱਚਿਆਂ ਦੇ ਗ੍ਰਿਸਥੀ ਹੋ ਕੇ ਜੀਵਨ ਬਤੀਤ ਕਰਨ ਲਈ ਇਸ ਦੀ ਵਿਸ਼ੇਸ਼ ਕਰ ਕੇ ਲੋੜ ਹੈ । ਨੌਜਵਾਨ ਮੁੰਡੇ ਕੁੜੀਆਂ ਦੇ ਸੰਬੰਧ ਵਿਚ ਮਹਾਤਮਾ ਗਾਂਧੀ ਜੀ ਤੇ ਇਕ ਅੰਗਰੇਜ਼ ਵਿਦਵਾਨ ਲਾਰਡ ਐਵੇਬਰੀ ਦੇ ਇਹ ਬਚਨ ਚੇਤੇ ਰੱਖਣ ਵਾਲੇ ਹਨ :

If you are unmarried you owe it to yourself and to your future partner to keep yourself pure.

ਅਰਥਾਤ ਜੇਕਰ ਤੁਹਾਡਾ ਵਿਆਹ ਨਹੀਂ ਹੋਇਆ ਤਾਂ ਤੁਸੀਂ ਆਪਣੇ ਉੱਤੇ ਕਰਜ਼ਾ ਚੜ੍ਹਿਆ ਹੋਇਆ ਸਮਝੋ ਉਸ ਮਰਦ ਜਾਂ ਇਸਤਰੀ ਦਾ, ਜਿਸ ਨੇ ਤੁਹਾਡੇ ਨਾਲ ਵਿਆਹ ਕਰਾ ਕੇ ਤੁਹਾਡਾ ਜੀਵਨ ਸਾਥੀ ਬਣਨਾ ਹੈ ਕਿ ਤੁਸੀਂ ਪਵਿੱਤਰ ਰਹੋ ਤੇ ਪਵਿੱਤਰਤਾ ਭੰਗ ਕਰਨ ਦੀ ਗ਼ਲਤੀ ਨਾ ਕਰੋ ।

(ਮਹਾਤਮਾ ਗਾਂਧੀ) ।

ਅੰਗਰੇਜ਼ ਵਿਦਵਾਨ ਐਵੇਬਰੀ Lord Avebury ਦੀਆਂ ਦੋ ਪੁਸਤਕਾਂ ਦੇ ਨਾਵਾਂ ਦਾ ਮੈਨੂੰ ਪਤਾ ਹੈ :-

Pleasures of life (ਜ਼ਿੰਦਗੀ ਦੇ ਅਨੰਦ)

The uses of life (ਜ਼ਿੰਦਗੀ ਦੇ ਮਨੋਰਥ)

"ਜ਼ਿੰਦਗੀ ਦੇ ਮਨੋਰਥ" ਪੁਸਤਕ ਵਿਚ ਉਸ ਨੇ ਲਿਖਿਆ ਹੈ:-



It is said that every thing comes to those who know how to wait.

'ਕਿਹਾ ਜਾਂਦਾ ਹੈ ਕਿ ਉਨ੍ਹਾਂ ਬੰਦਿਆਂ ਨੂੰ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ ਜਿਹੜੇ ਉਡੀਕ ਕਰਨਾ ਜਾਣਦੇ ਹਨ ।'

ਪੰਜਾਬ ਦੇ ਕੁੜੀਆਂ ਦੇ ਇਕ ਸਰਕਾਰੀ ਕਾਲਜ ਦੀ ਮੁੱਖ ਅਧਿ-ਆਪਕਾ ਨੇ ਇਸ ਕਿਤਾਬਚੇ ਨੂੰ ਪੜ੍ਹ ਕੇ ਦੱਸਿਆ ਹੈ ਕਿ ਉਸ ਕਾਲਜ ਦੀ ਇਕ ਕੁੜੀ ਨੂੰ ਕਾਲਜ ਵਿਚ ਪੜ੍ਹਦੀ ਨੂੰ ਸੁਜ਼ਾਕ ਦਾ ਭਿਆਨਕ ਗੁਪਤ ਰੋਗ ਕਿਸੇ ਮਰਦ ਪਾਸੋਂ ਲੱਗ ਗਿਆ । ਲੜਕੀ ਨੇ ਨਾ ਤਾਂ ਉਸ ਰੋਗ ਦਾ ਇਲਾਜ ਕਰਾਇਆ ਤੇ ਨਾ ਹੀ ਉਸ ਨੇ ਵਿਆਹ ਹੋ ਜਾਣ 'ਤੇ ਆਪਣੇ ਪਤੀ ਨੂੰ ਆਪਣੇ ਰੋਗ ਤੋਂ ਖ਼ਬਰਦਾਰ ਕੀਤਾ । ਸਿੱਟਾ ਇਹ ਨਿਕਲਿਆ ਕਿ ਕੁੜੀ ਦੇ ਪਤੀ ਨੂੰ ਵੀ ਉਹ ਰੋਗ ਲੱਗ ਗਿਆ। ਪਤੀ ਨੂੰ ਰੋਗ ਲੱਗ ਜਾਣ 'ਤੇ ਉਸ ਗੱਲ ਦਾ ਭਾਂਡਾ ਫੁੱਟਣਾ ਹੀ ਸੀ ਤੇ ਉਹ ਭਾਂਡਾ ਫੁੱਟਿਆ। ਨਵੇਂ ਵਿਆਹੇ ਲਾੜੇ ਵੱਲੋਂ ਵਿਆਹ ਦੇ ਤਲਾਕ ਦੀ ਦਰਖਾਸਤ ਕਚਹਿਰੀ ਵਿਚ ਦਿੱਤੀ ਗਈ । ਤਲਾਕ ਦੀ ਪ੍ਰਵਾਨਗੀ ਮਿਲੀ, ਤਲਾਕ ਹੋਇਆ । ਤਲਾਕ ਦੇ ਪਿੱਛੋਂ ਉਸ ਲੜਕੀ ਦਾ ਕੀ ਹਾਲ ਹੋਇਆ ਹੋਵੇਗਾ, ਉਹ ਕਿਸੇ ਨੂੰ ਮੂੰਹ ਦਿਖਾਉਣ ਜੋਗੀ ਨਹੀਂ ਰਹੀ ਹੋਵੇਗੀ । ਫੇਰ ਦੂਜਾ ਵਿਆਹ ਉਸ ਬੀਬੀ ਨਾਲ ਕਿਸੇ ਨੇ ਨਹੀਂ ਕੀਤਾ ਹੋਵੇਗਾ। ਘਰ ਵਾਲੇ ਲੜਕੀ ਦਾ ਮੂੰਹ ਵੀ ਨਹੀਂ ਦੇਖਣਾ ਚਾਹੁੰਦੇ ਹੋਣਗੇ। ਅਜਿਹੀ ਹਾਲਤ ਵਿਚ ਉਹ ਕੁੜੀ ਨਾ ਜਿਊਣ ਜੋਗੀ ਰਹੀ ਹੋਵੇਗੀ ਤੇ ਨਾ ਮਰਨ ਜੋਗੀ ।

### ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਤੇਜ਼ੀ ਨਾਲ ਫੈਲ ਰਹੇ

## ਭਿਆਨਕ ਗੁਪਤ ਰੋਗ ਸੁਜ਼ਾਕ ਤੇ ਆਤਸ਼ਿਕ

ਸੁਜ਼ਾਕ ਅਤੇ ਆਤਸ਼ਿਕ ਜਿਹੇ ਗੁਪਤ ਰੋਗਾਂ ਬਾਰੇ ਸਾਰੇ ਸੰਸਾਰ ਵਿਚ ਹਾਹਾਕਾਰ ਮੱਚ ਚੁੱਕਿਆ ਹੋਇਆ ਹੈ ਤੇ ਸੰਸਾਰ ਦੀ ਵਿਗੜ ਰਹੀ ਸੱਭਿਆਚਾਰਕ ਹਾਲਤ ਨੂੰ ਦੇਖਦਿਆਂ ਹੋਇਆਂ ਡਾਕਟਰ ਇੱਥੋਂ ਤਕ ਘਬਰਾ ਚੁੱਕੇ ਹਨ ਕਿ ਉਨ੍ਹਾਂ ਨੂੰ ਇਹ ਮੰਨਣਾ ਪੈ ਚੁੱਕਿਆ ਹੈ ਕਿ ਇਨ੍ਹਾਂ ਰੋਗਾਂ ਦਾ ਮੁਕਾਬਲਾ ਨਹੀਂ ਹੋ ਸਕੇਗਾ ਤੇ ਦੁਨੀਆਂ ਨੂੰ ਇਹ ਆਪਣੀਆਂ ਬਰਬਾਦੀਆਂ ਦੇ ਜਲਵੇ ਦਿਖਾ ਕੇ ਹੀ ਛੱਡਣਗੇ । ਬਹੁਤ ਸਾਲਾਂ ਤੋਂ ਇਹ ਆਵਾਜ਼ ਉੱਠਣੀ ਆਰੰਭ ਹੋ ਚੁੱਕੀ ਹੈ ਕਿ ਵਿਆਹ ਤੋਂ ਪਹਿਲਾਂ ਮੁੰਡੇ ਕੁੜੀਆਂ ਦੀ ਡਾਕਟਰੀ

ਕਰਾਈ ਜਾਵੇ ਤਾਂ ਜੋ ਪਤਾ ਲੱਗ ਸਕੇ ਕਿ ਉਹ ਇਹਨਾਂ ਰੋਗਾਂ ਦਾ ਸ਼ਿਕਾਰ ਤਾਂ ਨਹੀਂ ਹੋ ਚੁੱਕੇ ਹਨ । ਗੁਪਤ ਰੋਗਾਂ ਦੀ ਡਾਕਟਰੀ ਤਿੰਨ ਵਾਰੀ ਹੋਣੀ ਚਾਹੀਦੀ ਹੈ । ਇਕ ਵਾਰੀ ਦੀ ਡਾਕਟਰੀ ਨਾਲ ਪਤਾ ਨਹੀਂ ਲੱਗਦਾ ।

## ਭਾਰਤ ਦਾ ਤੀਜਾ ਸਥਾਨ

ਸੁਜ਼ਾਕ ਤੇ ਆਤਸ਼ਿਕ ਦੇ ਗੁਪਤ ਰੋਗ ਭਾਰਤ ਲਈ ਇਕ ਵੱਡਾ ਖ਼ਤਰਾ ਬਣਦੇ ਜਾ ਰਹੇ ਹਨ । ਵਿਸ਼ਵ ਸਿਹਤ ਸੰਗਠਨ ਵੱਲੋਂ ਕੀਤੇ ਗਏ ਇਕ ਸੱਜਰੇ ਸਰਵੇਖਣ ਅਨੁਸਾਰ ਦੁਨੀਆਂ ਦੇ ਲੱਗਪਗ ਦੋ ਕਰੋੜ ਸੱਤਰ ਲੱਖ ਵਿਅਕਤੀ ਇਨ੍ਹਾਂ ਰੋਗਾਂ ਨਾਲ ਸ਼ਿਕਾਰ ਹਨ ਅਤੇ ਇਸ ਖੇਤਰ ਵਿਚ ਭਾਰਤ ਦਾ ਸਥਾਨ ਤੀਜਾ ਹੈ ।

ਜਿੱਥੋਂ ਤਕ ਰਾਜਾਂ ਦਾ ਸਵਾਲ ਹੈ ਸਾਲ ੧੯੯੦ ਵਿਚ ਆਂਧਰਾ ਪ੍ਰਦੇਸ਼ ਵਿਚ ਗੁਪਤ ਰੋਗਾਂ ਦੇ ਰੋਗੀਆਂ ਦੀ ਗਿਣਤੀ ਸਭ ਤੋਂ ਵੱਧ ਯਾਨੀ ੫,੨੦,੦੦੦ ਸੀ । ਇਸੇ ਖੇਤਰ ਵਿਚ ਦੂਜੇ ਨੰਬਰ 'ਤੇ ਪੱਛਮੀ ਬੰਗਾਲ ਅਤੇ ਤੀਜੇ 'ਤੇ ਮਹਾਂਰਾਸ਼ਟਰ ਆਉਂਦੇ ਹਨ । ਬੰਬਈ ਸ਼ਹਿਰ ਗੁਪਤ ਰੋਗਾਂ ਦੇ ਰੋਗੀਆਂ ਦੀ ਵੱਡੀ ਗਿਣਤੀ ਵਾਲੇ ਦੁਨੀਆਂ ਦੇ ੧੦ ਮਹਾਂਨਗਰਾਂ ਵਿਚੋਂ ਇਕ ਹੈ। ਬੰਬਈ ਨਗਰ ਨਿਗਮ ਵੱਲੋਂ ਕਰਾਏ ਗਏ ਇਕ ਅਧਿਐਨ ਅਨੁਸਾਰ ਸ਼ਹਿਰ ਦੇ ਭਿੰਡੀ ਬਜ਼ਾਰ ਤੇ ਕਰਾਅਫੋਰਡ ਮਾਰਕੀਟ ਵਰਗੇ ਇਲਾਕੇ ਜਿੱਥੇ ਜਿਣਸੀ ਵਪਾਰ ਖੁੱਲ੍ਹੇ-ਆਮ ਹੁੰਦਾ ਹੈ, ਗੁਪਤ ਰੋਗਾਂ ਦੇ ਰੋਗੀਆਂ ਦੇ ਲਗਾਤਾਰ ਵਾਧੇ ਦਾ ਮੁੱਖ ਕਾਰਨ ਹੈ । ਇਸੇ ਤਰ੍ਹਾਂ ਕੇਂਦਰੀ ਸਿਹਤ ਮੰਤਰਾਲੇ ਤੇ ਤਾਮਿਲਨਾਡੂ ਰਾਜ ਸਿਹਤ ਨਿਰਦੇਸ਼ਾਲੇ ਵੱਲੋਂ ਪਿਛਲੇ ਸਾਲ ਕਰਵਾਇਆ ਗਿਆ ਇਕ ਸਾਂਝਾ ਅਧਿਐਨ ਸਪੱਸ਼ਟ ਕਰਦਾ ਹੈ ਕਿ ਰਾਜ ਵਿਚ ਗੁਪਤ ਰੋਗਾਂ ਦੇ ਪਸਾਰ ਦਾ ਸਭ ਤੋਂ ਵੱਡਾ ਸੋਮਾ ਜੇਲ੍ਹਾਂ, ਨਿਰਧਨ ਆਸ਼ਰਮ ਅਤੇ ਨਾਬਾਲਗ ਅਪਰਾਧੀਆਂ ਲਈ ਚੱਲ ਰਹੇ ਸੁਧਾਰ ਘਰ ਹਨ ।

ਭਾਰਤ ਵਿਚ ਗੁਪਤ ਰੋਗ (ਜਿਨ੍ਹਾਂ ਨੂੰ ਅੱਜ ਕੱਲ ਐਸ.ਟੀ.ਡੀ. ਸੈਕਸੂਅਲੀ ਟਰਾਂਸਮਿਟਡ ਰੋਗਾਂ ਦਾ ਨਾਮ ਦਿੱਤਾ ਗਿਆ ਹੈ) ਇਸ ਰੋਗ ਦੇ ਰੋਗੀਆਂ ਦੇ ਸਭ ਤੋਂ ਵੱਡੇ ਵਰਗ ਦੀ ਉਮਰ ੨੦ ਤੋਂ ੩੦ ਸਾਲਾਂ ਦੇ ਵਿਚਕਾਰ ਹੈ । ਇਸ ਵਰਗ ਤੋਂ ਅਗਲਾ ਨੰਬਰ ੧੯ ਸਾਲ ਤੋਂ ਘੱਟ ਉਮਰ ਵਾਲੇ ਮੁੰਡੇ ਕੁੜੀਆਂ ਦਾ ਆਉਂਦਾ ਹੈ । ਪੂਨੇ ਦੇ ਇਕ ਐਸ.ਟੀ.ਡੀ. ਟੀਮ ਕਲੀਨਿਕ ਵਿਚ ਇਸ ਸਾਲ ਦੇ ਪਹਿਲੇ ੬ ਮਹੀਨਿਆਂ ਵਿਚਕਾਰ ੨੫੫ ਰੋਗੀ ਘਰਾਂ



ਵਿਚ ਇਨ੍ਹਾਂ ਰੋਗਾਂ ਦੇ ਰੋਗੀਆਂ ਦਾ ਇਲਾਜ ਕੀਤਾ ਗਿਆ ਹੈ ਅਤੇ ਇਨ੍ਹਾਂ ਵਿਚ ੫੪ ਪ੍ਰਤੀਸ਼ਤ ਨਾਬਾਲਿਗ ਮੁੰਡੇ ਸਨ, ਜਦੋਂ ਕਿ ਨਾਬਾਲਿਗ ਕੁੜੀਆਂ ਦੀ ਔਸਤ ੧੨ ਪ੍ਰਤੀਸ਼ਤ ਸੀ । ਇਨ੍ਹਾਂ 'ਚ ਵੀ ੧੫ ਸਾਲ ਤੋਂ ਘੱਟ ਉਮਰ ਵਾਲੇ ਮੁੰਡੇ ਕੁੜੀਆਂ ਦੀ ਗਿਣਤੀ ਕੁੱਲ ਰੋਗੀਆਂ ਦਾ ੮ ਪ੍ਰਤੀਸ਼ਤ ਬਣਦੀ ਹੈ ।

ਭਰਥਰੀ ਹਰੀ ਦੀ ਮਾਤਾ ਦੀ ਚਿੰਤਾ ਦੀ ਜੋ ਕਹਾਣੀ ਉੱਤੇ ਦਿੱਤੀ ਗਈ ਹੈ ਉਸ ਕਹਾਣੀ ਵਿਚ ਜੋ ਸਿੱਖਿਆ ਨੌਜਵਾਨ ਲੜਕੇ ਲੜਕੀਆਂ ਲਈ ਮਿਲਦੀ ਹੈ ਉਸ ਦੀ ਮਹੱਤਤਾ ਇਸ ਮਸ਼ੀਨੀ ਯੁੱਗ ਵਿਚ ਬਹੁਤ ਵਧ ਚੁੱਕੀ ਹੈ ਕਿਉਂਕਿ ਬੰਦੇ ਲਈ ਅਨੇਕਾਂ ਨਵੇਂ ਖ਼ਤਰੇ ਪੈਦਾ ਹੋ ਚੁੱਕੇ ਹਨ । ਵਿਆਹੇ ਹੋਏ ਬੰਦੇ ਆਪਣੇ ਪਰਿਵਾਰਾਂ ਤੋਂ ਮਹੀਨਿਆਂ ਤੇ ਸਾਲਾਂ ਬੱਧੀ ਦੂਰ ਰਹਿੰਦੇ ਹਨ । ਇਸਤਰੀ ਕਿਸੇ ਪਿੰਡ ਵਿਚ ਰਹਿੰਦੀ ਹੈ ਤੇ ਪਤੀ ਸੈਂਕੜੇ ਮੀਲਾਂ ਦੀ ਦੂਰੀ ਤੇ ਕਿਸੇ ਸ਼ਹਿਰ ਵਿਚ ਨੌਕਰੀ ਕਰਦਾ ਹੈ । ਫੇਰ ਸ਼ਹਿਰਾਂ ਵਿਚ ਪਿੰਡਾਂ ਵਾਲੀ ਨਿਗਰਾਨੀ ਕਿਸੇ ਦੀ ਨਹੀਂ ਰਹੀ । ਜਦ ਕਿਸੇ ਬੰਦੇ ਨੂੰ ਕਿਸੇ ਨਵੇਂ ਥਾਂ ਵਿਚ ਜਾਣਦਾ ਹੀ ਕੋਈ ਨਾ ਹੋਵੇ ਤਾਂ ਫਿਰ ਉਸ ਨੇ ਕੋਈ ਮਾੜਾ ਕੰਮ ਕਰਨ ਲੱਗਿਆਂ ਸ਼ਰਮ ਕਿਸ ਤੋਂ ਕਰਨੀ ਹੁੰਦੀ ਹੈ ।

ਇਸ ਵਰਤਮਾਨ ਯੁੱਗ ਵਿਚ ਜਿਹੜਾ ਵੱਡੇ ਵੱਡੇ ਸ਼ਹਿਰਾਂ ਦਾ ਯੁੱਗ ਹੈ, ਇਸ ਵਿਚ ਬੰਦੇ ਨੇ ਅਜਿਹੇ ਥਾਵਾਂ 'ਤੇ ਰਹਿਣਾ ਹੁੰਦਾ ਹੈ ਜਿੱਥੇ ਉਸ ਨੂੰ ਕੋਈ ਜਾਣਦਾ ਹੀ ਨਹੀਂ ਹੁੰਦਾ, ਭਾਰੇ ਫਿਕਰਾਂ ਨਾਲ ਰਹਿਣ ਦੀ ਲੋੜ ਹੈ। ਇਸ ਯੁੱਗ ਵਿਚ ਉਹ ਆਪਣਾ ਬਚਾਅ ਕਿਵੇਂ ਕਰੇ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ, ਗੀਤਾ, ਉਪਨਿਸ਼ਦ, ਰਾਮਾਇਣ, ਮਹਾਂਭਾਰਤ ਕੁਰਾਨ ਤੇ ਬਾਈਬਲ ਵਰਗੇ ਗ੍ਰੰਥਾਂ ਵਿਚ ਦਿੱਤਾ ਗਿਆ ਹੈ । ਜੇਕਰ ਮੈਂ ਆਖਾਂ ਕਿ ਇਨ੍ਹਾਂ ਗ੍ਰੰਥਾਂ ਦੇ ਰਚਨ ਵਾਲਿਆਂ ਨੇ ਮਨੁੱਖ ਜਾਤੀ ਦੇ ਬਚਾਉ ਲਈ ਗ਼ਮਾਂ ਦੇ ਹੰਝੂ ਕੇਰਦਿਆਂ ਹੋਇਆਂ ਆਪਣੇ ਵਿਚਾਰ ਪੇਸ਼ ਕੀਤੇ ਹਨ ਤਾਂ ਇਹ ਗੱਲ ਗ਼ਲਤ ਨਹੀਂ ਹੋਵੇਗੀ । ਅੱਜ ਸੰਸਾਰ ਦੇ ਬੰਦਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦਾਂ ਵੱਲ ਧਿਆਨ ਦੇਣ ਦੀ ਲੋੜ ਪੈਦਾ ਹੋ ਚੁੱਕੀ ਹੈ:-

**ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥ (ਅੰਗ ੮੧੯)**

ਅਮਰੀਕਾ ਦੇਸ਼ ਦੇ ਸੰਸਾਰ ਪ੍ਰਸਿੱਧ ਫ਼ਿਲਾਸਫ਼ਰ ਥੋਰੋ ਦਾ ਕਥਨ ਹੈ ਕਿ ਬੰਦੇ ਦੇ ਮਨ ਦਾ ਖੋਟਾ ਪਾਸਾ ਓਨਾ ਹੀ ਜਾਗਦਾ ਹੈ ਜਿੰਨਾ ਉਸ ਦੇ ਮਨ ਦਾ ਖ਼ਰਾ ਪਾਸਾ ਸੁੱਤਾ ਹੁੰਦਾ ਹੈ । ਇਸ ਤੋਂ ਇਹ ਅਰਥ ਉਪਜਦਾ ਹੈ ਕਿ

ਜਿਸ ਮਨੁੱਖ ਦੇ ਮਨ ਦਾ ਖ਼ਰਾ ਪਾਸਾ ਜਾਗਦਾ ਹੈ ਉਸ ਦੇ ਮਨ ਦਾ ਖੋਟਾ ਪਾਸਾ ਸੁੱਤਾ ਰਹਿੰਦਾ ਹੈ । ਜਦ ਬੰਦੇ ਨੂੰ ਚੰਗੇ ਕੰਮਾਂ ਦਾ ਸੁਆਦ ਆਉਣ ਲੱਗ ਜਾਂਦਾ ਹੈ ਤਾਂ ਉਸ ਨੂੰ ਬੁਰੇ ਕੰਮਾਂ ਦੇ ਸੁਆਦ ਦੀ ਲੋੜ ਨਹੀਂ ਰਹਿੰਦੀ ।

We are conscious of an animal in us which awakens in proportion as our higher nature slumbers. —Thoreau, From the book—The Living Thoughts of Thoreau published by Classel & Co. Ltd. London.

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਵੀ ਹੈ :-**

**ਇਹ ਰਸ ਛਾਡੇ ਉਹ ਰਸੁ ਆਵਾ ॥**

**ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥**

**ਰਾਗ ਗਉੜੀ ਪੂਰਬੀ ਬਾਵਨ ਅੱਖਰੀ ਕਬੀਰ ਜੀਉ ਕੀ**

**(ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ) (ਅੰਗ ੩੪੨)**

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**

**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ, ਅੰਗ ੧੬)**

A nation that lets its children sink into squalor and crime saps its own strength.

ਜਿਹੜਾ ਦੇਸ਼ ਆਪਣੇ ਬੱਚਿਆਂ ਨੂੰ ਗੰਦ ਅਤੇ ਜੁਰਮ ਵਿਚ ਡੁੱਬਣ ਦਿੰਦਾ ਹੈ ਉਹ ਆਪਣੀ ਹੀ ਸ਼ਕਤੀ ਸਮਾਪਤ ਕਰਦਾ ਹੈ।

Children constitute the greatest asset of a nation.

ਬੱਚੇ ਹੀ ਕਿਸੇ ਕੌਮ ਦਾ ਸਭ ਤੋਂ ਵੱਡਾ ਧਨ ਹੁੰਦੇ ਹਨ ।

1. The destiny of a nation at a given time depends upon its generation of between five and twenty years of age. —Emerson.



ਅਰਥਾਤ-ਕਿਸੇ ਦੇਸ਼ ਦੀ ਤਕਦੀਰ ਦਾ ਨਿਰਭਰ ਉਸ ਦੀ ਉਸ ਪੀੜ੍ਹੀ 'ਤੇ ਹੁੰਦਾ ਹੈ ਜਿਹੜੀ ਪੰਜ ਸਾਲ ਤੋਂ ਵੀਹ ਸਾਲ ਦੇ ਵਿਚਕਾਰ ਉਮਰਾਂ ਦੀ ਹੁੰਦੀ ਹੈ ।-ਐਮਰਸਨ

2. The future will remain in the hands of those nations who are chaste.

ਆਉਣ ਵਾਲਾ ਸਮਾਂ ਉਨ੍ਹਾਂ ਕੌਮਾਂ ਦੇ ਹੱਥਾਂ ਵਿਚ ਰਹੇਗਾ ਜਿਹੜੀਆਂ ਜਤ ਸਤ ਵਾਲੀਆਂ ਹੋਣਗੀਆਂ । ਜੇਕਰ ਕਿਸੇ ਦੇਸ਼ ਦੇ ਨੌਜਵਾਨਾਂ ਦਾ ਜੀਵਨ ਪਵਿੱਤਰ ਤੇ ਉੱਚੇ ਦਰਜੇ ਦਾ ਹੋਵੇਗਾ ਤਾਂ ਉਹ ਦੇਸ਼ ਉੱਚਾ ਉੱਠੇਗਾ। ਜਤ ਸਤ ਵਾਲਾ ਜੀਵਨ ਹੀ ਕਿਸੇ ਦੇਸ਼ ਨੂੰ ਤਾਕਤਵਰ ਬਣਾਇਆ ਕਰਦਾ ਹੈ । ਜਿਹੜਾ ਦੇਸ਼ ਆਪਣੇ ਬੱਚਿਆਂ ਨੂੰ ਗੁਨਾਹ ਤੇ ਜ਼ੁਰਮ ਕਰਨ ਦੀ ਆਗਿਆ ਦਿੱਤਾ ਕਰਦਾ ਹੈ ਉਹ ਆਪਣੀਆਂ ਜੜ੍ਹਾਂ ਨੂੰ ਤੇਲ ਲੁਆ ਲਿਆ ਕਰਦਾ ਹੈ। ਮੈਂ ਉਸ ਦਰਦ ਨਾਲ ਹਰ ਬੱਚੇ ਦੇ ਜੀਵਨ ਵੱਲ ਤੱਕਦਾ ਹਾਂ ਜਿਸ ਦਰਦ ਨਾਲ ਕੋਈ ਮਾਤਾ ਆਪਣੇ ਬੱਚਿਆਂ ਦੀ ਸੁੱਖ ਮਨਾਇਆ ਕਰਦੀ ਹੈ; ਇਸ ਲਈ ਰੱਬ ਨੇ ਮੈਨੂੰ ਗ੍ਰਿਸਥ ਵਿਚ ਨਹੀਂ ਪੈਣ ਦਿੱਤਾ, ਤਾਂ ਜੋ ਮੇਰਾ ਆਪਣਾ ਬੱਚਾ ਕੋਈ ਨਾ ਹੋਵੇ ਅਤੇ ਮੈਂ ਸੰਸਾਰ ਦੇ ਸਾਰੇ ਬੱਚਿਆਂ ਨੂੰ ਆਪਣੇ ਬੱਚੇ ਸਮਝਣ ਲਈ ਮਜ਼ਬੂਰ ਹੋਵਾਂ । ਦੇਸ਼ ਦੇ ਸਾਰੇ ਬੱਚੇ ਸੋਚ ਲੈਣ ਕਿ ਉਨ੍ਹਾਂ ਦਾ ਮੇਰੇ ਵੱਲ ਕੀ ਕਰਤੱਵ ਹੈ । ਜਦੋਂ ਮੈਂ ਅੱਠਵੀਂ ਜਮਾਤ ਵਿਚ ਪੜ੍ਹਦਾ ਸਾਂ ਤਾਂ ਮੈਂ ਸਿਹਤ ਦੇ ਅਸੂਲਾਂ ਤੇ ਬਾਨ ਪ੍ਰਸਤੀ ਡਾਕਟਰ ਹਰਨਾਮ ਦਾਸ ਕਮਾਲੀਏ ਸ਼ਹਿਰ ਵਾਲਿਆਂ ਦਾ ਵਿਖਿਆਨ ਸੁਣਿਆ । ਮੈਨੂੰ ਪਤਾ ਲੱਗਿਆ ਸੀ ਕਿ ਉਸ ਸੰਤ ਡਾਕਟਰ ਨੇ ਆਪਣਾ ਜੀਵਨ ਸਕੂਲਾਂ ਦੇ ਬੱਚਿਆਂ ਨੂੰ ਪ੍ਰਚਾਰ ਕਰਨ ਲਈ ਅਰਪਣ ਕੀਤਾ ਹੋਇਆ ਸੀ । ਉਸ ਸੰਤ ਡਾਕਟਰ ਦੇ ਦਰਸ਼ਨ ਕਰਦਿਆਂ ਹੀ ਮੇਰੇ ਹਿਰਦੇ ਵਿਚ ਇਹ ਗੱਲ ਬੈਠ ਗਈ ਸੀ ਕਿ ਮੈਂ ਵੱਡਾ ਹੋ ਕੇ ਉਸ ਵਾਂਙ ਹੀ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਵਿਖਿਆਨ ਦੇ ਕੇ ਸਾਰਾ ਜੀਵਨ ਗੁਜ਼ਾਰਾਂ। ਵਾਹਿਗੁਰੂ ਦੀ ਅਪਾਰ ਕ੍ਰਿਪਾ ਹੋਈ ਕਿ ਮੇਰਾ ਜੀਵਨ ਇਸ ਕਾਰਜ ਦੀ ਤਿਆਰੀ ਵਿਚ ਲੰਘ ਗਿਆ ਤੇ ਮੈਂ ਕਾਲਜਾਂ ਵਿਚ ਵਿਖਿਆਨ ਦੇਣ ਦੇ ਯੋਗ ਬਣਿਆ । ਹਰ ਇਕ ਲੜਕਾ ਲੜਕੀ ਆਪਣੇ ਘਰ ਵਾਲਿਆਂ ਨੂੰ ਪ੍ਰੇਰੇ ਕਿ ਪਿੰਗਲਵਾੜੇ ਨੂੰ ਇਸ ਕਾਰਜ ਲਈ ਦਾਨ ਘੱਲਣ ਤੇ ਹੋਰਨਾਂ ਪਾਸੋਂ ਵੀ ਇਕੱਠਾ ਕਰਕੇ ਭੇਜਣ । ਵਿਦਿਆਰਥੀਆਂ ਨੂੰ ਆਪ ਵੀ ਲੱਕ ਬੰਨ੍ਹ ਕੇ ਇਸ ਕਾਰਜ ਲਈ ਪਿੰਗਲਵਾੜੇ ਨੂੰ ਮਾਇਆ ਇਕੱਠੀ ਕਰਕੇ ਭੇਜਣੀ ਚਾਹੀਦੀ ਹੈ।

-o-

### ਬੇ-ਆਸਰੇ, ਲੂਲ੍ਹੇ ਬੱਚਿਆਂ, ਅਪਾਹਿਜਾਂ ਤੇ ਰੋਗੀਆਂ ਦੀ

### ਸੇਵਾ ਸੰਭਾਲ ਕਰਦੇ ਹੋਏ

# ਮੇਰੀ ਸਾਰੀ ਉਮਰ ਦਾ ਕੁਆਰਾਪਨ

### ਮਨ ਦੀ ਪਵਿੱਤਰਤਾ ਨਾਲ ਕਿਵੇਂ ਨਿਭਿਆ

ਟੈਗੋਰ ਜੀ ਦੀਆਂ ਗੀਤਾਂਜਲੀ ਵਿਚ ਬਿਆਨ ਕੀਤੀਆਂ ਉੱਪਰ ਲਿਖੀਆਂ ਕਿਸਮਾਂ ਦੇ ਬੰਦਿਆਂ ਨਾਲ ਮੇਰਾ ਸਾਰੀ ਉਮਰ ਦਾ ਵਾਹ ੫੯ ਸਾਲਾਂ ਤੋਂ ਰਿਹਾ ਹੈ। ਮੈਂ ਇਕ ਲੂਲ੍ਹੇ ਨੂੰ ਪਿਛਲੇ ੪੭ ਸਾਲਾਂ ਤੋਂ ਉਸ ਦੇ ਬਚਪਨ ਦੇ ਸਮੇਂ ਤੋਂ ਸੰਭਾਲ ਰਿਹਾ ਹਾਂ । ਇਸ ਸਮੇਂ ਵਿਚ ਉਸ ਦਾ ਮੇਰਾ ਦਿਨ ਰਾਤ ਦਾ ਸਾਥ ਰਿਹਾ ਹੈ। ਮੈਂ ਆਪਣੀ ੨੪ ਸਾਲ ਦੀ ਉਮਰ ਵਿਚ ਮਰਨ-ਬਿਸਤਰੇ ’ਤੇ ਪਈ ਹੋਈ ਆਪਣੀ ਮਾਂ ਨਾਲ ਇਹ ਪ੍ਰਣ ਕਰ ਲਿਆ ਸੀ ਕਿ ਮੈਂ ਆਪਣੀ ਸਾਰੀ ਉਮਰ ਵਿਆਹ ਨਹੀਂ ਕਰਾਵਾਂਗਾ ਤੇ ਹਿਰਦੇ ਦੀ ਖੋਟੀ ਭਾਵਨਾ ਨਾਲ ਕਿਸੇ ਇਸਤਰੀ ਦੇ ਗੁੱਟ ਤਕ ਨੂੰ ਹੱਥ ਨਹੀਂ ਲਾਵਾਂਗਾ । ਉਸ ਪ੍ਰਣ ਨੂੰ ਮੈਂ ੭੮ ਸਾਲ ਦੀ ਉਮਰ ਤਕ ਜੇ ਪੂਰਨ ਸਫਲਤਾ ਨਾਲ ਨਿਭਾਇਆ ਹੈ ਤਾਂ ਉਸ ਦਾ ਵੱਡਾ ਕਾਰਣ ਉਸ ਲੂਲ੍ਹੇ ਦੇ ਮੈਨੂੰ ਹਰ ਵੇਲੇ ਦੇ ਦਰਸ਼ਨ ਹਨ । ਉਹ ਲੂਲ੍ਹਾ ਦੋਹਾਂ ਲੱਤਾਂ ਤੇ ਸੱਜੇ ਹੱਥ ਤੋਂ ਨਕਾਰਾ ਤੇ ਗੂੰਗਾ ਵੀ ਹੈ । ਉਹ ਕੇਵਲ ਦੋ ਚਾਰ ਸ਼ਬਦ ਹੀ ਆਪਣੇ ਮੂੰਹ ਵਿਚੋਂ ਬੋਲ ਸਕਦਾ ਹੈ । ਉਹ ਆਪਣੇ ਸਰੀਰ ਦੀ ਕੋਈ ਕਿਰਿਆ ਨਹੀਂ ਸੋਧ ਸਕਦਾ । ੧੯੩੦ ਵਿਚ ਆਪਣੀ ਮਾਤਾ ਦੇ ਮਰ ਜਾਣ ਪਿੱਛੋਂ ਮੈਂ ਸੰਸਾਰ ਵਿਚ ਇਕੱਲਾ ਰਹਿ ਗਿਆ ਸਾਂ । ਮੇਰਾ ਕੋਈ ਰਿਸ਼ਤੇਦਾਰ ਨਹੀਂ ਹੈ। ਮਤਰੇਈ ਮਾਂ ਦਾ ਪੁੱਤ (ਮੇਰਾ ਭਰਾ) ਹੀ ਮੇਰਾ ਇਕੋ ਇਕ ਰਿਸ਼ਤੇਦਾਰ ਸੀ । ਉਸ ਨੇ ਵੀ ਮੇਰੇ ਜੀਵਨ ਵਿਚ ਪਿਆਰ ਵਾਲੀ ਉਹ ਥਾਂ ਮੱਲ ਲਈ ਜਿਹੜੀ ਮੇਰੀ ਮਾਂ ਦੇ ਮਰ ਜਾਣ ਨਾਲ ਖ਼ਾਲੀ ਪਈ ਹੋਈ ਸੀ। ਲੂਲ੍ਹੇ ਦੇ ਪਾਲਣ ਨਾਲ ਮੈਨੂੰ ਜੋ ਰੂਹਾਨੀ ਪ੍ਰਸੰਨਤਾ ਪ੍ਰਾਪਤ ਹੋਈ ਹੈ ਉਸ ਨੂੰ ਮੈਂ ਸ਼ਬਦਾਂ ਨਾਲ ਬਿਆਨ ਨਹੀਂ ਕਰ ਸਕਦਾ । ਲੂਲ੍ਹੇ ਦੀ ਉਮਰ ਭਾਵੇਂ ੫੧ ਸਾਲ ਦੀ ਹੋਵੇਗੀ ਪਰ ਉਸ ਦੀ ਬੁੱਧੀ ਦਾ ਵਿਕਾਸ ੭ ਸਾਲ ਦੀ ਉਮਰ ਦੇ ਬੱਚੇ ਤੋਂ ਉਤਾਂਹ ਨਹੀਂ ਹੋਇਆ । ਇਸ ਲਈ ਉਹ ਮਾਨਸਿਕ ਤੌਰ ’ਤੇ ਬੱਚਾ ਹੀ ਹੈ ਤੇ ਉਸ ਦੀ ਬੋਲਚਾਲ ਤੇ ਹਰ ਹਰਕਤ ਬੱਚਿਆਂ ਵਾਲੀ ਹੈ । ਉਸ ਦੇ ਲੰਬੇ ਬਚਪਨ ਨੇ ਮੈਨੂੰ ਹਰ ਵੇਲੇ ਹੀ ਬੱਚਿਆਂ ਦੀ ਦੁਨੀਆਂ ਵਿਚ ਵਿਚਰਦਾ ਰੱਖਿਆ ਹੈ । ਉਸ ਦੀ ਬੱਚਿਆਂ ਵਾਲੀ ਹਰ ਵੇਲੇ ਦੀ ਸੰਗਤ ਨੇ ਮੇਰਾ ਸੁਭਾਅ



ਵੀ ਅਨੇਕਾਂ ਪੱਖਾਂ ਤੋਂ ਬੱਚਿਆਂ ਵਾਲਾ ਹੀ ਬਣਾਈ ਰੱਖਿਆ ਹੈ । ਉਸ ਦੀ ਸੇਵਾ ਕਰਦਿਆਂ ਹੋਇਆਂ ਮੇਰਾ ਜੀਵਨ ਹਿਰਦੇ ਦੀ ਅਗਾਧਿ ਮਸਤੀ ਵਿਚੋਂ ਲੰਘਦਾ ਰਿਹਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੇਠ ਲਿਖੀ ਤੁਕ ਇਹ ਗਵਾਹੀ ਦਿੰਦੀ ਹੈ ਕਿ ਬਾਲਾਂ ਵਾਲੀ ਨਿਰਛਲਤਾ ਵਾਲੀ ਬੁੱਧੀ ਵਾਲਾ ਬਣਿਆ ਰਹਿ ਕੇ ਬੰਦਾ ਬਹੁਤ ਸੁਖ ਪਾਉਂਦਾ ਹੈ ।

**“ਪਾਇਓ ਬਾਲ ਬੁਧਿ ਸੁਖੁ ਰੇ ॥”** **(ਅੰਗ ੨੧੪)**

(ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਬਦ)

ਜਦੋਂ ਲੂਲ੍ਹੇ ਨੂੰ ਮੇਰੇ ਪਾਸ ਆਏ ਨੂੰ ਤਿੰਨ ਕੁ ਸਾਲ ਹੀ ਹੋਏ ਸਨ ਤਾਂ ਇਕ ਵਾਰੀ ਉਹ ਮੋਹਰਕੇ ਤਾਪ ਨਾਲ ਬਿਮਾਰ ਹੋ ਗਿਆ ਸੀ । ਜਦੋਂ ਮੈਂ ਦੇਖਿਆ ਕਿ ਉਸ ਦਾ ਤਾਪ ਆਪਣੀ ਮਿਆਦ ਦੇ ਅੰਦਰ ਨਹੀਂ ਟੁੱਟ ਰਿਹਾ ਤਾਂ ਮੇਰੇ ਹਿਰਦੇ ਵਿਚ ਰੱਬ ਦੇ ਸੰਬੰਧ ਵਿਚ ਇਹ ਖ਼ਿਆਲ ਆਇਆ ਕਿ ਰੱਬਾ ਮੈਂ ਕਦੇ ਤੇਰੇ ਪਾਸੋਂ ਕੁਝ ਨਹੀਂ ਮੰਗਿਆ ਤੇ ਨਾ ਹੀ ਸਾਰੀ ਉਮਰ ਕੁਝ ਮੰਗਣਾ ਹੈ । ਰੱਬਾ ਮੰਗਦਾ ਤਾਂ ਮੈਂ ਤੇਰੇ ਪਾਸੋਂ ਹੁਣ ਵੀ ਕੁਝ ਨਹੀਂ ਹਾਂ ਪਰ ਮੇਰੇ ਹਿਰਦੇ ਵਿਚ ਇਹ ਇੱਛਿਆ ਜ਼ਰੂਰ ਪੈਦਾ ਹੋਈ ਹੈ ਕਿ ਜੇ ਤੂੰ ਇਸ ਲੂਲ੍ਹੇ ਬੱਚੇ ਦੇ ਖਿਡੌਣੇ ਨੂੰ ਜਿਉਂਦਾ ਰਹਿਣ ਦੇਵੇਂ ਤਾਂ ਮੈਂ ਇਹ ਬਚਨ ਦਿੰਦਾ ਹਾਂ ਕਿ ਮੈਂ ਆਪਣੇ ਜੀਵਨ ਵਿਚ ਭਾਵੇਂ ਕਿੰਨੀਆਂ ਹੀ ਸੰਸਾਰੀ ਦਾਤਾਂ ਤੇ ਪਦਾਰਥਾਂ ਤੋਂ ਵਾਂਝਿਆਂ ਰਹਿ ਜਾਵਾਂ, ਮੈਂ ਆਪਣੇ ਜੀਵਨ ਦੇ ਅੰਤ ਸਮੇਂ ਤਕ ਕਿਸੇ ਵੀ ਦਾਤ ਦੇ ਨਾ ਮਿਲਣ ਉੱਤੇ ਕੋਈ ਗਿਲਾ ਤੇਰੇ ਅੱਗੇ ਨਾ ਕਰਾਂਗਾ, ਭਾਵੇਂ ਉਹ ਦਾਤ ਕਿੱਡੀ ਵੱਡੀ ਤੋਂ ਵੱਡੀ ਤੇ ਵੱਧ ਤੋਂ ਵੱਧ ਮਨਮੋਹਣੀ ਕਿਉਂ ਨਾ ਹੋਵੇ । ਲੂਲ੍ਹੇ ਨੇ ਮੈਨੂੰ ਨਾ ਕੇਵਲ ਰੂਹਾਨੀ ਖ਼ੁਸ਼ੀ ਦਿੱਤੀ ਬਲਕਿ ਸੰਸਾਰਿਕ ਪਦਾਰਥਾਂ ਵੱਲੋਂ ਵੀ ਉਸ ਨੇ ਮੈਨੂੰ ਜੋ ਕੁਝ ਦੇਸ਼ ਤੇ ਦੁਨੀਆਂ ਦੇ ਲੋਕਾਂ ਪਾਸੋਂ ਦਿਵਾਇਆ ਹੈ ਉਸ ਦੀ ਮੈਂ ਮਹਿਮਾ ਬਿਆਨ ਨਹੀਂ ਕਰ ਸਕਦਾ । ਦੇਸ਼ ਦੀ ਵੰਡ ਦੇ ਦਿਨਾਂ ਵਿਚ ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ (ਪਾਕਿਸਤਾਨ) ਤੋਂ ਮੈਂ ੧੮ ਅਗਸਤ ੧੯੪੭ ਵਾਲੇ ਦਿਨ ਨਿਕਲਿਆ ਤੇ ਉਸੇ ਦਿਨ ਮੈਂ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਪੁੱਜ ਗਿਆ । ਪੈਸਾ ਸਾਰੀ ਉਮਰ ਨਾ ਮੈਂ ਕਮਾਇਆ ਤੇ ਨਾ ਹੀ ਜੋੜਿਆ ਹੈ । ਉਸ ਦਿਹਾੜੇ ਕੇਵਲ ਇਕ ਰੁਪਿਆ ਪੰਜ ਆਨੇ ਮੇਰੇ ਪਾਸ ਸਨ ਜਿਹੜੇ ਦੋ

ਚਾਰ ਦਿਨ ਪਹਿਲਾਂ ਹੀ ਮੈਨੂੰ ਕਿਸੇ ਬੰਦੇ ਨੇ ਪ੍ਰੇਮ ਨਾਲ ਦਿੱਤੇ ਸਨ। ਪਿੱਠ 'ਤੇ ਲੂਲ੍ਹਾ ਚੁੱਕ ਕੇ ਪੁਸਤਕਾਂ ਦਾ ਬਸਤਾ ਤੇ ਲੋਹੇ ਦਾ ਬਾਟਾ ਹੱਥ ਵਿਚ ਲੈ ਕੇ ਤਨ ਦੇ ਦੋ ਕੱਪੜਿਆਂ ਨਾਲ ਮੈਂ ਗੁਰੂ ਕੀ ਨਗਰੀ ਵਿਚ ਪੁੱਜਿਆ ਸਾਂ । ਡੇਢ ਸਾਲ ਮੈਂ ਗੁਰੂ ਕੀ ਨਗਰੀ ਦੀਆਂ ਸੜਕਾਂ ਦੇ ਕੰਢਿਆਂ 'ਤੇ ਡੇਰਾ ਲਾ ਕੇ ਲੂਲ੍ਹੇ ਬੱਚਿਆਂ ਤੇ ਅਪਾਹਿਜਾਂ ਦੀ ਸੇਵਾ ਕਰਦਾ ਰਿਹਾ । ਅੱਜ ੩੪ ਸਾਲਾਂ ਦੇ ਸਮੇਂ ਵਿਚ ਮੇਰੇ ਕਾਰਜ ਦਾ ਆਮਦਨ ਖ਼ਰਚ ਢਾਈ ਲੱਖ ਰੁਪਏ ਮਹੀਨੇ ਤੋਂ ਉੱਪਰ ਜਾ ਰਿਹਾ ਹੈ । ਗ੍ਰਿਸਥੀ ਅਮੀਰ ਗ਼ਰੀਬ ਦੋਵੇਂ ਜੋ ਪਦਾਰਥ ਆਪਣੇ ਘਰਾਂ ਵਿਚ ਛੱਕਦੇ ਹਨ ਉਹੀ ਪਦਾਰਥ ਉਹ ਸਾਡੇ ਲਈ ਲੈ ਕੇ ਆਉਂਦੇ ਹਨ। ਕਿਸੇ ਗੱਲ ਦਾ ਫ਼ਰਕ ਸਾਡੇ ਨਾਲ ਉਹ ਦਾਨ ਦੇ ਸੰਬੰਧ ਵਿਚ ਨਹੀਂ ਰਹਿਣ ਦਿੰਦੇ।

ਲਾਹੌਰ ਸ਼ਹਿਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਰਹਿੰਦਿਆਂ ਹੋਇਆਂ ਜਦੋਂ ਮੈਂ ਮਰਨ ਵਾਲੇ ਬੁੱਢੇ ਬੁੱਢੀਆਂ ਦੀਆਂ ਅਖ਼ੀਰਲੇ ਵੇਲੇ ਦੀਆਂ ਮਰੋੜਾਂ ਵਾਲੀਆਂ ਟੱਟੀਆਂ ਸਾਰਾ ਸਾਰਾ ਦਿਨ ਧੋਇਆ ਕਰਦਾ ਸਾਂ ਤਾਂ ਮੈਨੂੰ ਰੂਹਾਨੀ ਖ਼ੁਸ਼ੀ ਮਿਲਿਆ ਕਰਦੀ ਸੀ । ਉਹ ਖ਼ੁਸ਼ੀ ਅਜਿਹੇ ਉੱਚੇ ਦਰਜੇ ਦੀ ਹੁੰਦੀ ਸੀ ਕਿ ਉਹ ਮੇਰਾ ਖ਼ਿਆਲ ਨੀਵੇਂ ਦਰਜੇ ਦੀਆਂ ਖ਼ੁਸ਼ੀਆਂ ਵੱਲ ਨਹੀਂ ਜਾਣ ਦਿੰਦੀ ਸੀ । ਜਦੋਂ ਮੈਂ ਸੰਨ ੧੯੨੪ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਲੰਗਰ ਦੀ ਸੇਵਾ ਆਰੰਭ ਕੀਤੀ ਤਾਂ ਜਿਸ ਗੱਲ ਨੇ ਮੇਰਾ ਹਿਰਦਾ ਉਸ ਸੇਵਾ ਵੱਲ ਵਧੇਰੇ ਖਿੱਚਿਆ ਉਹ ਅਧਰੰਗ ਵਾਲਾ ਇਕ ਬੰਦਾ ਸੀ ਜਿਹੜਾ ਲੰਗੜਾਅ-ਲੰਗੜਾਅ ਕੇ ਤੁਰਦਾ-ਤੁਰਦਾ ਅੱਧਾ ਮੀਲ ਦੀ ਦੂਰੀ ਤੋਂ ਲੰਗਰ ਨੂੰ ਦੋਵੇਂ ਵੇਲੇ ਆਇਆ ਕਰਦਾ ਸੀ । ਲੰਗਰ ਦੇ ਵੇਲੇ ਉਸ ਨੂੰ ਮੈਂ ਪ੍ਰਤੀ-ਦਿਨ ਦਿਲ ਦੇ ਬੜੇ ਦਰਦ ਨਾਲ ਉਡੀਕਿਆ ਕਰਦਾ ਸਾਂ ਤੇ ਉਸ ਨੂੰ ਪ੍ਰਸ਼ਾਦਾ ਦੇ ਕੇ ਆਪਣੀ ਸੋਹਣੀ ਜਵਾਨੀ ਤੇ ਤੰਦਰੁਸਤੀ ਲਈ ਰੱਬ ਦਾ ਲੱਖ ਲੱਖ ਸ਼ੁਕਰ ਕਰਦਾ ਸਾਂ।

ਗੁਰਦੁਆਰੇ ਵਿਚ ਸੰਗਤਾਂ ਦੇ ਇਸ਼ਨਾਨ ਲਈ ਹਲਟ ਦਾ ਝੋਟਾ ਹਿੱਕਣਾ, ਪ੍ਰਸ਼ਾਦਾ ਛੱਕਣ ਵਾਲੇ ਮੁਸਾਫ਼ਿਰਾਂ ਦਾ ਸਾਰਾ ਦਿਨ ਖ਼ਿਆਲ ਰੱਖਣਾ, ਗੁਰਦੁਆਰੇ ਵਿਚ ਲੰਗਰ ਵਰਤਾਉਣਾ, ਗੁਰਦੁਆਰੇ ਦਾ ਫ਼ਰਸ਼ ਧੋਣਾ, ਸੰਗਤਾਂ ਦੇ ਜੂਠੇ ਭਾਂਡੇ ਮਾਂਜਣਾ, ਬਹੁਕਰ ਦੇਣਾ, ਮੁਸਾਫ਼ਿਰਾਂ ਵਿਚੋਂ ਪ੍ਰਸ਼ਾਦਾ ਛੱਕਣ ਲਈ ਆਏ ਕਿਸੇ ਮੁਸਾਫ਼ਿਰ ਨੂੰ ਭੁੱਖਾ ਨਾ ਮੁੜਨ ਦੇਣਾ ਤੇ



ਅਪਾਹਿਜਾਂ ਦੀ ਸੇਵਾ ਸੰਭਾਲ ਆਪ ਕਰਨੀ ਰੋਗੀਆਂ ਦਾ ਇਲਾਜ ਹਸਪਤਾਲ ਤੋਂ ਕਰਵਾਉਣਾ, ਵਿਦਿਆਰਥੀਆਂ ਦੇ ਦੁੱਖ ਸੁਣਨੇ, ਉਨ੍ਹਾਂ ਦੀ ਸਹਾਇਤਾ ਆਪ ਵੀ ਕਰਨੀ ਤੇ ਸ਼ਹਿਰ ਦੇ ਬੰਦਿਆਂ ਪਾਸੋਂ ਵੀ ਕਰਵਾਉਣੀ, ਗੁਰਬਾਣੀ ਦਾ ਕੀਰਤਨ ਸੁਣਨਾ,ਸ਼ਬਦ ਪੜ੍ਹਨੇ । ਜਦੋਂ ਗੁਰੂ ਕੀ ਸੰਗਤ ਸ਼ਹਿਰ ਦੇ ਸਾਰੇ ਗੁਰਦੁਆਰਿਆਂ ਦੀ ਯਾਤਰਾ ਹਰ ਐਤਵਾਰ ਵਾਰੀ ਵਾਰੀ ਕਰਨ ਜਾਂਦੀ ਸੀ, ਮੈਂ ਨਿਸ਼ਾਨ ਸਾਹਿਬ ਹੱਥ ਵਿਚ ਫੜ ਕੇ ਸੰਗਤ ਦੇ ਅੱਗੇ ਅੱਗੇ ਤੁਰਿਆ ਕਰਦਾ ਸਾਂ। ਅਜਿਹੇ ਕਾਰਜ ਸਨ ਜਿਨ੍ਹਾਂ ਨੂੰ ਮੈਂ ਹੱਸਦਾ-ਖੇਡਦਾ ਤੇ ਹਿਰਦੇ ਦੀਆਂ ਭਾਰੀਆਂ ਖ਼ੁਸ਼ੀਆਂ ਮਾਣਦਾ ਹੋਇਆ ਜਾਗਣ ਦੇ ਵੇਲੇ ਤਕ ਰੁੱਝਿਆ ਰਹਿੰਦਾ ਸਾਂ ।

ਜਿਹੜੇ ਲਵਾਰਸ ਰੋਗੀ ਗੁਰਦੁਆਰੇ ਨੂੰ ਆਇਆ ਕਰਦੇ ਉਨ੍ਹਾਂ ਨੂੰ ਇਲਾਜ ਲਈ ਮੈਂ ਸ਼ਹਿਰ ਦੇ ਵੱਖ ਵੱਖ ਹਸਪਤਾਲਾਂ ਨੂੰ ਲੈ ਜਾਇਆ ਕਰਦਾ ਸਾਂ, ਪਰ ਹਸਪਤਾਲਾਂ ਵਿਚ ਦਾਖ਼ਲਾ ਤਾਂ ਕਿਸੇ ਵਿਰਲੇ ਰੋਗੀ ਨੂੰ ਹੀ ਮਿਲਦਾ ਸੀ , ਨਹੀਂ ਤਾਂ ਰੋਗੀ ਦੀ ਮਰਹਮ ਪੱਟੀ ਹੋ ਜਾਣ ਪਿੱਛੋਂ ਮੋੜ ਕੇ ਲਿਆਉਣਾ ਪੈਂਦਾ ਹੈ, ਫਿਰ ਮੁੜ ਕੇ ਅਗਲੇ ਦਿਨ ਫੇਰ ਹਸਪਤਾਲ ਨੂੰ ਲੈ ਕੇ ਜਾਣਾ ਪੈਂਦਾ ਸੀ । ਅਜਿਹੇ ਰੋਗੀ ਜਦ ਤਕ ਰਾਜ਼ੀ ਨਾ ਹੋ ਜਾਇਆ ਕਰਦੇ ਤਦ ਤਕ ਮੈਂ ਉਨ੍ਹਾਂ ਦੀ ਸੇਵਾ ਸੰਭਾਲ ਆਪ ਕਰਿਆ ਕਰਦਾ ਸਾਂ , ਜਿਹੜੇ ਬੁਢਾਪਾ, ਸਰੀਰ ਦੀ ਕਮਜ਼ੋਰੀ ਜਾਂ ਰੋਗਾਂ ਦੇ ਕਾਰਣ ਮਰਨ ਬਿਸਤਰਿਆਂ 'ਤੇ ਪਏ ਹੋਏ ਹੁੰਦੇ ਸਨ ।

ਮਰੇ ਹੋਏ ਲਵਾਰਸ ਰੋਗੀਆਂ ਤੇ ਅਪਾਹਿਜਾਂ ਦੀਆਂ ਲਾਸ਼ਾਂ ਦਾ ਇਸ਼ਨਾਨ ਵੀ ਮੈਂ ਕਰਾਇਆ ਕਰਦਾ ਸਾਂ ਤੇ ਉਨ੍ਹਾਂ ਨੂੰ ਸਾੜਨ ਲਈ ਮੈਂ ਉਹਨਾਂ ਨੂੰ ਮਸਾਣਾਂ ਨੂੰ ਵੀ ਲਿਜਾਇਆ ਕਰਦਾ ਸਾਂ । ਇਕ ਬੁੱਢੇ ਤੇ ਇਕ ਲੋਥ ਨੂੰ ਵੇਖ ਕੇ ਮਹਾਤਮਾ ਬੁੱਧ ਨੇ ਤਾਂ ਆਪਣੀ ਚੜ੍ਹਦੀ ਜਵਾਨੀ ਦਾ ਗ੍ਰਿਸਥ ਤਿਆਗ ਦਿੱਤਾ ਸੀ ਪਰ ਮੈਨੂੰ ਤਾਂ ਉਹਨਾਂ ਦੀ ਸੇਵਾ ਤੇ ਹੋਰ ਅਨੇਕ ਪ੍ਰਕਾਰ ਦੀ ਸੇਵਾ ਨੇ ਗ੍ਰਿਸਥ ਵਿਚ ਵੜਨ ਦਾ ਖ਼ਿਆਲ ਤਕ ਨਾ ਕਰਨ ਦਿੱਤਾ; ਕਿਉਂਕਿ ਮੇਰਾ ਵਿਆਹ ਦੇਸ਼ ਤੇ ਪ੍ਰਾਣੀ-ਮਾਤਰ ਦੀ ਅਨੇਕ ਪ੍ਰਕਾਰ ਦੀ ਸੇਵਾ ਨਾਲ ਹੋ ਗਿਆ ਸੀ ।

ਲੂਲ੍ਹੇ ਨੂੰ ਜਦੋਂ ਮੈਂ ਸੱਜੀ ਬਾਂਹ ਦੇ ਗੁੱਟ ਤੋਂ ਮੁੜੇ ਹੋਏ ਹੱਥ ਤੇ ਦੋਹਾਂ ਲੱਤਾਂ ਤੋਂ ਨਕਾਰਾ ਦੇਖਦਾ ਹਾਂ ਤਾਂ ਮੇਰਾ ਹਿਰਦਾ ਹਲੂਣਾ ਖਾ ਜਾਂਦਾ ਹੈ ਤੇ

ਉਸ ਦੀਆਂ ਬੇਵੱਸੀਆਂ ਦੇ ਦਰਸ਼ਨਾਂ ਤੋਂ ਪ੍ਰੇਰਿਤ ਹੋ ਕੇ ਮੇਰਾ ਮਨ ਇਤਨਾ ਉੱਚਾ ਉੱਠ ਜਾਂਦਾ ਹੈ ਕਿ ਕੋਈ ਨੀਵਾਂ ਖ਼ਿਆਲ ਉਸ ਸਮੇਂ ਮੇਰੇ ਹਿਰਦੇ ਵਿਚ ਨਹੀਂ ਟਿਕ ਸਕਦਾ ਤੇ ਰੱਬ ਨੂੰ ਯਾਦ ਕਰਦਿਆਂ ਹਿਰਦਾ ਪਵਿੱਤਰ ਹੋ ਜਾਂਦਾ ਹੈ । ਪਿਛਲੇ ੪੭ ਸਾਲਾਂ ਦੇ ਸਮੇਂ ਵਿਚ ਦਿਨ ਰਾਤ ਲੂਲ੍ਹੇ ਦੀ ਸੇਵਾ ਸੰਭਾਲ ਕਰਦਿਆਂ ਤੇ ਉਸ ਦੀਆਂ ਮਜਬੂਰੀਆਂ ਤੇ ਬੇਵੱਸੀਆਂ ਨੂੰ ਵੇਖਦਿਆਂ ਮੇਰੇ ਸੇਵਾ ਦੇ ਚਾਅ ਵਿਚ ਵਾਧਾ ਹੋਇਆ ਹੈ । ਇਸ ਤੋਂ ਮਨ ਦੀ ਪਵਿੱਤਰਤਾ ਸੁੱਤੇ ਹੀ ਉਪਜੀ ਹੈ । ਪਵਿੱਤਰਤਾ ਦੀ ਇਹ ਦਾਤ ਮੈਨੂੰ ਵਾਹਿਗੁਰੂ ਦੀ ਆਪਾਰ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੋਈ ਹੈ ਤੇ ਹੁਣ ਅੱਖਾਂ ਦੇ ਹੰਝੂਆਂ ਨਾਲ ਹੀ ਮੈਂ ਇਸ ਦੇ ਅਨੰਦ ਨੂੰ ਵਾਹਿਗੁਰੂ ਦਾ ਲੱਖ ਲੱਖ ਧੰਨਵਾਦ ਕਰਦਿਆਂ ਬਿਆਨ ਕਰ ਸਕਦਾ ਹਾਂ । ਆਪਣੀ ਮਾਂ ਨਾਲ ਕੀਤੀ ਹੋਈ ਪ੍ਰਤਿੱਗਿਆ ਕਿ ਮੈਂ ਸਾਰੀ ਉਮਰ ਵਿਆਹ ਨਹੀਂ ਕਰਾਵਾਂਗਾ ਕਿਉਂਕਿ ਮੈਂ ਆਪਣੇ ਜੀਵਨ ਨੂੰ ਹੀਣਿਆਂ ਦੀ ਸੇਵਾ ਵਿਚ ਅਰਪਣ ਕਰਨਾ ਹੈ, ਦੀ ਸਹੀ ਸਮਝ ਵੀ ਹੁਣ ਹੀ ਮੈਨੂੰ ਪਈ ਹੈ । ਮੈਂ ਕਿਸੇ ਸਿਧਾਂਤ ਦੀ ਵਿਆਖਿਆ ਨਹੀਂ ਕਰ ਰਿਹਾ ਸਗੋਂ ਆਪਣਾ ਨਿੱਜੀ ਤਜਰਬਾ ਦੱਸ ਰਿਹਾ ਹਾਂ ।

## ਡਾਕਟਰੀ ਵਿਦਿਆ ਦੀ ਉੱਨਤੀ ਦਾ ਅਬਾਦੀ ਦੇ ਵਾਧੇ 'ਤੇ ਪ੍ਰਭਾਵ

ਅੱਜ ਤੋਂ ਸਵਾ ਕੁ ਸੌ ਸਾਲ ਪਹਿਲਾਂ ਦੁਨੀਆਂ ਵਿਚ ਜਿੰਨੇ ਭੀ ਬੱਚੇ ਜੰਮਦੇ ਸਨ ਉਨ੍ਹਾਂ ਵਿਚੋਂ ਅੱਧੇ ਰੋਗਾਂ ਨਾਲ ਮਰ ਜਾਂਦੇ ਸਨ ; ਪ੍ਰੰਤੂ ਉਸ ਤੋਂ ਪਿੱਛੋਂ ਦਵਾਈ ਦੀ ਸਾਇੰਸ ਉੱਨਤੀ ਕਰਦੀ ਗਈ ਤੇ ਰੋਗ ਉਸ ਦੀ ਉੱਨਤੀ ਨਾਲ ਕਾਬੂ ਵਿਚ ਆਉਂਦਾ ਗਿਆ । ਸਾਇੰਸ ਦੀ ਉੱਨਤੀ ਨਾਲ ਬੱਚਿਆਂ ਦੀ ਮੌਤ ਦੀ ਔਸਤ ਘਟਦੀ ਗਈ । ਦਵਾਈਆਂ ਦੀ ਸਾਇੰਸ ਦੀ ਉੱਨਤੀ ਤੋਂ ਪਹਿਲਾਂ ਦੁਨੀਆਂ ਦੀ ਅਬਾਦੀ ਨੂੰ ਇਕ ਅਰਬ ਤਕ ਪੁੱਜਣ ਲਈ ੫੦੦੦ ਸਾਲਾਂ ਦਾ ਸਮਾਂ ਲੱਗਾ । ਉਸ ਤੋਂ ਪਿੱਛੋਂ ਦਵਾਈਆਂ ਦੀ ਸਾਇੰਸ ਆਪਣੀਆਂ ਕਰਾਮਾਤਾਂ ਕਰਨ ਲੱਗੀ । ਉਸ ਦੇ ਕਾਰਨ ਬੱਚਿਆਂ ਦੀ ਮੌਤ ਦੀ ਸ਼ਰ੍ਹਾ ਘਟਣ ਲੱਗੀ ਤੇ ਬੰਦੇ ਦੀ ਔਸਤ ਉਮਰ ਵਧਣ ਲੱਗੀ । ਦਵਾਈ ਦੀ ਸਾਇੰਸ ਦੀ ਉੱਨਤੀ ਦਾ ਇਹ ਨਤੀਜਾ ਨਿਕਲਿਆ ਕਿ ਅਬਾਦੀ ਦੇ ਇਕ ਅਰਬ ਤੋਂ ਦੋ ਅਰਬ ਤਕ ਹੋ ਜਾਣ ਵਿਚ ੫੦੦੦ ਸਾਲਾਂ ਦੀ ਥਾਂ ੧੯੨੦ ਤਕ ਕੇਵਲ ਸੌ ਸਾਲਾਂ ਦਾ ਸਮਾਂ ਹੀ ਲੱਗਿਆ । ਦੋ ਅਰਬ ਦੀ ਅਬਾਦੀ ਤੋਂ ੩ ਅਰਬ ਤਕ



ਪੁੱਜਣ ਵਿਚ ਮਸਾਂ ੫੦ ਕੁ ਸਾਲ ਹੀ ਲੱਗੇ ਹਨ ।

ਜੇਕਰ ਮਨੁੱਖ-ਜਾਤੀ ਨੇ ਇਸ ਵੇਲੇ ਅਬਾਦੀ ਤੇ ਖ਼ੁਰਾਕ ਦੀ ਇਸ ਨਵੀਂ ਹਾਲਤ ਉੱਤੇ ਧਿਆਨ ਨਾ ਦਿੱਤਾ ਤਾਂ ਉਹ ਭਿਆਨਕ ਸਜ਼ਾਵਾਂ ਪਾਉਣ ਤੋਂ ਨਾ ਬਚ ਸਕੇਗੀ । ਕੁਦਰਤ ਨੇ ਜਦੋਂ ਮਨੁੱਖ ਨੂੰ ਪੈਦਾ ਕੀਤਾ ਸੀ ਤਾਂ ਉਸ ਵੇਲੇ ਉਸ ਨੇ ਇਸ ਗੱਲ ਦਾ ਕੋਈ ਪ੍ਰਬੰਧ ਨਹੀਂ ਕੀਤਾ ਸੀ ਕਿ ਜਿਹੜਾ ਬੰਦਾ ਜਨਮ ਲੈ ਲਵੇਗਾ ਉਸ ਨੂੰ ਰੋਟੀ ਕੱਪੜਾ ਤੇ ਜੀਵਨ ਨਿਰਬਾਹ ਦੇ ਹੋਰ ਸਾਰੇ ਜ਼ਰੂਰੀ ਸਾਧਨ ਹਰ ਸੂਰਤ ਵਿਚ ਮਿਲਣਗੇ ਭਾਵੇਂ ਉਹ ਅਕਲ ਨਾਲ ਜੀਵਨ ਬਤੀਤ ਕਰੇ ਭਾਵੇਂ ਬੇਅਕਲੀ ਨਾਲ । ਸੰਸਾਰ ਦੇ ਕਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਅਨੇਕਾਂ ਕਾਲ ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਆਉਂਦੇ ਰਹੇ ਹਨ ਜਿਨ੍ਹਾਂ ਵਿਚ ਬੰਦੇ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਮਰਦੇ ਰਹੇ ਹਨ । ਭਾਰਤ ਵਿਚ ਪਿਛਲੇ ਸੌ ਸਾਲ ਦੇ ਸਮੇਂ ਵਿਚ ਤੀਹ ਦੇ ਲਗਪਗ ਕਾਲ ਆਏ ਜਿਨ੍ਹਾਂ ਕਾਲਾਂ ਵਿਚ ਲੱਖਾਂ ਆਦਮੀ ਖੇਤੀ ਵਾਲੇ ਬੈਲ ਤੇ ਦੁੱਧ ਦੇਣ ਵਾਲੀਆਂ ਗਊਆਂ, ਮੱਝਾਂ ਸਭ ਕੀੜਿਆਂ ਵਾਂਙ ਮਰੇ । ਕਾਲਾਂ ਦੇ ਉਹਨਾਂ ਸਮਿਆਂ ਵਿਚ ਲੋਕਾਂ ਨੂੰ ਆਪਣੇ ਘਰਾਂ ਤੋਂ ਉੱਜੜ ਕੇ, ਪਾਣੀ ਤੇ ਅੰਨ ਦੀ ਢੂੰਡ ਵਿਚ ਸੈਂਕੜੇ ਮੀਲਾਂ ਦੀ ਦੂਰੀ 'ਤੇ ਨਵੀਆਂ ਥਾਵਾਂ 'ਤੇ ਆਉਣਾ ਪਿਆ । ਔੜ ਦਾ ਸਮਾਂ ਲੰਘ ਜਾਣ ਪਿੱਛੋਂ ਬੈਲਾਂ ਦੇ ਮਰ ਜਾਣ ਕਾਰਨ ਉਹ ਬੰਦੇ ਮੁੜ ਕੇ ਖੇਤੀ ਦੇ ਕਿੱਤੇ ਨੂੰ ਵੀ ਦੋਬਾਰਾ ਆਰੰਭ ਨਾ ਕਰ ਸਕੇ । ਬੰਦੇ ਦੀ ਸ਼ਾਨ ਇਸ ਵਿਚ ਹੈ ਕਿ ਉਹ ਇਸ ਸੰਸਾਰ ਵਿਚ ਆਪਣੇ ਜੀਵਨ ਨੂੰ ਆਪਣੀ ਅਕਲ ਨਾਲ ਕਿਸੇ ਵਿਉਂਤ-ਬੰਦੀ ਵਿਚ ਲਿਆਵੇ ਤਾਂ ਜੋ ਉਹ ਉਨ੍ਹਾਂ ਦੁੱਖਾਂ ਆਪੱਤੀਆਂ ਤੇ ਬਿਨ ਆਈਆਂ ਮੌਤਾਂ ਤੋਂ ਬਚ ਸਕੇ ਜਿਹੜੀਆਂ ਬੇ-ਨਿਯਮਾਂ ਤੇ ਬੇਮਰਯਾਦਾ ਜੀਵਨ ਬਤੀਤ ਕਰਨ ਤੋਂ ਆਇਆ ਕਰਦੀਆਂ ਹਨ । ਵਿਆਹ ਕਰਾਉਣਾ ਬੁਰਾ ਨਹੀਂ, ਸੰਸਾਰ ਵੱਸਦਾ ਹੀ ਰਹਿਣਾ ਚਾਹੀਦਾ ਹੈ ਪਰ ਵਿਆਹ ਦੇ ਸੰਬੰਧ ਵਿਚ ਜਿਹੜੀ ਗੱਲ ਹਰ ਇਕ ਜਣੇ ਨੇ ਸੋਚਣੀ ਹੈ ਉਹ ਇਹ ਹੈ ਕਿ ਉਸ ਦਾ ਕੰਮ ਕੇਵਲ ਵਿਆਹ ਕਰਾਉਣਾ ਤੇ ਬੱਚੇ ਪੈਦਾ ਕਰਨਾ ਹੀ ਹੈ ਜਾਂ ਇਹ ਸੋਚਣਾ ਵੀ ਕਿ ਜਿਹੜੇ ਬੱਚੇ ਉਹ ਪੈਦਾ ਕਰੇਗਾ ਉਨ੍ਹਾਂ ਬੱਚਿਆਂ ਲਈ ਲੋੜ ਅਨੁਸਾਰ ਪ੍ਰਸ਼ਾਦੇ, ਕੱਪੜੇ ਤੇ ਮਕਾਨ ਦਾ ਵੀ ਕੋਈ ਪ੍ਰਬੰਧ ਹੋ ਸਕੇਗਾ ਜਾਂ ਨਹੀਂ, ਇਹ ਸੋਚਣਾ ਵੀ ਕਿ ਜੇਕਰ ਉਸ ਪ੍ਰਬੰਧ ਵਿਚ ਕੋਈ ਨੁਕਸ ਹੋਵੇ ਤਾਂ ਉਹ ਕਿਸ ਢੰਗ ਨਾਲ ਦੂਰ ਹੋ ਸਕਦਾ ਹੈ ਤੇ ਉਸ ਨੁਕਸ ਨੂੰ ਦੂਰ ਕਰਨ ਲਈ ਉਸ ਦਾ ਕੀ ਕਰਤੱਵ ਹੈ ?

ਮਨੁੱਖ ਨੂੰ ਅਨੇਕਾਂ ਵਾਰ ਧਰਮ ਦੀ ਖ਼ਾਤਰ ਵਿਆਹ ਕਰਾਉਣਾ ਛੱਡਣਾ ਪਿਆ ਕਰਦਾ ਹੈ । ਜੰਮੇ ਹੋਏ ਪਰ ਰੁਲ ਰਹੇ ਬੱਚਿਆਂ ਦੀਆਂ ਜਾਨਾਂ ਨੂੰ ਬਚਾਉਣ ਦੀ ਖ਼ਾਤਰ ਬ੍ਰਹਮਚਾਰੀ ਰਹਿਣਾ ਗ੍ਰਿਸਥ ਦੀ ਸੰਸਥਾ ਅੱਗੇ ਪੂਜਾ ਦੇ ਭਾਵ ਨਾਲ ਸਿਰ ਝੁਕਾਉਣਾ ਹੈ । ਗ੍ਰਿਸਥ ਦੀ ਉਹ ਸੰਸਥਾ ਜਿਸ ਤੋਂ ਅਸੀਂ ਸਾਰੇ ਜਨਮ ਲੈਂਦੇ ਹਾਂ ਜੇਕਰ ਕਿਸੇ ਵੇਲੇ ਆਪਣੇ ਸਤਿਕਾਰ ਤੇ ਆਪਣੀ ਸ਼ਾਨ ਨੂੰ ਉੱਚਾ ਕਰਨ ਲਈ ਸਾਨੂੰ ਵਿਆਹ ਕਰਵਾਉਣ ਤੋਂ ਰੋਕੇ ਤਾਂ ਅਜਿਹਾ ਕਰਕੇ ਹੀ ਅਸੀਂ ਉਸਦਾ ਰਿਣ ਉਤਾਰ ਸਕਦੇ ਹਾਂ । ਜੇਕਰ ਭੁੱਖ ਨਾਲ ਮਰ ਰਹੇ ਦੇਸ਼ ਦੇ ਲੱਖਾਂ ਬਾਲਾਂ ਦੇ ਹੁੰਦਿਆਂ ਹੋਇਆਂ ਬੇਨਿਯਮ ਤੇ ਬੇਮਰਯਾਦਾ ਢੰਗਾਂ ਨਾਲ ਨਵੇਂ ਬੱਚੇ ਅੰਨ੍ਹੇਵਾਹ ਪੈਦਾ ਕੀਤੇ ਜਾਂਦੇ ਰਹੇ ਤਾਂ ਉਹ ਵੀ ਭੁੱਖ ਨਾਲ ਬਿਨ ਆਈਆਂ ਮੌਤਾਂ ਮਰਨ ਤੋਂ ਨਾ ਬਚ ਸਕਣਗੇ । ਹਾਲਾਤ ਨੂੰ ਠੀਕ ਰੱਖਣ ਤੇ ਉੱਨਤ ਕਰਨ ਲਈ ਰੱਜੇ ਪੁੱਜੇ ਘਰਾਂ ਦੇ ਅਨੇਕਾਂ ਨੌਜਵਾਨਾਂ ਨੂੰ ਦੇਸ਼ ਤੇ ਸੰਸਾਰ ਦੀਆਂ ਸਮੱਸਿਆਵਾਂ ਦੀ ਖੋਜ ਤੇ ਉਸ ਖੋਜ ਦੇ ਪ੍ਰਚਾਰ ਲਈ ਜੀਵਨ ਅਰਪਣ ਕਰਨਾ ਪਵੇਗਾ ।

-o-



# ਜੀਵਨ ਖੇਡਾਂ

"ਪ੍ਰਾਰਥਨਾ ਸ਼ਕਤੀ ਹੈ,ਇਹ ਓਨੀ ਹੀ ਸੱਚ ਹੈ ਜਿੰਨੀ ਧਰਤੀ ਦੀ ਕਸ਼ਿਸ਼ (ਖਿੱਚ) ਸੱਚ ਹੈ । ਡਾਕਟਰ ਦੀ ਹੈਸੀਅਤ ਵਿਚ, ਮੈਂ ਬੰਦਿਆਂ ਨੂੰ ਪ੍ਰਾਰਥਨਾ ਦੇ ਸ਼ਾਂਤੀ ਭਰੇ ਯਤਨ ਨਾਲ, ਰੋਗ ਅਤੇ ਉਦਾਸੀ 'ਚੋਂ ਨਿਕਲਦਿਆਂ ਦੇਖਿਆ ਹੈ, ਜਦੋਂ ਕਿ ਉਹਨਾਂ ਦੇ ਹੋਰ ਸਭ ਇਲਾਜ ਅਸਫਲ ਹੋ ਚੁੱਕੇ ਹੋਏ ਸਨ ।"



## Self-Control

I have been asked to say a few words about Brahmcharya. There are some subjects which I occasionally discuss in the pages of Navajivan, but which I rarely deal with in my speeches, Brahmcharya is one of these. I hardly ever speak about it, as I know that it can't be explained by words and is a very difficult subject. You wish me to speak about Brahmcharya in the general restricted acceptance of the term, not about Brahmcharya with the wider significance of control of all the senses. Even observance of Brahmcharya as ordinarily understood is described in the Shastras as a hard task. This is true in the main, but I may be permitted to make a few observances which point the other way. Brahmcharya appears to be difficult because we don't control the other senses. Take for example, the organ of taste which leads the rest. Brahmcharya will come easy to anyone who controls his palate. Zoologists tell us that Brahmcharya is observed by the lower animals, as for instance cattle, to a greater extent than by human beings, and this is a fact. The reason is that cattle have prefect control over the palate, not by will but by instinct. They subsist on mere fodder, and of this too, they take a quantity just sufficient for nutrition. They eat to live, do not live to eat, while our case is just the reverse. The mother pampers her child with all kinds of delicacies. She believes that she can evince her love only by feeding the child to the utmost. By doing this she does not enhance the child's enjoyment of his food, but on the other hand makes everything insipid and disgusting for him. The taste depends upon hunger. Even

sweets will not be as tasteful to one who is not hungry as a slice of dry bread is to another who is really so. We prepare food in various ways with a variety of spices in order to be able to load the stomach and wonder when we find Brahmcharya difficult to observe.

—Self-Restraint V. Self-Indulgence

## ਜੀਵਨ-ਖੇਡ ਸ਼ਤਰੰਜ ਦੀ ਖੇਡ ਨਾਲੋਂ

### ਕਈ ਗੁਣਾਂ ਵਧੇਰੇ ਔਖੀ ਤੇ ਗੁੰਝਲਦਾਰ ਹੁੰਦੀ ਹੈ ।

ਸਾਡਾ ਹਰ ਇਕ ਦਾ ਜੀਵਨ, ਸਾਡੀ ਭਾਵੀ ਅਤੇ ਸਾਡੇ ਸੁੱਖ ਅਤੇ ਉਹਨਾਂ ਦੇ ਵੀ, ਘੱਟ ਚਾਹੇ ਵੱਧ ਜਿਨ੍ਹਾਂ ਦੇ ਸੰਬੰਧ ਸਾਡੇ ਨਾਲ ਹੁੰਦੇ ਹਨ, ਇਸ ਗੱਲ ਉੱਤੇ ਨਿਰਭਰ ਹਨ ਕਿ ਸਾਨੂੰ ਜੀਵਨ ਖੇਡ ਦੇ ਨਿਯਮਾਂ ਦੀ ਕੁਝ ਜਾਣਕਾਰੀ ਹੋਵੇ ਜਿਹੜੀ ਕਿ ਸ਼ਤਰੰਜ ਦੀ ਖੇਡ ਨਾਲੋਂ ਅਨੇਕਾਂ ਗੁਣਾਂ ਵਧੇਰੇ ਕਠਿਨ ਅਤੇ ਗੁੰਝਲਦਾਰ ਹੈ । ਇਉਂ ਸਮਝੋ ਕਿ ਸੰਸਾਰ ਮਾਨੋਂ ਸ਼ਤਰੰਜ ਦੀ ਤਖ਼ਤੀ ਹੈ ਅਤੇ ਇਸ ਵਿਚ ਵਾਪਰਦੀਆਂ ਘਟਨਾਵਾਂ ਮੋਹਰੇ ਹਨ । ਇਸ ਖੇਲ ਦੇ ਨਿਯਮ ਹਨ ਜਿਨ੍ਹਾਂ ਨੂੰ ਅਸੀਂ ਕੁਦਰਤ ਦੇ ਨਿਯਮ ਆਖਦੇ ਹਾਂ । ਦੂਜੇ ਪਾਸੇ ਬੈਠਾ ਖਿਡਾਰੀ ਸਾਡੀਆਂ ਅੱਖੀਆਂ ਦੀ ਨਿਗ੍ਹਾ ਤੋਂ ਓਹਲੇ ਰਹਿੰਦਾ ਹੈ। ਅਸੀਂ ਜਾਣਦੇ ਹਾਂ ਕਿ ਉਸ ਦੀ ਖੇਡ ਵਿਚ ਸਦਾ ਹੱਕ ਹੈ, ਨਿਆਂ ਹੈ ਅਤੇ ਧੀਰਜ ਹੈ। ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਉਸ ਦੀ ਕੀਮਤ ਭਾਵੇਂ ਅਸੀਂ ਆਪ ਹੀ ਚੁਕਾਉਂਦੇ ਹਾਂ ਕਿ ਸਾਡੀ ਕੋਈ ਗ਼ਲਤੀ ਉਸ ਦੀਆਂ ਨਜ਼ਰਾਂ 'ਚੋਂ ਓਹਲੇ ਨਹੀਂ ਰਹਿੰਦੀ ਅਤੇ ਨਾ ਹੀ ਉਹ ਸਾਡੀ ਅਗਿਆਨਤਾ ਦੇ ਕਾਰਣ ਕਿਸੇ ਭੁੱਲ ਦੀ ਥੋੜ੍ਹੀ ਤੋਂ ਥੋੜ੍ਹੀ ਛੋਟ ਹੀ ਦਿੰਦਾ ਹੈ । ਜਿਹੜਾ ਬੰਦਾ ਠੀਕ ਤਰ੍ਹਾਂ ਖੇਲਦਾ ਹੈ ਉਸ ਨੂੰ ਖੇਡ ਉੱਤੇ ਲੱਗੇ ਵੱਡੇ ਤੋਂ ਵੱਡੇ ਦਾਓ ਉਸ ਕਿਸਮ ਦੀ ਡੁਲ੍ਹਦੀ ਉਦਾਰਤਾ ਨਾਲ ਦਿੱਤੇ ਜਾਂਦੇ ਹਨ ਜਿਸ ਨਾਲ ਮਜ਼ਬੂਤ ਬੰਦੇ ਆਪਣੀ ਮਜ਼ਬੂਤੀ ਦਾ ਪ੍ਰਗਟਾਵਾ ਕਰਕੇ ਖੁਸ਼ੀ ਅਨੁਭਵ ਕਰਦੇ ਹਨ ਅਤੇ ਜਿਹੜਾ ਬੰਦਾ ਗ਼ਲਤ ਖੇਡ ਖੇਡਦਾ ਹੈ ਉਹ ਹਾਰਦਾ ਹੈ । ਇਸ ਵਿਚ ਕਾਹਲੀ ਨਹੀਂ ਹੁੰਦੀ ਪਰ ਇਸ ਵਿਚ ਪਛਤਾਵਾ ਵੀ ਨਹੀਂ ਹੁੰਦਾ । ਖ਼ੈਰ ! ਵਿਦਿਆ ਤੋਂ ਮੇਰਾ ਭਾਵ ਹੈ ਕਿ ਮਹਾਨ ਖੇਡ ਦੇ ਨਿਯਮਾਂ ਨੂੰ ਸਿੱਖਣਾ ।

-ਪ੍ਰਸਿੱਧ ਸ਼ਿਖ਼ਸ਼ਿਕ ਟੀ.ਐਚ. ਹਕਸਲੇ ।

From the Book Social Studies and World Citizenship.

—by L.J.F.Brimble, Bsc. F.L.S Printed in England.



## ਪ੍ਰਾਰਥਨਾ ਸ਼ਕਤੀ ਹੈ

-ਅਲੈਕਸਿਸ ਕੈਰਲ

ਵਾਲਟੇਅਰ ਨੇ ਠੀਕ ਕਿਹਾ ਹੈ, "True prayer lies not in asking for a violation of natural law but in the acceptance of natural law as the unchangeable will of God."

-Voltair

ਅਰਥਾਤ-"ਠੀਕ ਪ੍ਰਾਰਥਨਾ ਦਾ ਮਨੋਰਥ ਇਹ ਨਹੀਂ ਕਿ ਕਿਸੇ ਦੀਆਂ ਮੰਗਾਂ ਪੂਰੀਆਂ ਕਰਨ ਲਈ ਕੁਦਰਤ ਆਪਣੇ ਕਾਨੂੰਨਾਂ ਨੂੰ ਬਦਲ ਦੇਵੇ, ਸਗੋਂ ਇਹ ਹੈ ਕਿ ਉਹਨਾਂ ਨੂੰ ਉਸ ਦੀ ਅਟੱਲ ਰਜ਼ਾ ਸਮਝ ਕੇ ਉਹਨਾਂ ਦੇ ਸਾਹਮਣੇ ਸਿਰ ਝੁਕਾ ਦਿੱਤਾ ਜਾਏ ।"

ਪ੍ਰਾਰਥਨਾ ਨਿਰੀ ਪੂਜਾ ਹੀ ਨਹੀਂ, ਇਹ ਮਨੁੱਖ ਦੀ ਪੂਜਾ ਭਾਵਨਾ ਦਾ ਅਣਦਿੱਸਦਾ ਵਹਿਣ ਵੀ ਹੈ । ਸ਼ਕਤੀ ਦਾ ਇਕ ਸਭ ਤੋਂ ਵੱਧ ਬਲਵਾਨ ਸਰੂਪ ਹੈ ਜਿਹੜਾ ਕਿ ਕੋਈ ਮਨੁੱਖ ਪੈਦਾ ਕਰ ਸਕੇ । ਜੇ ਤੁਸੀਂ ਸੱਚੇ ਦਿਲੋਂ ਉਪਜੀ ਪ੍ਰਾਰਥਨਾ ਨੂੰ ਆਦਤ ਹੀ ਬਣਾ ਲਓ ਤਾਂ ਤੁਹਾਡਾ ਜੀਵਨ ਬੜੇ ਪ੍ਰਗਟ ਅਤੇ ਗਹਿਰੇ ਰੂਪ ਵਿਚ ਅਮੀਰ ਹੋ ਜਾਏਗਾ ।

ਪ੍ਰਾਰਥਨਾ ਸ਼ਕਤੀ ਹੈ, ਇਹ ਓਨੀ ਹੀ ਸੱਚ ਹੈ ਜਿੰਨੀ ਧਰਤੀ ਦੀ ਕਸ਼ਿਸ਼ (ਖਿੱਚ) ਸੱਚ ਹੈ । ਡਾਕਟਰ ਦੀ ਹੈਸੀਅਤ ਵਿਚ ਮੈਂ ਬੰਦਿਆਂ ਨੂੰ ਪ੍ਰਾਰਥਨਾ ਦੇ ਸ਼ਾਂਤੀ ਭਰੇ ਯਤਨ ਨਾਲ, ਰੋਗ ਅਤੇ ਉਦਾਸੀ 'ਚੋਂ ਨਿਕਲਦਿਆਂ ਦੇਖਿਆ ਹੈ ਜਦੋਂ ਕਿ ਉਹਨਾਂ ਦੇ ਹੋਰ ਸਭ ਇਲਾਜ ਅਸਫਲ ਹੋ ਚੁੱਕੇ ਹੋਏ ਸਨ । ਅਜਿਹੀਆਂ ਘਟਨਾਵਾਂ ਨੂੰ ਕਰਾਮਾਤਾਂ ਆਖ ਦਿੱਤਾ ਜਾਂਦਾ ਹੈ ਪਰ ਕਰਾਮਾਤ ਤਾਂ ਲਗਾਤਾਰ ਤੇ ਚੁੱਪ ਕੀਤਿਆਂ ਹੀ ਹਰ ਘੜੀ ਵਾਪਰਦੀ ਰਹਿੰਦੀ ਹੈ ਉਨ੍ਹਾਂ ਮਰਦ ਤੇ ਇਸਤਰੀਆਂ ਦੇ ਦਿਲਾਂ ਅੰਦਰ ਜਿਨ੍ਹਾਂ ਨੇ ਇਹ ਗੱਲ ਲੱਭ ਲਈ ਹੋਈ ਹੈ ਕਿ ਉਹਨਾਂ ਦੇ ਰੋਜ਼ਾਨਾ ਜੀਵਨ ਵਿਚ ਪ੍ਰਾਰਥਨਾ ਉਹਨਾਂ ਨੂੰ ਜਿਊਂਦਾ ਰੱਖਣ ਵਾਲੀ ਸ਼ਕਤੀ ਦਾ ਲਗਾਤਾਰ ਵਹਾਓ ਬਖ਼ਸ਼ਦੀ ਰਹਿੰਦੀ ਹੈ । ਕਿੰਨੇ ਹੀ ਲੋਕਾਂ ਨੇ ਪ੍ਰਾਰਥਨਾ ਨੂੰ ਕੁਝ ਸ਼ਬਦਾਂ ਦੇ ਕੇਵਲ ਰਸਮੀ ਪੜ੍ਹ ਛੱਡਣ ਦੀ ਨਿੱਤ ਕ੍ਰਿਆ ਸਮਝ ਛੱਡਿਆ ਹੈ । ਇਹ ਕਮਜ਼ੋਰਾਂ ਦਾ ਇਕ ਸਹਾਰਾ ਜਾਂ ਪਦਾਰਥਕ ਚੀਜ਼ਾਂ ਦੀ ਪ੍ਰਾਪਤੀ ਲਈ ਬੱਚਿਆਂ ਦੀ ਤਰ੍ਹਾਂ ਕੀਤੀ ਇਕ ਅਰਜੋਈ

ਹੋ ਕੇ ਰਹਿ ਗਈ ਹੈ । ਜੇ ਇਸ ਨੂੰ ਠੀਕ ਅਰਥਾਂ ਵਿਚ ਸਮਝਿਆ ਜਾਵੇ ਤਾਂ ਪ੍ਰਾਰਥਨਾ ਇਕ ਪੱਕੀ (ਸੁਲਝੀ) ਹੋਈ ਕ੍ਰਿਆ ਹੈ ਜੋ ਸ਼ਖ਼ਸੀਅਤ ਦੇ ਪੂਰਨ ਵਿਕਾਸ ਲਈ ਲਾਜ਼ਮੀ ਹੈ। ਕੇਵਲ ਪ੍ਰਾਰਥਨਾ ਦੁਆਰਾ ਹੀ ਅਸੀਂ ਸਰੀਰ, ਮਨ ਅਤੇ ਆਤਮਾ ਦਾ ਸੰਪੂਰਨ ਤੇ ਮਿਲਵਾਂ ਜੋੜ ਪ੍ਰਾਪਤ ਕਰਦੇ ਹਾਂ ਜੋ ਇਸ ਕਮਜ਼ੋਰ ਮਨੁੱਖੀ ਬੂਟੇ ਨੂੰ ਅਟੁੱਟਵੀਂ ਸ਼ਕਤੀ ਦੇਂਦਾ ਹੈ ।

ਕਿਵੇਂ ਪ੍ਰਾਰਥਨਾ ਸਾਨੂੰ ਇਤਨੀ ਹਰਕਤ ਭਰੀ ਸ਼ਕਤੀ ਦੇ ਕੇ ਤਕੜੇ ਬਣਾਉਂਦੀ ਹੈ ? ਇਸ ਪ੍ਰਸ਼ਨ ਦਾ ਉੱਤਰ (ਜੋ ਵਿਗਿਆਨ ਦੇ ਘੇਰੇ ਤੋਂ ਬਾਹਰ ਮੰਨ ਲਿਆ ਗਿਆ ਹੈ) ਦੇਣ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਭ ਪ੍ਰਾਰਥਨਾਵਾਂ ਇਕ ਹੀ ਸੱਚਾਈ ਨੂੰ ਪ੍ਰਗਟ ਕਰਦੀਆਂ ਹਨ । ਮਨੁੱਖੀ ਜੀਵ ਆਪਣੀ ਸੀਮਤ ਸ਼ਕਤੀ ਨੂੰ ਵਧਾਉਣ ਦੇ ਯਤਨ ਕਰਦੇ ਹਨ । ਸਭ ਸ਼ਕਤੀਆਂ ਦੇ ਉਸ ਅਸੀਮਤ ਭੰਡਾਰੇ ਦੀ ਤਰਫ਼ ਸੰਬੋਧਨ ਹੋ ਕੇ ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਅਸੀਂ ਆਪਣੇ ਆਪ ਨੂੰ ਜੋੜਦੇ ਹਾਂ, ਉਸ ਅਖੁੱਟ ਹਰਕਤ ਦਾਤਾ ਸ਼ਕਤੀ ਨਾਲ ਜਿਹੜੀ ਸਾਰੇ ਸੰਸਾਰ ਨੂੰ ਕੱਤਦੀ (ਘੜਦੀ) ਰਹਿੰਦੀ ਹੈ। ਅਸੀਂ ਆਖਦੇ ਹਾਂ ਕਿ ਇਸ ਸ਼ਕਤੀ ਦਾ ਕੁਝ ਹਿੱਸਾ ਸਾਡੀਆਂ ਲੋੜਾਂ ਲਈ ਸਾਨੂੰ ਵੀ ਦਿੱਤਾ ਜਾਵੇ । ਇਸ ਤਰ੍ਹਾਂ ਆਖਦਿਆਂ ਹੋਇਆਂ ਵੀ ਸਾਡੇ ਮਨੁੱਖੀ ਘਾਟੇ ਪੂਰੇ ਹੋ ਜਾਂਦੇ ਹਨ ਅਤੇ ਅਸੀਂ ਤਕੜੇ ਤੇ ਸਾਬਤ ਹੋ ਕੇ ਉੱਠਦੇ ਹਾਂ ।

ਆਪਣੀ ਸ਼ਖ਼ਸੀਅਤ ਸੱਚਮੁੱਚ ਘੜਨ ਲਈ ਪ੍ਰਾਰਥਨਾ ਨੂੰ ਇਕ ਆਦਤ ਬਣਾ ਲੈਣਾ ਚਾਹੀਦਾ ਹੈ । ਕੋਈ ਇਨਸਾਨ ਹਰ ਥਾਂ ਪ੍ਰਾਰਥਨਾ ਕਰ ਸਕਦਾ ਹੈ : ਗਲੀ, ਦਫ਼ਤਰ, ਸਕੂਲ ਵਿਚ, ਆਪਣੇ ਕਮਰੇ ਦੀ ਇਕਾਂਤ ਵਿਚ, ਗਿਰਜੇ ਵਿਚ। ਪ੍ਰਾਰਥਨਾ ਲਈ ਨਾ ਸਰੀਰ ਨੂੰ ਕਿਸੇ ਮਿਥੀ ਹੋਈ ਹਾਲਤ ਵਿਚ ਰੱਖਣਾ ਹੈ ਨਾ ਇਸ ਲਈ ਮਿਥਿਆ ਸਮਾਂ ਹੈ, ਨਾ ਮਿਥਿਆ ਅਸਥਾਨ ਹੈ । ਪਰ ਇਸ ਗੱਲ ਦੇ ਕੋਈ ਅਰਥ ਨਹੀਂ ਕਿ ਸਵੇਰੇ ਤਾਂ ਪ੍ਰਾਰਥਨਾ ਕਰ ਲਈ ਤੇ ਬਾਕੀ ਦਾ ਦਿਨ ਹਬਸ਼ੀਆਂ ਦੀ ਤਰ੍ਹਾਂ ਬਿਤਾਇਆ ਜਾਵੇ । ਅਸਲ ਪ੍ਰਾਰਥਨਾ ਤਾਂ ਜੀਵਨ ਦੀ ਇਕ ਜੁਗਤੀ ਹੈ, ਸਭ ਤੋਂ ਸੁੱਚੇ ਜੀਵਨ ਦੇ ਲਫ਼ਜ਼ੀ ਅਰਥ ਹੀ ਸਮਝੋ 'ਪ੍ਰਾਰਥਨਾ ਦੀ ਜੁਗਤੀ ।'

ਅੱਜ ਧਾਰਮਿਕ ਸੋਝੀ ਉੱਤੇ ਜ਼ੋਰ ਦੇਣ ਦੀ ਥੁੜ੍ਹ ਨੇ ਦੁਨੀਆਂ ਨੂੰ ਤਬਾਹੀ ਦੇ ਕੰਢੇ 'ਤੇ ਲੈ ਆਂਦਾ ਹੋਇਆ ਹੈ । ਸ਼ਕਤੀ ਅਤੇ ਪੂਰਨਤਾ ਦਾ ਸਾਡਾ ਸਭ ਤੋਂ ਡੂੰਘਾ ਭੰਡਾਰ ਬੁਰੀ ਤਰ੍ਹਾਂ ਵਿਕਾਸ-ਰਹਿਤ ਹਾਲਤ ਵਿਚ ਛੱਡ



ਦਿੱਤਾ ਗਿਆ ਹੈ । ਪ੍ਰਾਰਥਨਾ ਜੋ ਸਾਡੀ ਰੂਹ ਦੀ ਬੁਨਿਆਦੀ ਵਰਜ਼ਿਸ਼ ਹੈ, ਦੀ ਅਮਲੀ ਮਸ਼ਕ ਮਨੁੱਖ ਅਤੇ ਕੰਮਾਂ ਨੂੰ ਸਰਗਰਮੀ ਨਾਲ ਕਰਨੀ ਚਾਹੀਦੀ ਹੈ ਕਿਉਂਕਿ ਪ੍ਰਾਰਥਨਾ ਦੀ ਸ਼ਕਤੀ ਨੂੰ ਮੁੜ ਖੋਹਲ ਦਿੱਤਾ ਜਾਵੇ ਅਤੇ ਇਸ ਨੂੰ ਆਮ ਮਰਦ ਇਸਤਰੀਆਂ ਦੇ ਜੀਵਨ ਘੜਨ ਲਈ ਵਰਤਿਆ ਜਾਵੇ ਤਾਂ ਅਜੇ ਵੀ ਆਸ ਹੈ ਕਿ ਵਧੇਰੇ ਚੰਗੀ ਦੁਨੀਆਂ ਲਈ ਸਾਡੀਆਂ ਕੀਤੀਆਂ ਪ੍ਰਾਰਥਨਾਵਾਂ ਸੁਣੀਆਂ ਜਾਣਗੀਆਂ ।

-ਅਮਰੀਕਾ ਦੇ ਸੰਸਾਰ ਪ੍ਰਸਿੱਧ ਮਾਸਿਕ ਪੱਤਰ

-ਰੀਡਰਜ ਡਾਈਜੈਸਟ ਵਿਚੋਂ ।

## ਆਤਮਾ ਦੀ ਸਭ ਤੋਂ ਗਹਿਰੀ ਲੋੜ

ਸਾਡੀਆਂ ਆਤਮਾਵਾਂ ਦੀ ਸਭ ਤੋਂ ਡੂੰਘੀ ਲੋੜ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਮਨੁੱਖ ਜਾਤੀ ਦਾ ਭਲਾ ਕਰਨ ਵਾਲੇ ਮਹਿਸੂਸ ਕਰੀਏ । ਜਦੋਂ ਅਸੀਂ ਮਨੁੱਖ ਜਾਤੀ ਦੇ ਉੱਚੇ ਸੁੱਚੇ ਲਾਭਾਂ ਨਾਲ ਆਪਣੇ ਆਪ ਨੂੰ ਜੋੜਦੇ ਹਾਂ ਕੇਵਲ ਉਦੋਂ ਹੀ ਅਸੀਂ ਆਪਣੇ ਸਮਾਜਿਕ ਅਤੇ ਇਸ ਲਈ ਆਪਣੇ ਪੂਰਨ ਮਨੁੱਖੀ ਸਰੂਪ ਦੀ ਪਹਿਚਾਣ ਕਰ ਲੈਂਦੇ ਹਾਂ । ਅਸੀਂ ਪੂਰਨ ਮਨੋਰਥਾਂ ਵਾਲੇ ਹੋ ਕੇ ਉਦੋਂ ਹੀ ਸੰਸਾਰ ਵਿਚ ਵਿਚਰਦੇ ਹਾਂ ਜਦੋਂ ਅਸੀਂ ਆਪਣੇ ਆਪ ਨੂੰ ਸੰਸਾਰ ਭਲਾਈ ਦੇ ਸਾਧਨ ਬਣਾ ਲੈਂਦੇ ਹਾਂ । ਜੈਰੇਮੀਆਂ ਤੋਂ ਲੈ ਕੇ ਲਿੰਕਨ ਤਕ ਸੰਸਾਰ ਦੇ ਇਤਿਹਾਸ ਦੇ ਸਭ ਤੋਂ ਵੱਧ ਉਸਾਰੂ ਪ੍ਰਤਿਭਾਸ਼ੀਲ ਮਨੁੱਖ ਕੇਵਲ ਉਹੀ ਹੋਏ ਹਨ ਜਿਨ੍ਹਾਂ ਨੇ ਆਪਣੇ ਅੰਦਰ ਵਾਹਿਗੁਰੂ ਦੀ ਆਵਾਜ਼ ਨੂੰ ਸੁਣ ਕੇ ਆਪਣੇ ਆਪ ਨੂੰ ਮਨੁੱਖੀ ਨਸਲ ਦੀ ਸੇਵਾ ਲਈ ਤਨ, ਮਨ ਅਤੇ ਧਨ ਸਹਿਤ ਅਰਪਣ (ਗੋਲਾ ਮੁਲ ਖਰੀਦ ) ਕਰ ਦਿੱਤਾ । ਉਹ ਸੰਸਾਰ ਵਿਚ ਹੋ ਚੁੱਕੇ ਉਹਨਾਂ ਅਣਗਿਣਤ ਕ੍ਰੋੜਾਂ ਗੁੰਮਨਾਮ, ਬੰਦਿਆਂ ਵਿਚੋਂ ਹੀ ਚਮਕੇ ਹਨ ਜਿਨ੍ਹਾਂ ਦੇ ਅੰਦਰ ਰੱਬੀ ਅਗਨੀ ਜਲ ਰਹੀ ਸੀ ਭਾਵੇਂ ਪਰਜੁਅੱਲਤ ਅਤੇ ਪਰਫੁੱਲਿਤ ਨਹੀਂ ਹੋਈ ਸੀ । ਜੇਕਰ ਸਾਡੇ ਆਪਣੇ ਅੰਦਰ ਵੀ ਭਰੋਸੇ ਭਰੀ ਐਸੀ ਕਲਪਨਾ ਹੋਵੇ ਤਾਂ ਅਸੀਂ ਆਪਣੇ ਨੌਜਵਾਨਾਂ ਦੀਆਂ ਕੋਮਲ ਅਤੇ ਜਿੱਧਰ ਨੂੰ ਮੋੜੋ ਮੁੜ ਜਾਣ ਵਾਲੀਆਂ ਆਤਮਾਵਾਂ ਵਿਚ ਸੰਸਾਰ ਭਲਾਈ ਦੀਆਂ ਮਹਾਨ ਅਚੰਭੇ ਵਾਲੀਆਂ ਸ਼ਕਤੀਆਂ ਭਰ ਦੇਈਏ । ਮਨੋਵਿਗਿਆਨੀਆਂ ਦੀ ਲੰਘ ਰਹੀ ਨਸਲ ਨੇ ਨੌਜਵਾਨਾਂ ਦੇ ਆਦਰਸ਼ਵਾਦ ਉੱਤੇ ਬੜੇ ਵਿਸਥਾਰ ਨਾਲ ਵਿਚਾਰ ਕੀਤਾ ਹੈ ਪਰ ਸਾਡੇ ਅੱਜ ਦੇ ਹਾਈ ਸਕੂਲਾਂ ਨੇ ਇਸ ਉੱਤੇ ਨਾ ਕੋਈ

ਗਹੁ ਕੀਤਾ ਹੈ ਨਾ ਹੀ ਇਸ ਨੂੰ ਸਮਾਜਿਕ ਲਾਭਾਂ ਲਈ ਵਰਤਣ ਦਾ ਕੋਈ ਯਤਨ ਕੀਤਾ ਹੈ । ਇਸ ਗੱਲ ਦਾ ਕਿਆਸ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਨੌਜਵਾਨਾਂ ਦੀਆਂ ਆਤਮਾਵਾਂ ਵਿਚ ਪਰਉਪਕਾਰ ਅਤੇ ਸੇਵਾ ਦੀਆਂ ਕਿੰਨੀਆਂ ਮਹਾਨ ਉੱਚੀਆਂ ਭਾਵਨਾਵਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ, ਜੇ ਉਨ੍ਹਾਂ ਦੇ ਹਿਰਦਿਆਂ ਨੂੰ ਸਾਡੀ ਵਿਸ਼ਵਾਸ-ਹੀਣ, ਕਠੋਰ ਤੇ ਵਿਗੜੇ ਰੂਪ ਵਾਲੀ ਦੁਨੀਆਂ ਖ਼ਰਾਬ ਨਾ ਕਰੇ । ਮਨੋਵਿਗਿਆਨੀਆਂ ਦੇ ਦੱਸੇ ਇਸ ਭਾਈਚਾਰਕ ਆਦਰਸ਼ਵਾਦ ਨੂੰ ਪ੍ਰਫੁੱਲਿਤ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਉੱਤੇ ਵੀ ਸੰਸਾਰ ਦੀ ਉੱਨਤੀ ਦਾ ਓਨਾ ਹੀ ਨਿਰਭਰ ਹੈ ਜਿੰਨਾ ਕਿ ਸਾਇੰਸ ਦੀਆਂ ਨਵੀਆਂ ਖੋਜਾਂ ਉੱਤੇ । ਇਹ ਉਹ ਖ਼ਮੀਰ ਹੈ ਜਿਹੜਾ ਮਨੁੱਖੀ ਸਮਾਜ ਦੀਆਂ ਸੰਸਥਾਵਾਂ ਨੂੰ ਜ਼ੁਲਮਾਂ ਦਾ ਰੂਪ ਧਾਰਨ ਕਰਨ ਤੋਂ ਰੋਕਦਾ ਹੈ  ਅਰਥਾਤ ਜਿਵੇਂ ਖਮੀਰ ਆਟੇ ਵਿਚ ਪੈ ਕੇ ਉਸ ਨੂੰ ਫੈਲਾਉਂਦਾ ਹੋਇਆ ਉਸ ਦੇ ਕਾਠੇਪਨ ਦੇ ਹਿਰਦਿਆਂ ਅੰਦਰ ਪ੍ਰਵੇਸ਼ ਕਰਕੇ ਇਹ ਗਿਆਨ ਉਨ੍ਹਾਂ ਨੂੰ ਨਰਮ ਹਿਰਦਿਆਂ ਵਾਲੇ ਦਇਆਵਾਨ ਬੰਦੇ ਬਣਾਈ ਰੱਖਦਾ ਹੈ । ਇਖ਼ਲਾਕੀ ਸਿੱਖਿਆ ਦਾ ਇਹੋ ਅੰਤਮ ਮਨੋਰਥ ਹੁੰਦਾ ਹੈ । (ਇੰਗਲੈਂਡ ਦੀ ਪੁਸਤਕ "ਸੋਸ਼ਲ ਸਟਡੀਜ਼ ਐਂਡ ਵਰਲਡ ਸਿਟੀਜ਼ਨਸ਼ਿਪ ਵਿਚੋਂ ।

I know not upon what a sensible man should employ himself than upon his son. —Plato.

ਅਰਥਾਤ-ਕੋਈ ਸਿਆਣਾ ਆਦਮੀ ਆਪਣੇ ਆਪ ਨੂੰ ਕਿਹੜੇ ਕੰਮ ਵਿਚ ਜੁਟਾਵੇ ; ਮੇਰੇ ਖ਼ਿਆਲ ਵਿਚ ਆਪਣੇ ਪੁੱਤਰ ਨੂੰ ਪੂਰੇ ਧਿਆਨ ਨਾਲ ਪਾਲਣ ਨਾਲੋਂ ਉਸ ਲਈ ਹੋਰ ਕੋਈ ਕੰਮ ਵਧੇਰੇ ਚੰਗਾ ਨਹੀਂ ਹੋ ਸਕਦਾ। (ਉਸ ਦੇ ਜੀਵਨ ਦੀ ਸੁਚੱਜੀ  ਘਾੜਤ ਘੜਣਾ)

-ਪਲੈਟੋ

-o-



# ਆਚਰਣ ਦੀ ਘਾੜਤ ਕਰਨ ਵਾਲੇ ਚਾਰ ਘਾੜੂ ਹੁੰਦੇ ਹਨ

ਮਨੁੱਖ ਦੇ ਆਚਰਣ ਦੇ ਘਾੜੂ ਚਾਰ ਜਣੇ ਹੁੰਦੇ ਹਨ-ਮਾਤਾ, ਪਿਤਾ, ਅਤਿੱਥੀ ਤੇ ਆਚਾਰਯ । ਕਿਸੇ ਮਨੁੱਖ ਦੇ ਹਿਰਦੇ ਅੰਦਰ ਨੇਕੀ-ਬਦੀ ਦੇ ਸੰਸਕਾਰਾਂ ਨੂੰ ਪਾਉਣ ਦਾ ਅਵਸਰ ਸਭ ਤੋਂ ਪਹਿਲਾਂ ਉਸ ਦੀ ਮਾਤਾ ਨੂੰ ਉਸ ਦੇ ਬਚਪਨ ਦੇ ਸਮੇਂ ਵਿਚ ਮਿਲਿਆ ਕਰਦਾ ਹੈ । ਮਨੁੱਖ ਦੀ ਉਮਰ ਦੇ ਪਹਿਲੇ ਛੇ ਸਾਲਾਂ ਦਾ ਸਮਾਂ ਉਹ ਸਮਾਂ ਹੁੰਦਾ ਹੈ ਜਿਸ ਸਮੇਂ ਵਿਚ ਉਸ ਦੇ ਹਿਰਦੇ ਵਿਚ ਪੈਣ ਵਾਲੇ ਨੇਕੀ ਤੇ ਬਦੀ ਦੇ ਸੰਸਕਾਰ ਉਸ ਦੀ ਸਾਰੀ ਉਮਰ ਵਿਚ ਆਪਣਾ ਭਾਰੀ ਅਸਰ ਰੱਖਿਆ ਕਰਦੇ ਹਨ ਤੇ ਇਹ ਸੰਸਕਾਰ ਉਸ ਦੇ ਆਚਰਣ ਦੀ ਨੀਂਹ ਬਣਿਆ ਕਰਦੇ ਹਨ । ਇਹਨਾਂ ੬ ਸਾਲਾਂ ਦੇ ਸਮੇਂ ਵਿਚ ਬੱਚਾ ਆਪਣੀ ਮਾਂ ਦੇ ਬਹੁਤ ਨੇੜੇ ਰਿਹਾ ਕਰਦਾ ਹੈ ਤੇ ਹਰ ਪਲ ਉਸ ਦੇ ਪਾਸੋਂ ਕੋਈ ਗੱਲ ਸੁਣਦਾ ਜਾਂ ਉਸਨੂੰ ਕੋਈ ਕੰਮ ਕਰਦੀ ਨੂੰ ਵੇਖਦਾ ਰਿਹਾ ਕਰਦਾ ਹੈ ਤੇ ਇਸ ਤਰ੍ਹਾਂ ਉਸ ਤੋਂ ਚੰਗੇ ਜਾਂ ਮਾੜੇ ਸੰਸਕਾਰ ਪ੍ਰਾਪਤ ਕਰਦਾ ਰਿਹਾ ਕਰਦਾ ਹੈ ।

ਬੱਚੇ ਚਿਕਨੀ ਮਿੱਟੀ ਵਾਂਙ ਹੁੰਦੇ ਹਨ ਤੇ ਜਿਵੇਂ ਚਿਕਨੀ ਮਿੱਟੀ ਨੂੰ ਜਿਸ ਸੱਚੇ ਵਿਚ ਢਾਲਿਆ ਜਾਵੇ, ਉਸ ਸੱਚੇ ਵਿਚ ਹੀ ਉਹ ਢਲ ਜਾਂਦੀ ਹੈ । ਇਸੇ  ਤਰ੍ਹਾਂ ਨਾਲ ਮਾਵਾਂ ਆਪਣੇ ਬੱਚਿਆਂ ਨੂੰ ਜਿਹੋ ਜਿਹੇ ਬਣਾਉਣਾ ਚਾਹੁਣ ਬਣਾ ਸਕਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੱਚੇ ਦਾ ਆਪਣੀ ਮਾਂ ਨਾਲ ਹਰ ਵੇਲੇ ਦਾ ਵਾਹ ਪਹਿਲੇ ਛੇ ਸੱਤਾਂ ਸਾਲਾਂ ਦੀ ਉਮਰ ਵਿਚ ਹੀ ਪਿਆ ਕਰਦਾ ਹੈ ਤੇ ਉਸ ਸਮੇਂ ਦੇ ਪਿੱਛੋਂ ਜਿਉਂ ਜਿਉਂ ਉਸ ਦੀ ਉਮਰ ਵਧਦੀ ਹੈ ਤਿਉਂ ਤਿਉਂ ਉਸ ਦਾ ਆਪਣੀ ਮਾਂ ਪਾਸ ਰਹਿਣ ਦਾ ਸਮਾਂ ਘਟਦਾ ਹੈ । ਪੜ੍ਹਨ ਲਈ ਜਾਣਾ ਤੇ ਖੇਡਣ ਜਾਣਾ, ਜੈਸੇ ਕਾਰਨਾਂ ਕਰਕੇ ਬੱਚਾ ਮਾਂ ਕੋਲੋਂ ਪ੍ਰਤੀ ਦਿਨ ਵੱਧ ਤੋਂ ਵੱਧ ਸਮਾਂ ਦੂਰ ਰਹਿਣ ਲੱਗ ਪੈਂਦਾ ਹੈ ਤੇ ਉਸ ਨੂੰ ਹੋਰਨਾਂ ਥਾਵਾਂ ਦੇ ਸੰਸਕਾਰ ਵੀ ਚੰਗੇ ਮਾੜੇ, ਮਾਂ ਤੋਂ ਬਿਨਾਂ ਪੈਣ ਲੱਗ ਪੈਂਦੇ ਹਨ ਤੇ ਸੰਸਕਾਰਾਂ ਦੇ ਪੈਣ ਦਾ ਸਮਾਂ ਵੀ ੧੮ ਕੁ ਸਾਲ ਦੀ ਉਮਰ ਤਕ ਗਿਣਿਆ ਜਾਂਦਾ ਹੈ ; ਪਰ ਮਨੁੱਖ ਨੂੰ ਪੈਣ ਵਾਲੇ ਸੰਸਕਾਰਾਂ ਦਾ ਵੱਡੇ ਮੁੱਲ ਦਾ ਸਮਾਂ ਪਹਿਲੇ ੬ ਸਾਲਾਂ ਦਾ ਹੀ ਹੁੰਦਾ ਹੈ ।

ਜਿਹੜੀਆਂ ਮਾਵਾਂ ਆਪਣੇ ਬੱਚਿਆਂ ਨੂੰ ਸੱਚ ਬੋਲਣ, ਪਰਉਪਕਾਰ

ਕਰਨ ਤੇ ਸੁਕ੍ਰਿਤ (ਸੱਚੀ ਸੁੱਚੀ ਕਿਰਤ) ਕਰਨ ਵਾਲੀਆਂ ਕਰੜੀਆਂ ਘਾਲਾਂ ਦੁਆਰਾ ਜੀਵਨ ਬਿਤਾਉਣ ਦੀ ਸਿੱਖਿਆ ਦਿੱਤਾ ਕਰਦੀਆਂ ਹਨ ਉਹ ਜਿੱਥੇ ਆਪਣੇ ਬੱਚਿਆਂ ਨੂੰ ਸਤਿਕਾਰ ਤੇ ਚੜ੍ਹਦੀ ਕਲਾ ਵਿਚ ਜੀਵਨ ਦੇ ਰਾਹ 'ਤੇ ਤੋਰਿਆ ਕਰਦੀਆਂ ਹਨ ਉੱਥੇ ਉਹ ਸੰਸਾਰ ਵਿਚ ਅਜਿਹੇ ਬੰਦਿਆਂ ਦੀ ਗਿਣਤੀ ਵੀ ਵਧਾ ਜਾਇਆ ਕਰਦੀਆਂ ਹਨ ਜਿਹੜੇ ਸੰਸਾਰ ਦੇ ਪ੍ਰਾਣੀਆਂ ਨੂੰ ਸੁਖੀ ਤੇ ਖ਼ੁਸ਼ੀ ਰੱਖਣ ਵਾਲੇ ਹੁੰਦੇ ਹਨ। ਅਜਿਹੀਆਂ ਮਾਵਾਂ ਆਪਣੇ ਨਾਵਾਂ ਨੂੰ ਆਪਣੇ ਪਿੱਛੇ ਅਮਰ ਕਰ ਜਾਇਆ ਕਰਦੀਆਂ ਹਨ। ਜਦੋਂ ਕਿਸੇ ਨੇਕ ਬੰਦੇ ਨੂੰ ਕੋਈ ਬੰਦਾ ਸਲਾਹਿਆ ਕਰਦਾ ਹੈ ਤਾਂ ਉਹ ਇਹੋ ਕਿਹਾ ਕਰਦਾ ਹੈ ਕਿ ਧੰਨ ਤੇਰੀ ਮਾਂ ਹੈ ਜਿਸ ਨੇ ਤੈਨੂੰ ਜਨਮ ਦਿੱਤਾ ਹੈ। ਅਮਰੀਕਾ ਦੇ ਪ੍ਰਧਾਨ ਇਬਰਾਹਿਮ ਲਿੰਕਨ ਨੇ ਆਪਣੇ ਹੇਠ ਲਿਖੇ ਇਤਿਹਾਸਕ ਸ਼ਬਦਾਂ ਨਾਲ ਆਪਣੀ ਮਾਤਾ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ :-

God bless my mother, all that I am or ever hope to be, I owe to her. —Abraham Lincoln

ਰੱਬ ਮੇਰੀ ਮਾਂ ਉੱਤੇ ਆਪਣੀ ਮਿਹਰ ਕਰੇ। ਮੈਂ ਜੋ ਕੁਝ ਵੀ ਹਾਂ ਜਾਂ ਕਦੇ ਹੋ ਜਾਣ ਦੀ ਆਸ ਕਰਦਾ ਹਾਂ ਉਸ ਸਭ ਕੁਝ ਲਈ ਮੈਂ ਉਸ ਦਾ ਰਿਣੀ ਹਾਂ।

—ਇਬਰਾਹਿਮ ਲਿੰਕਨ

ਮੈਂ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਮਾਤਾ ਨੂੰ ਸੰਸਾਰ ਦੀ ਇਕ ਮਹਾਨ ਮਾਤਾ ਸਮਝਦਾ ਹਾਂ ਜਿਸ ਨੇ ਆਪਣੇ ਪੁੱਤਰ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਜੀਵਨ ਦੀ ਨੀਂਹ ਰੱਖਦਿਆਂ ਇਹ ਆਸੀਸ ਦਿੱਤੀ ਸੀ:-

**"ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ**

**ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥" (ਅੰਗ ੪੯੬)**

Motherhood is a glorious privilege.

ਮਾਂ ਹੋਣਾ ਇਕ ਬੜੀ ਉੱਚੀ ਪਦਵੀ ਹੈ। ਇਹ ਇਕ ਵਡਿਆਈ ਵਾਲਾ ਅਧਿਕਾਰ ਹੈ। ਇਸੇ ਵਿਚ ਹੀ ਮਾਂ ਦੀ ਸ਼ਾਨ ਹੈ।

The hand that rocks the cradle governs the world.



ਮਾਵਾਂ ਜੋ ਪੰਘੂੜੇ ਨੂੰ ਹਿਲਾਉਂਦੀਆਂ ਹਨ ਉਹੋ ਅਸਲ ਵਿਚ ਦੁਨੀਆਂ 'ਤੇ ਰਾਜ ਕਰਦੀਆਂ ਹਨ। ਉਨ੍ਹਾਂ ਦੇ ਹੱਥਾਂ ਦਾ ਪਲਿਆ ਹੋਇਆ ਬੱਚਾ ਇਕ ਦਿਨ ਰਾਜਾ ਬਣਦਾ ਹੈ। ਉਸ ਰਾਜੇ ਦੇ ਗੁਣ ਅਸਲ ਵਿਚ ਉਸ ਦੇ ਮਾਂ ਦੇ ਗੁਣ ਹੁੰਦੇ ਹਨ।

The future destiny of the child is the work of the mother. -Napoleon

ਬੱਚੇ ਦੇ ਭਵਿੱਖਤ ਦੀ ਕਿਸਮਤ ਨੂੰ ਬਣਾਉਣਾ ਸਦਾ ਹੀ ਮਾਂ ਦਾ ਕੰਮ ਹੁੰਦਾ ਹੈ। -ਨੈਪੋਲੀਅਨ

## ਹਰਕਤ, ਬ੍ਰਹਿਮੰਡ ਦਾ ਕਾਨੂੰਨ ਹੈ

ਕੁਦਰਤ ਅੰਦਰ ਹਰਕਤ ਨੂੰ ਰੋਕਿਆ ਨਹੀਂ ਜਾ ਸਕਦਾ, ਕਿਉਂਕਿ ਇਹ ਕੁਦਰਤ ਵੱਲੋਂ ਚੱਲ ਰਹੇ ਵਿਸ਼ਵ ਕਾਨੂੰਨਾਂ ਦਾ ਅੰਦਰੂਨੀ ਹਿੱਸਾ ਹੈ, ਜਿਨ੍ਹਾਂ ਉੱਤੇ ਮਾਨਸਿਕ ਸ਼ਕਤੀ ਦਾ ਕੋਈ ਕਾਬੂ (ਜ਼ੋਰ) ਨਹੀਂ ਅਤੇ ਜੇ ਮਨੁੱਖ ਜਾਤੀ ਕਿਸੇ ਸਮੇਂ ਵਿਸ਼ਵ-ਰਜ਼ਾਮੰਦੀ ਨਾਲ ਅਧਿਆਤਮਕ ਵਿਕਾਸ ਨੂੰ ਅਗਾਂਹ ਤੁਰਨੋਂ ਰੋਕ ਦੇਵੇ ਤਾਂ ਇਹ ਖੜ੍ਹਾ ਨਹੀਂ ਰਹਿ ਸਕਦਾ, ਸਗੋਂ ਇਹ ਤੁਰੰਤ ਹੀ ਪਿਛਾਂਹ ਨੂੰ ਹੋ ਤੁਰੇਗਾ। ਦੂਜੇ ਸ਼ਬਦਾਂ ਵਿਚ, ਵਿਕਾਸ ਦੇ ਨਫੀ ਪੱਖ ਦਾ ਆਰੰਭ ਹੋ ਜਾਵੇਗਾ ਜਿਸ ਵਿਚ ਐਸੀ ਸੱਭਿਅਤਾ ਖੜ੍ਹੀ ਹੋ ਜਾਵੇਗੀ ਜਿਸ ਦਾ ਅਨੁਮਾਨ ਜੇ.ਪੀ.ਬਰਾਸਫ਼ੋਰਡ ਅਤੇ ਮੈਂ ਆਪਣੀ ਪੁਸਤਕ "The Riddle of the Tower" ਵਿਚ ਲਾਇਆ ਸੀ ਅਤੇ ਇਹ ਦੁਨੀਆਂ ਮੁੜ ਮੱਕੜੀ ਦਾ ਜਾਲਾ ਬਣ ਕੇ ਰਹਿ ਜਾਵੇਗੀ ਜਿਸ ਵਿਚ ਅਧਿਆਤਮਿਕ ਕੀਮਤਾਂ ਨੂੰ ਪਦਾਰਥਕ ਲਾਭਾਂ ਤੋਂ ਕੁਰਬਾਨ ਕਰ ਦਿੱਤਾ ਜਾਵੇਗਾ। ਜੇ ਅਸੀਂ ਸੁਚੇਤ ਨਹੀਂ ਹੋ ਜਾਂਦੇ, ਜੇ ਅਸੀਂ ਇਸ ਅਸਲੀਅਤ ਨੂੰ ਅਨੁਭਵ ਅਤੇ ਪ੍ਰਵਾਨ ਨਹੀਂ ਕਰ ਲੈਂਦੇ ਕਿ ਮਨੁੱਖ ਜਾਤੀ ਦਾ ਵਿਕਾਸ ਸਾਡੇ ਸਾਰਿਆਂ ਦੇ ਯਤਨਾਂ 'ਤੇ ਨਿਰਭਰ ਹੈ ਤਾਂ ਮਨੁੱਖਾਂ ਦੀ ਵਿਅਕਤੀਗਤ ਅਹਿਮੀਅਤ (ਮਹੱਤਤਾ) ਅਤੇ ਇਸ ਲਈ ਮਨੁੱਖੀ ਜੀਵਨ ਦੀ ਪਵਿੱਤਰਤਾ ਦੇ ਅਹਿਸਾਸ ਦਾ ਘਾਟਾ ਬਣਿਆ ਹੀ ਰਹੇਗਾ, ਇਸ ਦਾ ਅਵੱਸ਼ ਨਤੀਜਾ ਇਹ ਹੋਵੇਗਾ ਕਿ ਮਨੁੱਖੀ ਸੱਭਿਅਤਾ ਵਿਕਾਸ ਦੇ ਨਫੀ-ਪੱਖ ਦੀ ਭਿਆਨਕ ਹਾਲਤ ਵਿਚ ਚਲੀ ਜਾਵੇਗੀ, ਜਿਸ ਦੇ ਪਹਿਲੇ ਦ੍ਰਿਸ਼ ਹੀਰੋਸ਼ੀਮਾ ਦੀ ਸਰਵ ਲਪੇਟੂ ਅਤੇ ਬੈਲਸਨ ਕੈਂਪ ਵਿਚ

ਦੇਖੇ ਗਏ ਸਨ ਅਤੇ ਜੋ ਕੇਵਲ ਹੇਠਲੇ ਰੁਖ ਨੂੰ ਤੁਰਦੀ ਹੋਈ ਦੁਨੀਆਂ ਦੇ ਬੰਦਿਆਂ ਦੇ ਜੀਵਨ ਨੂੰ ਜਾਲੇ ਵਾਲੇ ਜੀਵਨ ਦੀ ਗ਼ੁਲਾਮੀ ਅਤੇ ਜਹਾਲਤ ਤੀਕ ਅਪੜਾਅ ਦੇਵੇਗੀ। ਸਾਨੂੰ ਕੋਈ ਸ਼ੱਕ ਨਹੀਂ ਰਹਿ ਜਾਣਾ ਚਾਹੀਦਾ ਕਿ ਅਸਾਂ, ਤੁਸਾਂ ਤੇ ਮੈਂ, ਹੁਣੇ ਤੇ ਅੱਜ ਹੀ ਚੋਣ ਕਰਨੀ ਹੈ ਅਗਾਂਹ ਵਧਣ ਜਾਂ ਪਿਛਾਂਹ ਹਟਣ ਦੀ ਜੋ ਮੁੱਢਲੇ ਤੌਰ 'ਤੇ ਹੈ, ਅਕਾਸ਼ ਨੂੰ ਚੜ੍ਹਨਾ ਜਾਂ ਪਾਤਾਲ ਵਿਚ ਡਿੱਗਣਾ। ਤਬਦੀਲੀ ਦਾ ਅਰਥ ਨਿਰਾ ਅਗਾਂਹ ਵਧਣਾ ਹੀ ਨਹੀਂ ਹੁੰਦਾ, ਪਿਛਾਂਹ ਹਟਣਾ ਵੀ ਤਬਦੀਲੀ ਦਾ ਹੀ ਪ੍ਰਗਟਾਵਾ ਹੈ। ਆਮ ਤੌਰ 'ਤੇ ਇਹੋ ਸਮਝਿਆ ਜਾਂਦਾ ਹੈ ਕਿ ਵਿਕਾਸ ਦਾ ਅਰਥ ਹੈ ਕਿ ਕਿਸੇ ਮਸ਼ੀਨ ਨੂੰ ਜਾਂ ਮਨੁੱਖ ਨੂੰ ਜਾਂ ਸੰਸਾਰ ਨੂੰ ਪੂਰਨ (ਨੁਕਸ-ਰਹਿਤ) ਕਰ ਦੇਣਾ। ਪਰ ਕਦੇ ਵੀ ਕੋਈ ਮਨੁੱਖ ਪੂਰਨ ਨਹੀਂ ਹੋ ਜਾਂਦਾ, ਉਸ ਦੀ ਪਦਾਰਥਕ ਮਾਲਕੀ ਜਾਂ ਉਸ ਦੇ ਸੁੱਖਾਂ ਵਿਚ ਵਾਧਾ ਕਰਨ ਨਾਲ। ਜੇ ਮਨੁੱਖ ਜਾਤੀ ਦੀ ਸਦਾਚਾਰਕ ਉੱਨਤੀ ਇਉਂ ਹੋ ਸਕਦੀ ਹੁੰਦੀ ਤਾਂ ਸਾਰੇ ਲੱਖਪਤੀ ਹੁਣ ਤਕ ਮਹਾਨ ਸੰਤ ਹੋ ਗਏ ਹੁੰਦੇ। ਸੱਚਾਈ ਸਗੋਂ ਇਹ ਹੈ ਕਿ ਕੋਈ ਵੀ ਆਦਮੀ ਸੰਤ ਸੁਭਾਓ ਵਾਲਾ ਨਹੀਂ ਹੁੰਦਾ, ਜੋ ਪਦਾਰਥਾਂ ਦੇ ਮੋਹ ਤੋਂ ਉਤਾਂਹ ਨਹੀਂ ਉੱਠਦਾ। (ਇਹ ਲੇਖ ਬੰਬਈ ਦੇ ਅੰਗਰੇਜ਼ੀ ਮਾਸਿਕ-ਪੱਤਰ 'ਆਰੀਅਨ ਪਾਥ' ਵਿਚੋਂ ਲਿਆ ਗਿਆ ਹੈ, ਇਹ ਪੁਰਾਣਾ ਲੇਖ ਹੈ )।

-o-



**ਇਕੋ ਵਾਰ ਨਾਲ ਕਰੋੜਾਂ ਬੰਦਿਆਂ ਨੂੰ ਜਾਨੋਂ ਮਾਰ ਦੇਣ ਵਾਲਾ**

**ਐਟਮੀ ਬੰਬਾਂ ਦੇ ਵਰਤਮਾਨ ਕਾਲ ਵਿਚ**

**ਦੁਨੀਆਂ ਦੇ ਇਕੱਲੇ ਇਕੱਲੇ ਬੰਦੇ ਨੂੰ**

# ਧਰਮੀ ਬੰਦਾ ਬਣਨ ਦੀ ਲੋੜ

ਐਟਮ ਬੰਬ ਹੋਵੇ ਜਾਂ ਹਾਈਡਰੋਜਨ ਬੰਬ ਜਾਂ ਨਿਊਟਰਾਨ ਬੰਬ, ਇਨ੍ਹਾਂ ਤੋਂ ਅਨੇਕ ਪ੍ਰਕਾਰ ਦੀ ਤਬਾਹੀ ਹੁੰਦੀ ਹੈ ; ਜਿਵੇਂ ਰੁੱਖ ਸੁੱਕ ਜਾਣ ਜਾਂ ਅਲੋਪ ਹੀ ਹੋ ਜਾਣ, ਧਰਤੀ ਅੰਨ ਪੈਦਾ ਕਰਨ ਜੋਗੀ ਨਾ ਰਹੇ, ਫ਼ਰਕ ਕੇਵਲ ਰਕਬੇ ਦਾ ਹੋਵੇਗਾ। ਜੇ ਐਟਮ ਬੰਬ ੨੦ ਮੀਲ ਦੇ ਇਲਾਕੇ ਵਿਚ ਮਾਰ ਕਰਨ ਵਾਲਾ ਸੀ ਤਾਂ ਹਾਈਡੋਰਜਨ ਕਈ ਸੈਂਕੜੇ ਮੀਲਾਂ 'ਤੇ ਮਾਰ ਕਰਨ ਵਾਲਾ ਹੋਵੇਗਾ ਤੇ ਨਿਯੂਟਰਨ ਬੰਬ ਹਜ਼ਾਰਾਂ ਮੀਲਾਂ ਦੀ ਮਾਰ ਕਰਨ ਵਾਲਾ ਹੋਵੇਗਾ ਜਿਸ ਵਿਚ ਪਤਾ ਨਹੀਂ ਦੁਨੀਆਂ ਦਾ ਚੌਥਾ ਹਿੱਸਾ ਸਮਾਪਤ ਹੋਵੇਗਾ ਜਾਂ ਅੱਧਾ ਹਿੱਸਾ। ਪਰ ਇਕ ਗੱਲ ਤਾਂ ਸਾਰਿਆਂ ਬੰਬਾਂ ਦੀ ਸਾਂਝੀ ਹੋਵੇਗੀ ਕਿ ਜਿਹੜੇ ਬੰਦੇ ਮਰਨ ਤੋਂ ਬਚ ਜਾਣਗੇ ਉਨ੍ਹਾਂ ਦਾ ਹਾਲ ਹੇਠ ਲਿਖਿਆ ਹੋਵੇਗਾ : ਉਨ੍ਹਾਂ ਦੀਆਂ ਨਾ ਅੱਖਾਂ ਰਹਿਣਗੀਆਂ ਤੇ ਨਾ ਕੰਨ ਤੇ ਨਾ ਹੀ ਨੱਕ। ਉਹ ਮਾਸ ਦੇ ਲੋਥੜੇ ਬਣ ਜਾਣਗੇ। ਉਨ੍ਹਾਂ ਮਾਸ ਦੇ ਲੋਥੜਿਆਂ ਨੂੰ ਸੁਰਤ ਦੇ ਰਹਿਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦੋਂ ਦੇ ਐਟਮ ਬੰਬ ਬਣੇ ਹਨ, ਉਦੋਂ ਦੇ ਕੇਵਲ ਦੋ ਐਟਮ-ਬੰਬ ਹੀ ਦੁਨੀਆਂ ਵਿਚ ਚੱਲੇ ਹਨ ਤੇ ਇਹ ਦੋਵੇਂ ਜਾਪਾਨ ਦੇਸ਼ ਦੇ ਦੋ ਸ਼ਹਿਰਾਂ ਨਾਗਾਸਾਕੀ ਤੇ ਹੀਰੋਸ਼ੀਮਾ ਵਿਚ ਚਲੇ ਸਨ। ਇਨ੍ਹਾਂ ਦੋਹਾਂ ਸ਼ਹਿਰਾਂ ਦਾ ਖੁਰਾ ਖੋਜ ਮਿਟ ਗਿਆ ਸੀ ਤੇ ਜਿਹੜੇ ਬੰਦੇ ਮਰਨ ਤੋਂ ਬਚ ਗਏ ਸਨ ਉਨ੍ਹਾਂ ਦੇ ਰੂਪ ਅਜਿਹੇ ਬਣ ਗਏ ਸਨ ਜੈਸੇ ਰੂਪ ਦਾ ਮੈਂ ਉੱਤੇ ਵਰਣਨ ਕੀਤਾ ਹੈ ; ਜਿਵੇਂ ਮੰਜੇ 'ਤੇ ਬੇਸੁਰਤ ਸੁੰਡੀਆਂ ਪਈਆਂ ਹੋਣ। ਸੰਸਾਰ ਦੀਆਂ ਜਿਹੜੀਆਂ ਗਿਣਤੀ ਦੀਆਂ ਪੰਜ ਸੱਤ ਚਿੰਤਾਜਨਕ ਸਮੱਸਿਆਵਾਂ ਹਨ ਉਨ੍ਹਾਂ ਵਿਚ ਜੰਗ ਦੀ ਸਮੱਸਿਆ ਵੀ ਇਕ ਹੈ ਤੇ ਇਕ ਸਮੱਸਿਆ ਹੈ ਮਨੁੱਖਾਂ ਦੇ ਹਿਰਦਿਆਂ ਵਿਚੋਂ ਦਇਆ ਤੇ ਤਰਸ ਦੀਆਂ ਭਾਵਨਾਵਾਂ ਦਾ ਚਲਿਆ ਜਾਣਾ ਤੇ ਉਨ੍ਹਾਂ ਦਾ ਕਠੋਰ ਤੇ ਬੇ-ਰਹਿਮ ਹੋ ਜਾਣਾ। ਅੰਗਰੇਜ਼ੀ ਭਾਸ਼ਾ ਵਿਚ ਇਸ ਸਮੱਸਿਆ ਨੂੰ (Dehumanisation) ਕਿਹਾ ਜਾਂਦਾ ਹੈ।

-o-

ਦੁਨੀਆਂ ਦੇ ਸਾਰੇ ਬੰਦਿਆਂ ਨੂੰ

## ਦਇਆਵਾਨ ਹੋਣ ਦੀ ਲੋੜ

ਜਦੋਂ ਦੁਨੀਆਂ ਵਿਚ ਇਕੱਲੀ ਬੰਦੂਕ ਹੀ ਈਜਾਦ ਹੋਈ ਸੀ ਤਾਂ ਉਸ ਵੇਲੇ ਦੁਨੀਆਂ ਮਨੁੱਖੀ ਹਿਰਦੇ ਦੀ ਕਠੋਰਤਾ ਵੱਲੋਂ ਬੇ-ਫ਼ਿਕਰ ਰਹਿ ਸਕਦੀ ਸੀ; ਕਿਉਂਕਿ ਕੋਈ ਬੰਦਾ ਆਪਣੀ ਬੰਦੂਕ ਦੇ ਫ਼ਾਇਰਾਂ ਨਾਲ ਗਿਣਤੀ ਦੇ ਥੋੜ੍ਹੇ ਜਿੰਨੇ ਬੰਦਿਆਂ ਨੂੰ ਹੀ ਮਾਰ ਸਕਦਾ ਹੈ , ਪਰ ਜਦੋਂ ਇਕ ਬੰਦਾ ਨਿਯੂਟਰਨ ਬੰਬ ਨਾਲ ਕੁਝ ਲੱਖਾਂ ਬੰਦਿਆਂ ਨੂੰ ਜਾਨੋਂ ਮਾਰ ਸਕਦਾ ਹੈ ਤਾਂ ਦੁਨੀਆਂ ਦੇ ਸਿਆਣੇ ਬੰਦਿਆਂ ਨੂੰ ਇਸ ਫ਼ਿਕਰ ਵਿਚ ਪੈ ਜਾਣਾ ਚਾਹੀਦਾ ਹੈ ਕਿ ਉਹ ਬੰਦਿਆਂ ਦੇ ਹਿਰਦਿਆਂ ਵਿਚ ਦਇਆ ਦਾ ਭਾਵ ਵਸਾਉਣ ਦਾ ਯਤਨ ਕਰਨ, ਦੁਨੀਆਂ ਨੂੰ ਜਗਾਣ ਲਈ । ਇਸੇ ਕਰਕੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਘਰ-ਬਾਰ ਛੱਡ ਕੇ ੨੪ ਸਾਲ ਪੈਦਲ ਦੇਸ਼-ਬਦੇਸ਼ਾਂ ਦੀ ਯਾਤਰਾ ਕੀਤੀ ਸੀ। ਉਹਨਾਂ ਹੇਠ ਲਿਖਿਆ ਸ਼ਬਦ ਉਚਾਰਿਆ:-

**ਨਾਨਕ ਦੁਨੀਆ ਕੈਸੀ ਹੋਈ ॥**
**ਸਾਲਕੁ ਮਿਤੁ ਨ ਰਹਿਓ ਕੋਈ ॥**
**ਭਾਈ ਬੰਧੀ ਹੇਤੁ ਚੁਕਾਇਆ ॥**
**ਦੁਨੀਆ ਕਾਰਣਿ ਦੀਨੁ ਗਵਾਇਆ ॥**
**(ਅੰਗ ੧੪੧੦)**

ਇਸ ਸਮੇਂ ਇਨ੍ਹਾਂ ਪਰਲੋ ਦੇ ਵੱਡੇ ਪ੍ਰਤੀਨਿਧ ਹਾਈਡਰੋਜਨ ਤੇ ਨਿਯੂਟਰਨ ਬੰਬਾਂ ਨੇ ਇਹ ਜ਼ਰੂਰੀ ਬਣਾ ਦਿੱਤਾ ਹੈ ਕਿ ਦੁਨੀਆਂ ਦਾ ਹਰ ਬੰਦਾ ਸਭ ਜੀਵਾਂ ਵਿਚ ਰੱਬ ਨੂੰ ਦੇਖਣ ਵਾਲਾ ਬਣੇ ਤੇ ਇਸ ਲਈ ਹਰ ਜੀਵ ਦੀ ਜਾਨ ਪਵਿੱਤਰ ਸਮਝੇ, ਹਰ ਜੀਵ ਦਾ ਸਤਿਕਾਰ ਕਰੇ, ਹਰ ਜੀਵ ਦੇ ਜਿਊਣ ਦਾ ਅਧਿਕਾਰ ਪਵਿੱਤਰ ਮੰਨੇ, ਹਰ ਜੀਵ ਨਾਲ ਵਿਹਾਰ ਕਾਰ ਕਰਦਾ ਹੋਇਆ '**ਜੀਓ ਤੇ ਜਿਊਣ ਦਿਉ**' ਦੇ ਅਸੂਲ ਨੂੰ ਸਨਮੁੱਖ ਰੱਖੇ । ਇਸ ਸਦੀ ਦੇ ਸੰਸਾਰ-ਪ੍ਰਸਿੱਧ ਮਹਾਨ ਚਿੰਤਕ ਤੇ ਭਗਤ ਐਲਬਰਟ ਸਵਿਟਜ਼ਰ ਦੇ ਹੇਠ ਲਿਖੇ ਸ਼ਬਦ ਹੀ ਇਸ ਯੁੱਗ ਵਿਚ ਸੰਸਾਰ ਦੀ ਸ਼ਾਂਤੀ ਤੇ ਜੀਵ ਰੱਖਿਆ ਦੇ ਜਾਮਨ ਹੋ ਸਕਦੇ ਹਨ ।

I am life willing to live in the midst of life



willing to live.

Albert Sweitzer

ਅਰਥਾਤ ਮੈਂ ਜੀਵਨ ਹਾਂ, ਜਿਊਂਦਿਆਂ ਵਿਚ ਜਿਊਣਾ ਚਾਹੁੰਦਾ ਹਾਂ, ਮੈਂ ਜਿਊਣ ਦਾ ਇੱਛੁਕ ਹਾਂ ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੇਠ ਲਿਖੇ ਸ਼ਬਦ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਗਏ ਹਨ, ਬੜੇ ਮਹਾਨ ਹਨ :-

**(੧) ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**
... .... ... ... **(ਅੰਗ ੪੪੧)**

**(੨) ਨਾਨਕੁ ਵੇਚਾਰਾ ਕਿਆ ਕਹੈ ॥**
**ਸਭੁ ਲੋਕੁ ਸਲਾਹੇ ਏਕਸੈ ॥**
**ਸਿਰੁ ਨਾਨਕ ਲੋਕਾ ਪਾਵ ਹੈ ॥**
**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ (ਅੰਗ ੧੧੬੮)**

ਨਾਨਕ ਵਿਚਾਰਾ ਗ਼ਰੀਬ ਕੀ ਕਰੇ, ਕਿਸੇ ਨੂੰ ਚੰਗਾ ਤੇ ਕਿਸੇ ਨੂੰ ਬੁਰਾ ਆਖੇ, ਉਹ ਤਾਂ ਸਭ ਲੋਕਾਂ ਨੂੰ ਇਕੋ ਜਿਹਾ ਸਲਾਹੁੰਦਾ ਹੈ, ਸਗੋਂ ਨਾਨਕ ਦਾ ਸਿਰ ਲੋਕਾਂ ਦੇ ਪੈਰਾਂ ਉੱਤੇ ਟਿਕਦਾ ਹੈ ; ਕਿਉਂਕਿ ਉਹ ਸਾਰਿਆਂ ਤੋਂ ਕੁਰਬਾਨ ਹੋ ਜਾਂਦਾ ਹੈ । ਉਸ ਨੂੰ ਸਾਰੇ ਉਸ ਦਾ ਨਾਮ ਉਸ ਦਾ ਰੂਪ ਹੋ ਕੇ ਦਿੱਸਦੇ ਹਨ।

-o-

## ਜੀਵਨ ਸੇਧਾਂ



## ਤੇਰਾ ਸਦੜਾ ਸੁਣੀਜੈ ਭਾਈ
## ਜੇ ਕੋ ਬਹੈ ਅਲਾਇ ॥

# ਰੱਬ ਦਾ ਸੱਦਾ

ਪ੍ਰਾਣੀ-ਮਾਤਰ ਦੀ ਸੇਵਾ ਲਈ ਰੱਬ ਦੀ ਅਵਾਜ਼ ਹਰ ਮਨੁੱਖ ਅੰਦਰ ਉੱਠਦੀ ਰਹਿੰਦੀ ਹੈ; ਭਾਵੇਂ ਸੁਣਦਾ ਇਸ ਨੂੰ ਕੋਈ ਵਿਰਲਾ ਹੀ ਹੈ ।

**"ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥"**

**(ਸ੍ਰੀ ਗੁਰੂ ਨਾਨਕ ਦੇਵ ਜੀ) (ਅੰਗ ੭੩੦)**

"Brother, whoever dwelleth on His heareth the voice of God within himself." (Guru Nanak)

This is the 'Pause-Line' in the following hymn of Guru Nanak.

**"ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥ ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥ ੧॥ ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥ ੧॥ ਰਹਾਉ ॥ ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥ ੨ ॥ ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥ ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥੪॥ ੫॥ ੭॥" ਸੂਹੀ ਮਹਲਾ ੧ ॥ (ਅੰਗ ੭੩੦)**

**ਪਦ-ਅਰਥ**

ਜੋਗਵੈ—ਯੋਗ ਕਮਾਉਂਦਾ ਹੈ ; ਸਦੜਾ—ਅਵਾਜ਼ ; ਅਲਾਇ—ਜਪੁ, ਯਾਦ ਕਰੇ, ਹਰੀ ਦਾ ਧਿਆਨ ਧਰੇ ; ਲੁਣੈ—ਵੱਢਦਾ ਹੈ ; ਨੀਸਾਣੈ—ਪਰਵਾਨਾ; ਕਾਢੀਐ—ਗਿਣਿਆ (ਕਹਿਆ) ਜਾਂਦਾ ਹੈ ; ਬਿਰਥਾ—ਨਿਸਫਲ ; ਬੈਕਰੀ—ਮੁੱਲ ਲੈ ਕੇ ਦੇਂਦਿਆਂ ।

**ਟੀਕਾ**

੧. ਇਕ ਸਾਧਾਰਣ ਮਨੁੱਖ ਆਪਣੀ ਹਉਮੈਂ ਦੀ ਅਵਾਜ਼ ਨੂੰ ਸੁਣਦਾ



ਹੈ ਤੇ ਉਸ ਅਨੁਸਾਰ ਹੀ ਚੱਲਦਾ ਹੈ, ਪਰ ਅੰਦਰ ਬੈਠੇ ਰੱਬ ਦੀ ਅਵਾਜ਼ ਨੂੰ ਕੋਈ ਵਿਰਲਾ ਹੀ ਸੁਣਦਾ ਹੈ, ਜੋਗੀ ਜੋਗ ਕਮਾਉਂਦਾ ਹੈ, ਭੋਗੀ ਭੋਗ ਭੋਗਦਾ ਹੈ ।

੨. ਤਪੱਸਵੀ ਤਪ ਕਰਦਾ ਹੈ, (ਤੀਰਥ ਕਰਨ ਵਾਲਾ) ਤੀਰਥ ਤੇ ਮਲ-ਮਲ ਇਸ਼ਨਾਨ ਕਰਦਾ ਹੈ, ਜੋਗੀ ਭੋਗੀ ਤਪਸੱਵੀ ਤੇ ਤੀਰਥ ਇਸ਼ਨਾਨੀ ਆਪਣੀ ਹਉਮੈਂ ਨੂੰ ਨਾਲ ਲਈ ਫਿਰਦੇ ਹਨ ॥੧ ॥

੩. ਪਰ ਹੇ ਪਿਆਰੇ ! ਹਰ ਕੋਈ ਅੰਤਰ -ਆਤਮੈ ਉਸ ਹਰੀ ਦੀ ਅਵਾਜ਼ ਨੂੰ ਵੀ ਸੁਣ ਸਕਦਾ ਹੈ, ਜੇ ਉਹ ਬੈਠ ਕੇ (ਟਿਕ ਕੇ) ਹਰੀ ਨੂੰ ਯਾਦ ਕਰੇ ॥੧ ॥ ਰਹਾਉ ॥

੪. (ਨਹੀਂ ਤਾਂ) ਜੋ ਕੁਝ ਕੋਈ ਬੀਜਦਾ ਹੈ, ਉਹੋ ਕੁਝ ਉਹ ਵੱਢਦਾ ਹੈ, ਜੋ ਕਮਾਈ ਕਰਦਾ ਹੈ, ਉਹੀ ਖਾਂਦਾ ਹੈ ।

੫. ਪਰ ਯਾਦ ਰੱਖੋ ਜਿਹੜਾ ਪੁਰਸ਼ ਨਾਮ-ਰੂਪ ਪਰਵਾਨਾ ਲੈ ਕੇ ਜਾਂਦਾ ਹੈ, ਕੇਵਲ ਉਸ ਨੂੰ ਹੀ ਦਰਗਾਹ ਵਿਚ ਲੇਖਾ ਨਹੀਂ ਦੇਣਾ ਪੈਂਦਾ ॥੨॥

੬. ਜੈਸੀ ਕੋਈ ਕਾਰ ਕਰਦਾ ਹੈ, ਉਸ ਅਨੁਸਾਰ ਹੀ ਉਸ ਨੂੰ (ਦਰਗਾਹ ਵਿਚ ) ਚੰਗਾ ਜਾਂ ਮੰਦਾ ਨਾਮ ਦਿੱਤਾ ਜਾਂਦਾ ਹੈ ।

੭. (ਇਹ ਸੱਚਾਈ) ਸਭ ਨੂੰ ਯਾਦ ਰੱਖਣੀ ਚਾਹੀਦੀ ਹੈ ਕਿ ਜੋ ਸਵਾਸ ਸਿਮਰਨ ਬਿਨਾਂ ਜਾਂਦਾ ਹੈ ਉਹ ਸਵਾਸ ਨਿਹਫਲ ਹੀ ਜਾਂਦਾ ਹੈ ॥੩॥

੮. ਇਹ ਸਰੀਰ ਮੈਂ ਵੇਚ ਦੇਵਾਂ, ਬੈ ਕਰ ਦੇਵਾਂ, ਜੇ ਕੋਈ ਇਸ ਨੂੰ ਨਾਮ ਦੇ ਬਦਲੇ ਖ਼ਰੀਦਣ ਵਾਲਾ ਹੋਵੇ ।

੯. ਕਿਉਂਕਿ, ਹੇ ਨਾਨਕ ! ਮੈਂ ਸਮਝਦਾ ਹਾਂ ਕਿ ਉਹ ਸਰੀਰ ਕਿਸੇ ਕੰਮ ਨਹੀਂ ਹੈ ਜਿਸ ਅੰਦਰ ਸੱਚਾ ਨਾਮ ਨਹੀਂ ਹੈ ॥੪॥੫॥੭॥

ਸ਼ਬਦ ਵਿਚ ਇਹ ਸਮਝਾਇਆ ਗਿਆ ਹੈ ਕਿ ਹਉਮੈਂ ਦਾ ਪ੍ਰਭਾਵ ਹੀ ਅਜਿਹਾ ਹੈ ਕਿ ਇਹ ਹਰੀ ਦੀ ਅਵਾਜ਼ ਸੁਣਨ ਦੇ ਰਾਹ ਵਿਚ ਰੋਕ ਬਣ ਕੇ ਆ ਖਲੋਂਦੀ ਹੈ । ਆਮ ਮਨੁੱਖ ਤਾਂ ਅਸਾਨੀ ਨਾਲ ਹਉਮੈਂ ਦੇ ਪ੍ਰਭਾਵ ਹੇਠ ਆ ਜਾਂਦੇ ਹਨ ਪਰ ਇਹ ਤਾਂ ਉਨ੍ਹਾਂ ਮਨੁੱਖਾਂ ਦੇ ਅੰਦਰ ਵੜ ਕੇ ਉਨ੍ਹਾਂ ਨੂੰ ਵੀ

ਆਪਣੇ ਨਿਸ਼ਾਨਿਆਂ ਤੋਂ ਡੇਗ ਦੇਂਦੀ ਹੈ ਜਿਹੜੇ ਪ੍ਰਮਾਰਥ ਦੇ ਰਾਹ 'ਤੇ ਤੁਰਨ ਦਾ ਯਤਨ ਕਰਿਆ ਕਰਦੇ ਹਨ । ਜੀਵਨ ਦੇ ਹਰ ਘੇਰੇ ਵਿਚ ਹੀ ਇਸ ਦਾ ਜਾਲ ਵਿਛਿਆ ਹੋਇਆ ਹੈ :-

**ਤੀਰਥਿ ਜਾਉ ਤ ਹਉ ਹਉ ਕਰਤੇ ॥ (ਅੰਗ ੩੯੫)**

ਪਰ ਜੋ ਮਨੁੱਖ ਨਾਮ ਦੁਆਰਾ ਆਪਣੇ ਅੰਦਰ ਟਿਕ ਕੇ ਆਪਣੇ ਮਨ, ਆਤਮਾ ਦੇ ਦਰਵਾਜ਼ੇ ਪ੍ਰਮਾਤਮਾ ਤਾਈਂ ਖੋਲ੍ਹ ਦਿੰਦਾ ਹੈ ਤੇ ਆਪਣੇ ਆਪ ਨੂੰ ਆਪਣੀ ਹਉਮੈਂ ਨੂੰ ਉੱਕਾ ਹੀ ਵਿਚੋਂ ਕੱਢ ਦਿੰਦਾ ਹੈ ਉਸ ਨੂੰ ਰੱਬ ਦੀ ਅਵਾਜ਼ ਸੁਣਾਈ ਦਿੰਦੀ ਹੈ। ਹੁਕਮ ਨੂੰ ਉਹ ਬੁਝਦਾ ਹੈ ਜਿਸ ਦੀ ਹਉਮੈਂ ਨਹੀਂ ਰਹਿੰਦੀ:-

**ਹਉਮੈ ਬੂਝੈ ਤਾ ਦਰੁ ਸੂਝੈ ॥ ਆਸਾ ਮਹਲਾ ੧॥ (ਅੰਗ ੪੬੬)**

ਅਰਥਾਤ- ਜਦੋਂ ਹਉਮੈਂ ਦੀ ਅਗਨੀ ਬੁੱਝ ਜਾਂਦੀ ਹੈ ਤਾਂ ਹੀ ਹਰੀ ਦਾ ਦਰ ਲੱਭਦਾ ਹੈ ।

ਸ਼ਬਦ ਦਾ ਨਿਚੋੜ ਰਹਾਉ ਦੀ ਤੁਕ ਵਿਚ ਹੈ ਜਿਸ ਨੂੰ ਅਸੀਂ ਵੱਖਰਾ ਕਰਕੇ ਵੀ ਦੇਣਾ ਚਾਹੁੰਦੇ ਹਾਂ, ਤੁਕ ਇਹ ਹੈ :-

**ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥"**

**(ਗੁਰੂ ਨਾਨਕ ਦੇਵ ਜੀ) (ਅੰਗ ੭੩੦)**

"ਹਰ ਮਨੁੱਖ ਲਈ ਪ੍ਰਮਾਤਮਾ ਦੇ ਸੱਦੇ ਸਮੇਂ ਸਮੇਂ ਆਉਂਦੇ ਰਹਿੰਦੇ ਹਨ ਤੇ ਹਰ ਕੋਈ ਉਹਨਾਂ ਨੂੰ ਸੁਣ ਵੀ ਸਕਦਾ ਹੈ ਜੇ ਉਹ ਨੇਕ ਨੀਅਤ ਨਾਲ ਹਰੀ ਨੂੰ ਚੇਤੇ ਕਰੇ ।"

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਲੇ ਸ਼ਬਦ ਦੀ ਮਹਾਨਤਾ ਹਰ ਮਨੁੱਖ ਲਈ ਹੈ ਪਰ ਇਸ ਨੂੰ ਸਮਝਦਾ ਕੋਈ ਉਹੀ ਹੈ ਜਿਸ ਨੇ ਪਹਿਲੇ ਯੋਗਤਾ ਪ੍ਰਾਪਤ ਕੀਤੀ ਹੋਵੇ, ਜੋ ਆਪਣੇ ਆਪ ਨੂੰ ਪ੍ਰਮਾਤਮਾ ਦੇ ਹਵਾਲੇ ਕਰ ਦੇਵੇ, ਜੋ ਉਸ ਦਾ ਹੁਕਮੀ ਸੇਵਕ ਹੋ ਜਾਵੇ । ਇਹ ਸ਼ਬਦ ਰਹਿੰਦੀ ਦੁਨੀਆਂ ਤਕ ਹੋਸ਼ ਸੰਭਾਲਣ ਵਾਲੇ ਸੰਸਾਰ ਦੇ ਹਰ ਗੱਭਰੂ ਨੂੰ ਝੰਜੋੜਦਾ ਰਹੇਗਾ ਕਿ ਉਹ ਇਸ ਗੱਲ ਦਾ ਪਤਾ ਕਰੇ ਕਿ ਸਮੇਂ ਦੇ ਹਾਲਾਤ ਉਸ ਪਾਸੋਂ ਕੀ ਮੰਗ ਕਰ ਰਹੇ ਹਨ ਤੇ ਉਹ ਉਸ ਮੰਗ ਨੂੰ ਪੂਰਾ ਕਰਨ ਲਈ ਤਿਆਰ ਹੈ ਜਾਂ ਨਹੀਂ, ਭਾਵੇਂ ਉਸ ਨੂੰ ਅਜਿਹਾ ਕਰਨ ਲਈ ਕਿੰਨੀਆਂ ਔਖੀਆਂ ਤੋਂ ਔਖੀਆਂ ਘਾਲਾਂ ਘਾਲਣੀਆਂ



ਪੈਂਦੀਆਂ ਹੋਣ ।

ਸੰਸਾਰ ਦੇ ਇਤਿਹਾਸ ਵਿਚ ਇਹੋ ਜਿਹੇ ਨੌਜਵਾਨ ਵੀ ਕਦੀ ਕਦਾਈਂ ਹੁੰਦੇ ਹਨ ਜਿਨ੍ਹਾਂ ਨੇ ਰੱਬ ਦਾ ਸੱਦਾ ਆਉਣ 'ਤੇ ਘਰ ਬਾਰ ਵੀ ਸਦਾ ਲਈ ਤਿਆਗ ਦਿੱਤਾ ਸੀ ਤੇ ਸੇਵਾ ਦੇ ਮੈਦਾਨ ਵਿਚ ਕੁੱਦ ਪਏ ਸਨ । ਕਦੇ ਕਦੇ ਇਸਤਰੀਆਂ ਨੇ ਵੀ ਪਰਉਪਕਾਰ ਦੀ ਖ਼ਾਤਰ ਆਪਣੀ ਜਵਾਨੀ ਦੇ ਆਰੰਭ ਤੋਂ ਹੀ ਆਪਣਾ ਸਾਰਾ ਜੀਵਨ ਅਰਪਣ ਕਰ ਦਿੱਤਾ ਸੀ । ਉਹਨਾਂ ਵਿਚੋਂ ਇਕ ਇਸਤਰੀ ਇੰਗਲੈਂਡ ਦੀ ਫ਼ਲੋਰੈਂਸ ਨਾਈਟਿੰਗੇਲ ਹੋਈ ਹੈ ਜਿਸ ਨੇ ਆਪਣੀ ਚੜ੍ਹਦੀ ਜਵਾਨੀ ਵਿਚ ਹੀ ਰੋਗੀਆਂ ਦੀ ਸੇਵਾ-ਸੰਭਾਲ ਦਾ ਕੰਮ ਚੁੱਕ ਲਿਆ ਸੀ ।

-o-

## ਇਕ ਜਾਪਾਨੀ ਬੰਦੇ ਦੀ ਨਿਗਾਹ ਵਿਚ ਦੇਸ਼ ਵਾਸੀਆਂ ਦੀ ਨਿਕਰਮਣਤਾ

ਕਾਲ ਦੇ ਦਿਨਾਂ ਵਿਚ ਦੇਸ਼-ਵਾਸੀਆਂ ਦੀ ਨਿਕਰਮਣਤਾ ਦੀ ਗੱਲ ਜੈ ਪ੍ਰਕਾਸ਼ ਜੀ ਨੇ ਇਕ ਅਖ਼ਬਾਰ ਵਿਚ ਇਹ ਕੱਢੀ ਸੀ ਕਿ ਇਕ ਦਿਨ ਉਹ ਜਾਪਾਨ ਦੇਸ਼ ਦੇ ਇਕ ਬੰਦੇ ਨਾਲ ਜੀਪ ਉੱਤੇ ਇਕ ਖੂਹ ਪਾਸੋਂ ਲੰਘ ਰਹੇ ਸਨ ਤੇ ਉਸ ਖੂਹ ਦਾ ਪਾਣੀ ਚਲ੍ਹਾ ਬਣਿਆ ਖਲੋਤਾ ਸੀ ਤੇ ਲੋਕੀਂ ਕੋਲ ਬੈਠੇ ਤਾਸ਼ ਖੇਡ ਰਹੇ ਸਨ । ਜਾਪਾਨੀ ਨੇ ਉਨ੍ਹਾਂ ਤਾਸ਼ ਖੇਡਦਿਆਂ ਬੰਦਿਆਂ ਬਾਰੇ ਜੈ ਪ੍ਰਕਾਸ਼ ਜੀ ਨੂੰ ਇਹ ਗੱਲ ਕਹੀ ਸੀ ਕਿ **"ਇਨ੍ਹਾਂ ਦੇ ਪ੍ਰਾਂਤ ਵਿਚ ਭਿਆਨਕ ਅੰਨ ਸੰਕਟ ਆਇਆ ਹੋਇਆ ਹੈ, ਇਹ ਤਾਸ਼ ਖੇਡ ਕੇ ਸਮਾਂ ਗੁਆ ਰਹੇ ਹਨ, ਪਾਣੀ ਨੂੰ ਕਿਸੇ ਸਬਜ਼ੀ ਨੂੰ ਉਗਾਉਣ ਲਈ ਕਿਉਂ ਨਹੀਂ ਵਰਤਦੇ ?"** ਇਕ ਹੋਰ ਗੱਲ ਜਿਸ ਵਿਚ ਜੈ ਪ੍ਰਕਾਸ਼ ਜੀ ਨੇ ਲੋਕਾਂ ਦਾ ਧਿਆਨ ਦਿਵਾਇਆ ਸੀ । ਉਹ ਬਿਹਾਰ ਨਿਵਾਸੀਆਂ ਦਾ ਕੱਤਿਆ ਬੁਣਿਆ ਕੱਪੜਾ ਸੀ ਜਿਸ ਨੂੰ ਵੇਚ ਕੇ ਉਹ ਆਪਣੇ ਘਰਾਂ ਵਿਚ ਬੈਠੇ ਹੋਏ ਪ੍ਰਸ਼ਾਦਾ ਛਕਦੇ ਸਨ । ਜਿਹੜੇ ਬੰਦੇ ਪਿੰਡਾਂ ਵਿਚ ਹੱਥ ਦੀ ਦਸਤਕਾਰੀ ਨਾਲ ਗੁਜ਼ਾਰਾ ਕਰਨ ਵਾਲੇ ਹੁੰਦੇ ਹਨ, ਕਾਲ ਦੇ ਦਿਨਾਂ ਵਿਚ ਉਹਨਾਂ ਦਾ ਰੋਜ਼ਗਾਰ ਇਸ ਲਈ ਬੰਦ ਹੋ ਜਾਇਆ ਕਰਦਾ ਹੈ ਕਿਉਂਕਿ ਖੇਤੀ ਦਾ ਕੰਮ ਕਰਨ ਵਾਲੇ ੭੦ ਪ੍ਰਤੀਸ਼ਤ ਬੰਦੇ ਆਪ

ਬੇਕਾਰੀ ਦੇ ਕਾਰਨ ਗ਼ਰੀਬ ਹੋ ਜਾਂਦੇ ਹਨ ਅਤੇ ਉਹ ਹੱਥਾਂ ਦੀ ਦਸਤਕਾਰੀ ਵਾਲੇ ਗ਼ਰੀਬ ਕਾਰੀਗਰਾਂ ਦੀਆਂ ਬਣਾਈਆਂ ਹੋਈਆਂ ਵਸਤਾਂ ਨਹੀਂ ਖ਼ਰੀਦ ਸਕਿਆ ਕਰਦੇ।

ਜੇਕਰ ਕਾਲ ਦੇ ਦੋ ਸਾਲਾਂ ਦੇ ਸਮੇਂ ਵਿਚ ਭਾਰਤ ਦੇ ਦਿੱਲੀ ਵਰਗੇ ਸ਼ਹਿਰਾਂ ਦੇ ਬੰਦੇ ਬਿਹਾਰ ਦੇ ਜੁਲਾਹਿਆਂ ਦਾ ਬਣਿਆ ਹੋਇਆ ਖੱਦਰ ਦਾ ਉਹ ਕੱਪੜਾ ਖ਼ਰੀਦਦੇ ਜਿਹੜਾ ਹੱਥ ਨਾਲ ਕੱਤਿਆ ਜਾਂਦਾ ਹੈ ਤੇ ਹੱਥ ਨਾਲ ਹੀ ਬੁਣਿਆ ਜਾਂਦਾ ਹੈ ਤਾਂ ਉਸ ਕੱਪੜੇ ਦੇ ਵਿਕਣ ਨਾਲ ਕਈਆਂ ਬੰਦਿਆਂ ਨੂੰ ਰੋਜ਼ਗਾਰ ਮਿਲਦਾ, ਜਿਵੇਂ ਕਪਾਹ ਵੇਲਣ ਵਾਲਾ, ਰੂੰ ਪਿੰਜਣ ਵਾਲਾ, ਪੂਣੀਆਂ ਵੱਟਣ ਵਾਲਾ, ਕੱਤਣ ਵਾਲਾ ਤੇ ਬੁਣਨ ਵਾਲਾ, ਚਰਖਾ ਬਣਾਉਣ ਵਾਲਾ ਤਰਖਾਣ, ਤੱਕਲਾ ਬਣਾਉਣ ਵਾਲਾ ਲੁਹਾਰ, ਚਰਮਖ ਬਣਾਉਣ ਵਾਲਾ ਬਾਜੀਗਰ ਤੇ ਪਿੰਜਣ ਵਾਲੀ ਤੰਦ ਬਣਾਉਣ ਵਾਲਾ ਚੁਮਾਰ ਆਦਿ। ਇਸ ਤਰ੍ਹਾਂ ਬਿਹਾਰ ਦੇ ਕਾਲ ਪੀੜਿਤਾਂ ਨੂੰ ਬਹੁਤ ਹੱਦ ਤਕ ਸਹਾਇਤਾ ਮਿਲ ਜਾਂਦੀ ਤੇ ਉਹ ਰੋਜ਼ਗਾਰ ਕਮਾਉਂਦੇ —ਤੇ ਉਹ ਸਤਿਕਾਰ ਨਾਲ ਭੁੱਖ ਨਾਲ ਮਰਨ ਤੋਂ ਆਪਣੇ ਆਪ ਨੂੰ ਬਚਾਅ ਲੈਂਦੇ ।

ਅਮਰੀਕਾ ਤੇ ਯੂਰਪ ਦੇ ਦੇਸ਼ਾਂ ਦੇ ਮੁੰਡਿਆਂ ਕੁੜੀਆਂ ਨੇ ਇਕ ਇਕ ਡੰਗ ਵਰਤ ਰੱਖ ਕੇ ਰੋਟੀ ਦੇ ਖ਼ਰਚ ਦੀ ਜੋ ਬੱਚਤ ਕੀਤੀ, ਉਹ ਮਾਇਆ ਉਨ੍ਹਾਂ ਨੇ ਬਿਹਾਰ ਦੇ ਕਾਲ-ਪੀੜਿਤਾਂ ਨੂੰ ਭੇਜੀ ; ਪਰ ਸਾਡੇ ਦੇਸ਼ ਦੇ ਬੰਦਿਆਂ ਦੇ ਹਿਰਦਿਆਂ 'ਤੇ ਜੈ ਪ੍ਰਕਾਸ਼ ਨਾਰਾਇਣ ਦੀ ਇਸ ਪੁਕਾਰ ਦਾ ਵੀ ਕੋਈ ਅਸਰ ਨਾ ਹੋਇਆ ਕਿ ਉਹ ਬਿਹਾਰ ਦੇ ਜੁਲਾਹਿਆਂ ਦਾ ਬੁਣਿਆ ਹੋਇਆ ਕੱਪੜਾ ਥਾਂ ਥਾਂ 'ਤੇ ਮੰਗਵਾਉਣ ਤੇ ਉਸ ਦੀ ਵਿਕਰੀ ਨਾਲ ਉੱਥੋਂ ਦੇ ਜੁਲਾਹਿਆਂ ਨੂੰ ਰੋਜ਼ਗਾਰ ਦੇਣ । ਸਾਡੇ ਦੇਸ਼ ਦੇ ਧਾਰਮਿਕ ਰਾਜਸੀ ਜਾਂ ਸਮਾਜੀ ਆਗੂਆਂ ਨੂੰ ਇਹ ਗੱਲ ਨਾ ਸੁਝੀ ਕਿ ਦੇਸ਼ ਦੀ ਵੱਧ ਤੋਂ ਵੱਧ ਜਨਤਾ ਨੂੰ ਬਿਹਾਰ ਦੇ ਅੰਨ ਸੰਕਟ ਦੀ ਮਾਰ ਹੇਠ ਆਏ ਬੰਦਿਆਂ ਲਈ ਦਾਨ ਦਿੰਦੇ ਜਾਂ ਵਰਤ ਰੱਖ ਕੇ ਬਚਤ ਕਰਦੇ ਜਾਂ ਉਹਨਾਂ ਦਾ ਬੁਣਿਆਂ ਹੋਇਆ ਕੱਪੜਾ ਖ਼ਰੀਦਦੇ । ਇਸ ਤਰ੍ਹਾਂ ਨਾਲ ਕਾਫ਼ੀ ਹਦ ਤਕ ਬਿਹਾਰ ਦੇ ਬੰਦਿਆਂ ਨੂੰ ਰੋਜ਼ਗਾਰ ਦੇ ਕੇ ਭੁੱਖ ਨਾਲ ਮਰਨ ਤੋਂ ਬਚਾਇਆ ਜਾ ਸਕਦਾ ਸੀ ; ਪਰ ਸਾਡੇ ਦੇਸ਼ ਦੇ ਬੰਦਿਆਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਨਾ ਦਿੱਤਾ ਗਿਆ । ਜਿਨ੍ਹਾਂ ਲੋਕਾਂ ਦੇ ਹਿਰਦਿਆਂ ਵਿਚ ਦਇਆ ਦਾ ਭਾਵ ਵੱਸਦਾ ਹੁੰਦਾ ਹੈ, ਉਹ ਦੂਜੇ ਦੇਸ਼ਾਂ ਵਿਚ ਬੈਠੇ ਹੋਏ ਵੀ



ਅਜਿਹੀਆਂ ਗੱਲਾਂ ਸੋਚ ਲਿਆ ਕਰਦੇ ਹਨ ਤੇ ਕਰ ਵੀ ਦਿੱਤਾ ਕਰਦੇ ਹਨ; ਅਜਿਹੀ ਇਕ ਮਿਸਾਲ ਉਹਨਾਂ ਦਿਨਾਂ ਵਿਚ ਕਿਸੇ ਅਰਬ ਦੇਸ਼ ਜਿਸ ਦਾ ਨਾਮ ਸ਼ਾਇਦ ਲਿਬਨਾਨ ਸੀ, ਦੇ ਇਕ ਮੁਸਲਮਾਨ ਬੰਦੇ ਨੇ ਪੇਸ਼ ਕੀਤੀ। ਉਹ ਆਪਣੇ ਦੇਸ਼ ਤੋਂ ਬਹੁਤ ਵੱਡੀ ਰਕਮ ਲੈ ਕੇ ਆਇਆ ਸੀ ਜਿਹੜੀ ਪਤਾ ਨਹੀਂ ਕਿੰਨੇ ਲੱਖ ਰੁਪਏ ਦੀ ਸੀ । ਉਸ ਰਕਮ ਨਾਲ ਉਹ ਬਿਹਾਰ ਦੇ ਜੁਲਾਹਿਆਂ ਦਾ ਬੁਣਿਆ ਹੋਇਆ ਕੱਪੜਾ ਮੁੱਲ ਲੇ ਕੇ ਆਪਣੇ ਦੇਸ਼ ਨੂੰ ਲੈ ਗਿਆ ।

ਬਿਹਾਰ ਦੇਸ਼ ਦਾ ਅੰਨ ਸੰਕਟ ਤਾਂ ਅਜਿਹਾ ਸੰਕਟ ਸੀ ਜਿਸ ਵਿਚ ਕਰੋੜ ਦੇ ਕਰੀਬ ਬੰਦੇ ਭੁੱਖ ਦੀ ਮਾਰ ਹੇਠ ਆਏ, ਜਿਨ੍ਹਾਂ ਵਿਚੋਂ ਹਜ਼ਾਰਾਂ ਬੰਦੇ ਉਸ ਭੁੱਖ ਦੇ ਕਾਰਨ ਮਰੇ ਜਾਂ ਕਮਜ਼ੋਰੀ ਨਾਲ ਮਰਨ ਦੇ ਕੰਢੇ 'ਤੇ ਪੁੱਜੇ ਜਿਸ ਕਰਕੇ ਉਹ ਭੁੱਖ ਦੇਸ਼ ਤੇ ਦੁਨੀਆਂ ਦੇ ਬੰਦਿਆਂ ਦੀਆਂ ਅੱਖਾਂ ਅੱਗੇ ਆਈ ; ਪਰ ਸੰਸਾਰ ਵਿਚ ਹਰ ਸਾਲ ਇਕ ਕਰੋੜ ਪੰਜ ਲੱਖ ਬੰਦਾ ਭੁੱਖ ਨਾਲ ਮਰਦਾ ਹੈ। ਉਸ ਗਿਣਤੀ ਵਿਚ ਕਈ ਲੱਖ ਬੰਦੇ ਹਿੰਦੁਸਤਾਨ ਦੇ ਹੋਣਗੇ ।

ਮਸ਼ੀਨ ਬੇਕਾਰੀ ਪੈਦਾ ਕਰਦੀ ਹੈ । ਮਹਾਤਮਾ ਗਾਂਧੀ ਜੀ ਨੇ ਦੇਸ ਤੇ ਦੁਨੀਆਂ ਦੇ ਬੰਦਿਆਂ ਨੂੰ ਇਹੀ ਗੱਲ ਦੱਸੀ ਸੀ । ਦੇਸ਼ ਦੀ ਸੁਤੰਤਰਤਾ ਦੀ ਜੋ ਸ਼ਾਂਤਮਈ ਲੜਾਈ ੯੦ ਕੁ ਸਾਲ ਚੱਲੀ ਉਸ ਦਾ ਸਭ ਤੋਂ ਵੱਡਾ ਮਨੋਰਥ ਦੇਸ਼ 'ਚ ਗ਼ਰੀਬੀ ਦੂਰ ਕਰਨਾ ਸੀ । ਗ਼ਰੀਬੀ ਦੂਰ ਕਰਨ ਦਾ ਇਕੋ ਇਕ ਰਸਤਾ ਭਾਰਤ ਵਰਗੇ ਖੇਤੀ ਪ੍ਰਧਾਨ ਦੇਸ਼ਾਂ ਵਿਚ ਹੱਥਾਂ ਨਾਲ ਕਮਾਈ ਜਾਣ ਵਾਲੀ ਦਸਤਕਾਰੀ ਹੈ । ਹੁਣ ਤਾਂ ਕੋਲਾ, ਕਾਲਾ ਤੇਲ ਸਭ ਚੀਜ਼ਾਂ ਦੁਨੀਆਂ ਵਿਚੋਂ ਮੁੱਕਣ ਦੇ ਨੇੜੇ ਪੁੱਜ ਰਹੀਆਂ ਹਨ । ਭਾਖੜਾ ਵਰਗੇ ਪਾਣੀ ਦੇ ਜ਼ਖ਼ੀਰੇ (ਡੈਮਾਂ) ਗਾਰਾਂ ਨਾਲ ਭਰ ਰਹੇ ਹਨ ਜਿਨ੍ਹਾਂ ਤੋਂ ਬਿਜਲੀ ਪੈਦਾ ਹੁੰਦੀ ਹੈ । ਇਨ੍ਹਾਂ ਦੇ ਭਰ ਜਾਣ ਨਾਲ ਬਿਜਲੀ ਪੈਦਾ ਹੋਣੀ ਬੰਦ ਹੋ ਜਾਵੇਗੀ ਅਤੇ ਨਹਿਰਾਂ ਵੀ ਬੰਦ ਹੋ ਜਾਣਗੀਆਂ । ਇਸ ਲਈ ਦੁਨੀਆਂ ਦੇ ਬੰਦਿਆਂ ਨੂੰ ਬਹੁਤ ਕੁਝ ਹੱਥ ਨਾਲ ਕਰਨਾ ਪਵੇਗਾ । ਭਾਰਤ ਦੇ ਬੰਦੇ ਸੁਤੰਤਰਤਾ ਦੇ ਪਿੱਛੋਂ ਗ਼ਰੀਬੀ ਦੂਰ ਕਰਨ ਵਾਲੇ ਇਸ ਰਸਤੇ ਵੱਲ ਧਿਆਨ ਨਹੀਂ ਦੇ ਸਕੇ ਭਾਵੇਂ ਗ਼ਰੀਬੀ ਦੂਰ ਕਰਨਾ ਹੀ ਸੁਤੰਤਰਤਾ ਦੀ ਪ੍ਰਾਪਤੀ ਦਾ ਸਭ ਤੋਂ ਵੱਡਾ ਮਨੋਰਥ ਸੀ । ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਧਿਆਨ ਵੀ ਆਪਣੀ ੧੭ ਸਾਲ ਦੀ ਹਕੂਮਤ ਵਿਚ ਵੱਡੇ ਵੱਡੇ ਕਾਰਖ਼ਾਨੇ ਲਾਉਣ ਵੱਲ ਲੱਗਾ ਰਿਹਾ ਪਰ ਆਪਣੀ ਮੌਤ ਤੋਂ ਦੋ ਦਿਨ ਪਹਿਲਾਂ ਉਹਨਾਂ ਨੇ ਪਾਰਲੀਮੈਂਟ ਵਿਚ ਕਿਹਾ ਕਿ ਮੈਨੂੰ

ਆਪਣਾ ਬਹੁਤਾ ਧਿਆਨ ਘਰੇਲ ਦਸਤਕਾਰੀ ਵੱਲ ਦੇਣਾ ਚਾਹੀਦਾ ਸੀ । ਮੇਰੇ ਜੀਵਨ ਨੂੰ ਚੜ੍ਹਦੀ ਜਵਾਨੀ ਤੋਂ ਸਾਰੀ ਉਮਰ ਲਈ ਸਾਧਪੁਣੇ ਵਾਲੇ ਪਾਸੇ ਵੱਲ ਪਾਉਣ ਵਾਲਾ ਗਾਂਧੀ ਜੀ ਦਾ ਇਹੋ ਇਕੋ ਇਕ ਖ਼ਿਆਲ ਸੀ ਜਿਹੜਾ ਉਹਨਾਂ ਨੇ ਆਪਣੇ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਸੀ :-

And why do I ask you to wear Khaddar, not because I have any ill will against the foreign manufacturer, but because I see it daily proved to me that every one anna spent on Khadi is so much put into the pockets of a poor and famishing neighbour who would have been without work and so without work and so without food but for my one anna. -M.K.Gandhi

"ਹੇ ਭਰਾਵੋ, ਮੈਂ ਤੁਹਾਨੂੰ ਖੱਦਰ ਪਾਉਣ ਲਈ ਕਿਉਂ ਆਖਦਾ ਹਾਂ, ਇਸ ਲਈ ਨਹੀਂ ਕਿ ਮੈਨੂੰ ਬਦੇਸ਼ੀ ਕੱਪੜਾ ਬੁਣਨ ਵਾਲੇ ਨਾਲ ਕੋਈ ਮੰਦ-ਭਾਵਨਾ ਹੈ ਸਗੋਂ ਇਸ ਲਈ ਕਿ ਮੈਂ ਰੋਜ਼ ਆਪਣੇ ਸਾਹਮਣੇ ਇਹ ਗੱਲ ਸਾਬਤ ਹੁੰਦੀ ਵੇਖਦਾ ਹਾਂ ਕਿ ਮੇਰਾ ਹਰ ਆਨਾ ਜੋ ਮੈਂ ਖੱਦਰ ਤੇ ਖ਼ਰਚ ਕਰਦਾ ਹਾਂ ਕਿਸੇ ਗ਼ਰੀਬ ਅਤੇ ਭੁੱਖੇ ਮਰ ਰਹੇ ਗਵਾਂਢੀ ਦੀ ਜੇਬ ਵਿਚ ਜਾਂਦਾ ਹੈ, ਜਿਹੜਾ ਮੇਰੇ ਉਸ ਆਨੇ ਤੋਂ ਬਿਨਾਂ ਕੰਮ ਤੋਂ ਵਿਹਲਾ ਰਹਿੰਦਾ ਤੇ ਇਸ ਲਈ ਰੋਟੀ ਤੋਂ ਵੀ ਵਾਂਢਿਆਂ ਰਹਿੰਦਾ ਹੈ ।" ਮਹਾਤਮਾ ਗਾਂਧੀ

ਦੇਸ਼ ਵਿਚ ੧੨ ਮਹੀਨੇ ਰਹਿਣ ਵਾਲੀ ਜਿਸ ਭੁੱਖ ਦਾ ਮੈਂ ਚਰਚਾ ਕੀਤਾ ਉਸ ਦਾ ਇਕ ਨਗਨ ਰੂਪ ਮਹਾਤਮਾ ਗਾਂਧੀ ਜੀ ਨੇ ਆਪਣੇ ਅੰਗਰੇਜ਼ੀ ਸਪਤਾਹਿਕ ਅਖ਼ਬਾਰ Young India ਦੇ ਇਕ ਲੇਖ ਵਿਚ ਸੰਨ ੧੯੨੭ ਜਾਂ ੨੮ ਵਿਚ ਪੇਸ਼ ਕੀਤਾ ਸੀ । ਉਹ ਲੇਖ ਉਹਨਾਂ ਨੇ ਉੜੀਸਾ ਪ੍ਰਾਂਤ ਬਾਰੇ ਲਿਖਿਆ ਸੀ। ਉਹਨਾਂ ਨੇ ਸੁਤੰਤਰਤਾ ਸੰਗਰਾਮ ਦੇ ਖ਼ਰਚਾਂ ਲਈ ਤਿਲਕ ਸਵਰਾਜ ਫੰਡ ਦੇ ਨਾਮ ਹੇਠਾਂ ਇਕ ਕ੍ਰੋੜ ਰੁਪਇਆ ਇਕੱਠਾ ਕਰਨਾ ਸੀ । ਉਹ ਪੈਸਾ ਇਕੱਠਾ ਕਰਨ ਲਈ ਜਦੋਂ ਮਹਾਤਮਾ ਜੀ ਉੜੀਸਾ ਪ੍ਰਾਂਤ ਦੇ ਪਿੰਡਾਂ ਵਿਚ ਗਏ ਸਨ ਤਾਂ ਉਹਨਾਂ ਨੇ ਉੜੀਸਾ ਦੇ ਪਿੰਡਾਂ ਦੇ ਬੰਦਿਆਂ ਦੀ ਕੰਗਾਲੀ ਨੂੰ ਉਸ ਦੇ ਨਗਨ ਰੂਪ ਵਿਚ ਵੇਖਿਆ ਸੀ। ਉਹਨਾਂ ਲਿਖਿਆ ਸੀ —

"The villagers were reduced to mere skeletons. The villages were reduced to dung heaps."



ਮੈਂ ਦੇਖਿਆ ਕਿ ਪਿੰਡਾਂ ਦੇ ਬੰਦੇ ਸੁੱਕ ਕੇ ਹੱਡੀਆਂ ਦੇ ਪਿੰਜਰ ਬਣ ਚੁੱਕੇ ਹਨ ਤੇ ਪਿੰਡ ਗੋਹੇ ਦੇ ਢੇਰ । ਉਹਨਾਂ ਨੇ ਮੈਨੂੰ ਸੁੱਕ ਕੇ ਹੱਡੀਆਂ ਬਣ ਚੁੱਕੀਆਂ ਉਂਗਲਾਂ ਨਾਲ ਤਿਲਕ ਸਵਰਾਜ ਫੰਡ ਲਈ ਤਾਂਬੇ ਦੇ ਸਿੱਕੇ ਦਾਨ ਵਿਚ ਦਿੱਤੇ ।

ਮੈਂ ਦਸ ਜਮਾਤਾਂ ਫੇਲ੍ਹ ਹਾਂ ਤੇ ਸੰਨ ੧੯੨੭ ਦੀ ਆਪਣੀ ੨੩ ਸਾਲ ਦੀ ਉਮਰ ਵਿਚ ਮੈਂ ਲਾਹੌਰ ਸ਼ਹਿਰ ਦੇ ਵੱਡੇ ਸਰਕਾਰੀ ਮਿਉ ਹਸਪਤਾਲ ਵਿਚ ਕੰਪਾਉਂਡਰੀ ਦਾ ਕਿੱਤਾ ਸਿੱਖ ਰਿਹਾ ਸਾਂ । ਮੈਨੂੰ ਡੇਢ ਦੋ ਵਜੇ ਛੁੱਟੀ ਹੋ ਜਾਂਦੀ ਸੀ। ਹਸਪਤਾਲ ਦੇ ਬੂਹੇ ਅੱਗੇ ਇਕ ਬਹੁਤ ਵੱਡੀ ਲਾਇਬ੍ਰੇਰੀ ਦਿਆਲ ਸਿੰਘ ਲਾਇਬ੍ਰੇਰੀ ਸੀ । ਹਸਪਤਾਲ ਵਿਚੋਂ ਛੁੱਟੀ ਹੁੰਦਿਆਂ ਹੀ ਮੈਂ ਲਾਇਬ੍ਰੇਰੀ ਜਾ ਵੜਦਾ ਸਾਂ । ਗਾਂਧੀ ਜੀ ਨੇ ਸੰਨ ੧੯੨੭-੨੮ ਵਿਚ ਅੰਗਰੇਜ਼ੀ ਵਿਚ ਇਕ ਪੁਸਤਕ ਛਪਾਈ ਜਿਸ ਦਾ ਨਾਮ ਸੀ—

An essay on hand spinning and hand weaving.

ਅਰਥਾਤ-ਹੱਥ ਦੀ ਕਤਾਈ ਤੇ ਬੁਣਾਈ ਬਾਰੇ ਲੇਖ । ਇਹ ਪੁਸਤਕ ਦੋ ਇਨਾਮੀ ਲੇਖਾਂ ਨੂੰ ਮੇਲ ਕੇ ਬਣਾਈ ਗਈ ਤੇ ਉਨ੍ਹਾਂ ਲੇਖਾਂ ਨੂੰ ਇਕ ਹਜ਼ਾਰ ਰੁਪਇਆ ਇਨਾਮ ਮਿਲਿਆ ਸੀ। ਗਾਂਧੀ ਜੀ ਨੇ ਲਿਖਿਆ ਸੀ ਕਿ ਭਾਰਤ ਦੇ ਪਿੰਡਾਂ ਵਿਚ ੮੦ ਪ੍ਰਤੀਸ਼ਤ ਬੰਦੇ ਰਹਿੰਦੇ ਹਨ ਜਿਨ੍ਹਾਂ ਵਿਚੋਂ ੭੨ ਪ੍ਰਤੀਸ਼ਤ ਖੇਤੀ ਕਰਦੇ ਹਨ । ਖੇਤੀ ਵਾਲੇ ਬੰਦਿਆਂ ਨੂੰ ਸਾਲ ਵਿਚ ੧੫੦ ਦਿਨ ਵਿਹਲਾ ਰਹਿਣਾ ਪੈਂਦਾ ਹੈ । ਕਦੀ ਮੀਂਹ ਪੈ ਗਿਆ ਜ਼ਮੀਨ ਵੱਤਰ ਨਾ ਹੋਈ, ਕਦੇ ਕੋਈ ਕਾਰਨ ਤੇ ਕਦੇ ਕੋਈ ਕਾਰਨ, ਜਿਹੜੇ ਉਸ ਦੇ ਵੱਸ ਤੋਂ ਬਾਹਰ ਹੁੰਦੇ ਹਨ ਤੇ ਇਨ੍ਹਾਂ ੧੫੦ ਦਿਨਾਂ ਵਿਚ ਜੇਕਰ ਖੇਤੀ ਕਰਨ ਵਾਲਾ ਬੰਦਾ ਆਪ ਤੇ ਉਸ ਦੇ ਘਰ ਦੇ ਸਾਰੇ ਜੀਅ ਕੋਈ ਕੰਮ ਕਰ ਕੇ ਰੋਜ਼ਗਾਰ ਕਮਾ ਸਕਦੇ ਹਨ ਤਾਂ ਉਹ ਹੱਥ ਨਾਲ ਕੱਤਣ ਬੁਣਨ ਦੀ ਕਿਰਿਆ ਹੀ ਹੈ । ਕਪਾਹ ਵੇਲਣਾ, ਪਿੰਜਣਾ, ਪੂਣੀਆਂ ਵੱਟਣਾ ਤੇ ਕੱਤਣਾ, ਬੁਣਨਾ, ਚਰਖਾ ਵੇਲਣਾ ਬਣਾਉਣ ਵਿਚ ਤਰਖਾਣ ਨੂੰ, ਤੱਕਲਾ ਬਣਾਉਣ ਵਿਚ ਲੁਹਾਰ ਨੂੰ, ਚਰਮਖ ਬਣਾਉਣ ਵਿਚ ਬਾਜੀਗਰ ਨੂੰ, ਤੰਦ ਬੁਣਾਉਣ ਲਈ ਚੁਮਾਰ ਨੂੰ ਰੋਜ਼ਗਾਰ ਮਿਲਦਾ ਹੈ। ਮਹਾਤਮਾ ਗਾਂਧੀ ਦਾ ਉੱਪਰ ਲਿਖਿਆ ਲੇਖ ਪੜ੍ਹ ਕੇ ਮੈਂ ੮ ਮਹੀਨਿਆਂ ਪਿੱਛੋਂ ਕੰਪਾਉਂਡਰੀ ਸਿੱਖਣ ਦਾ ਕੰਮ ਵਿਚੇ ਛੱਡ ਦਿੱਤਾ ਸੀ ਜਿਸ ਨੂੰ ਮੈਂ ਪੂਰਾ ਸਾਲ

ਭਰ ਸਿੱਖਣਾ ਸੀ । ਮੈਂ ਇਹ ਨਿਸ਼ਚਾ ਧਾਰ ਲਿਆ ਸੀ ਕਿ ਸਾਰੀ ਉਮਰ ਮੈਂ ਗਾਂਧੀ ਜੀ ਦੇ ਖੱਦਰ ਵਰਗੀਆਂ ਗੱਲਾਂ ਨੂੰ ਅਖ਼ਬਾਰਾਂ ਤੇ ਪੁਸਤਕਾਂ ਵਿਚੋਂ ਪੜ੍ਹਾਂਗਾ ਤੇ ਸਾਰੀ ਉਮਰ ਉਹਨਾਂ ਦਾ ਪ੍ਰਚਾਰ ਕਰਾਂਗਾ । ਅੱਜ ਮੈਂ ੩ ਨਵੰਬਰ ੧੯੮੧ ਵਾਲੇ ਦਿਨ ਜਦ ਮੈਂ ਆਪਣੀ ਉਮਰ ਦੇ ੭੮ਵੇਂ ਸਾਲ ਵਿਚ ਇਹ ਲੇਖ ਲਿਖ ਰਿਹਾ ਹਾਂ ਤਾਂ ਮੈਂ ਹੈਰਾਨ ਹੋ ਰਿਹਾ ਹਾਂ ਕਿ ਮੇਰੇ ਜਨਮ ਦੇ ਸੰਸਕਾਰ ਮੈਨੂੰ ਸਮਾਜ ਸੇਵਕ ਤੇ ਦੇਸ਼ ਸੇਵਕ ਦੇ ਤੌਰ ’ਤੇ ਕਿੱਥੇ ਪਹੁੰਚਾ ਚੁੱਕੇ ਹਨ । ਅੱਜ ਪਿੰਗਲਵਾੜਾ ਦਾ *ਖਰਚ ੧੦,੦੦੦ ਰੁਪਏ ਰੋਜ਼ ਤੋਂ ਟੱਪ ਚੁੱਕਾ ਹੈ ਤੇ ਉਸ ਪ੍ਰਚਾਰ ਦਾ ਖ਼ਰਚ ਜਿਸ ਨੂੰ ਮੁੱਖ ਰੱਖ ਕੇ ਮੈਂ ਸਾਧ ਬਣਿਆ ਸਾਂ † 10 ਲੱਖ ਸਾਲ ਦਾ ਹੈ। ਆਪਣੀ ਮਾਂ ਨਾਲ ਮੈਂ ਜੋ ਪ੍ਰਣ ਪਵਿੱਤਰ ਕੰਵਾਰਾ ਜੀਵਨ ਬਿਤਾਉਣ ਦਾ ਕੀਤਾ ਸੀ ਉਹ ਖੁਸ਼ੀਆਂ ਨਾਲ ਭਰਪੂਰ ਸੇਵਾ ਦੇ ਕੰਮਾਂ ਵਿਚ ਉਸੇ ਤਰ੍ਹਾਂ ਸਹਿਜ ਸੁਭਾਅ ਨਿਭਦਾ ਜਾ ਰਿਹਾ ਹੈ ਜਿਸ ਤਰ੍ਹਾਂ ਡਾਲਟਨ ਸਾਇੰਸਦਾਨ ਦਾ ਨਿਭਿਆ ਸੀ ।

ਜੈ ਪ੍ਰਕਾਸ਼ ਜੀ ਦਾ ਨਾਮ ਭਾਰਤ ਦੇ ਇਤਿਹਾਸ ਵਿਚ ਚਮਕਦਾ ਰਹੇਗਾ ਜਿਨ੍ਹਾਂ ਨੇ ਦੇਸ਼ ਦੇ ਉਚ-ਕੋਟੀ ਦੇ ਲੀਡਰ ਹੁੰਦਿਆਂ ਹੋਇਆਂ ਵੀ ਨਾ ਧਨ ਕਮਾਇਆ, ਨਾ ਪਾਰਲੀਮੈਂਟ ਦੇ ਮੈਂਬਰ ਬਣੇ, ਨਾ ਵਜ਼ੀਰ ਬਣਨਾ ਪਰਵਾਨ ਕੀਤਾ । ਦੇਸ਼ ਨੂੰ ਅਜਿਹੇ ਬੰਦਿਆਂ ਦੀ ਲੋੜ ਹੈ । ਜੈ ਪ੍ਰਕਾਸ਼ ਜੀ ਦੇ ਬ੍ਰਹਮਚਰਯ ਤੇ ਸੇਵਾ ਦੀ ਮਿਸਾਲ ਦੇਸ਼ ਦੇ ਇਤਿਹਾਸ ਵਿਚ ਸਦਾ ਚਮਕਦੀ ਰਹੇਗੀ।

---

-o-

*ਸੰਨ 2015 ਵਿਚ ਪਿੰਗਲਵਾੜਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉਪਰ ਹੈ।

† ਪਿੰਗਲਵਾੜਾ ਦਾ ਅੱਜਕਲ੍ਹ ਸਾਲਾਨਾ ਖਰਚ ਲਗਪਗ 24 ਕਰੋੜ ਰੁਪਏ ਹੋ ਚੁੱਕਾ ਹੈ ।

-o-



# ਅਬਾਦੀ ਦੀ ਭਿਆਨਕ ਸਮੱਸਿਆ

ਸੰਨ ੧੯੫੦ ਵਿਚ ਭਾਰਤ ਦੀ ਅਬਾਦੀ ੩੬ ਕਰੋੜ ਸੀ । ਇਸ ਸਮੇਂ ਇਹ ਅਬਾਦੀ ੬੮ ਕਰੋੜ ਤੋਂ ਉੱਪਰ ਹੈ । ਇਸ ਗਿਣਤੀ ਵਿਚ ਇਕ ਕਰੋੜ ਤੀਹ ਲੱਖ ਦਾ ਵਾਧਾ ਹਰ ਸਾਲ ਹੋਰ ਹੋ ਜਾਂਦਾ ਹੈ । ਸੰਨ ੨੦੫੦ ਤਕ ਇਸ ਅਬਾਦੀ ਨੇ ਵਧ ਕੇ ੯੦ ਕਰੋੜ ਤਕ ਪੁੱਜ ਜਾਣਾ ਹੈ । ਸੱਤਰ ਮਿਲੀਆਨ ਏਕੜ ਫੁੱਟ ਪਾਣੀ ਦਾ ਪ੍ਰਬੰਧ ੧੯੫੦ ਤੋਂ ਪਹਿਲਾਂ ਸਤਾਰਾਂ ਮਿਲੀਅਨ ਧਰਤੀ ਸਿੰਜਣ ਲਈ ਹੋ ਚੁੱਕਿਆ ਸੀ । ਉਸ ਦੇ ਪਿਛੋਂ ੧੯੭੬ ਤਕ ਇਹ ਪਾਣੀ ਦਾ ਰਕਬਾ ਵਧ ਕੇ ੪੫੦ ਮਿਲੀਅਨ ਏਕੜ ਫੁੱਟ ਹੋ ਚੁੱਕਿਆ ਹੈ, ੨੦੦੦ ਈਸਵੀ ਸੰਨ ਤਕ ਪਾਣੀ ਦੀਆਂ ਜਿੰਨੀਆਂ ਡੈਮਾਂ ਪਹਾੜਾਂ ਵਿਚ ਬਣ ਜਾਣਗੀਆਂ ਉਸ ਵੇਲੇ ਤਕ ਸਾਡੀ ਧਰਤੀ ਦੀ ਅਨਾਜ ਦੀ ਪੈਦਾਵਾਰ ੯੦ ਕਰੋੜ ਦੀ ਅਬਾਦੀ ਲਈ ੨੦੦ ਮਿਲੀਅਨ ਟਨ ਹੋ ਜਾਵੇਗੀ ਪਰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਸੰਨ ੨੦੦੦ ਈਸਵੀ ਜਾਂ ਸ਼ਾਇਦ ਇਸ ਤੋਂ ਕੁਝ ਸਾਲ ਪਹਿਲਾਂ ਪਹਾੜਾਂ ਦੇ ਪਾਣੀ ਮਿੱਟੀ ਨਾਲ ਭਰਨੇ ਆਰੰਭ ਹੋ ਜਾਣਗੇ। ਇਕੀਵੀਂ ਸਦੀ ਦੇ ਅੰਤ ਤਕ ਪਹਾੜਾਂ ਦੀਆਂ ਸਾਰੀਆਂ ਡੈਮਾਂ ਮਿੱਟੀ ਨਾਲ ਭਰ ਜਾਣ ਦੇ ਕਾਰਨ ਅਨਾਜ ਦੀ ਪੈਦਾਵਾਰ ਘਟ ਕੇ ਕੇਵਲ ੮੦ ਮਿਲੀਅਨ ਟਨ ਰਹਿ ਜਾਵੇਗੀ । ਸੰਨ ੨੦੦੦ ਈਸਵੀ ਨੂੰ ਡੈਮਾਂ ਤੋਂ ਪਾਣੀ ਪ੍ਰਾਪਤ ਕਰਨ ਵਾਲੀ ਧਰਤੀ ਦਾ ਰਕਬਾ ਘਟ ਘਟ ਕੇ ਛੇਵਾਂ ਹਿੱਸਾ ਰਹਿ ਜਾਵੇਗਾ ; ਕਿਉਂਕਿ ਡੈਮਾਂ ਤੋਂ ਨਿਕਲਣ ਵਾਲੀਆਂ ਸਾਰੀਆਂ ਨਹਿਰਾਂ ਬੰਦ ਹੋ ਜਾਣਗੀਆਂ।

ਵੀਹਾਂ ਸਾਲਾਂ ਤਕ ਡੀਜ਼ਲ ਮੁੱਕ ਜਾਵੇਗਾ । ਪੱਥਰ ਦਾ ਕੋਇਲਾ ਵੀ ਪੰਜਾਹ ਸਾਲਾਂ ਤਕ ਸਮਾਪਤ ਹੋ ਜਾਏਗਾ । ਡੈਮਾਂ ਦੇ ਭਰਨ ਨਾਲ ਬਿਜਲੀ ਪੈਦਾ ਕਰਨ ਵਾਲੇ ਬਿਜਲੀ-ਘਰ ਵੀ ਬੰਦ ਹੋ ਜਾਣਗੇ । ਬਿਜਲੀ-ਘਰਾਂ ਦੇ ਬੰਦ ਹੋ ਜਾਣ ਨਾਲ ਉਹ ਮੋਟਰਾਂ ਨਾ ਚੱਲ ਸਕਣਗੀਆਂ ਜਿਹੜੀਆਂ ਧਰਤੀ ਵਿਚੋਂ ਪਾਣੀ ਕੱਢਦੀਆਂ ਹਨ ਤੇ ਖੇਤਾਂ ਨੂੰ ਸਿੰਜਦੀਆਂ ਹਨ । ਕੋਇਲੇ ਦੇ ਮੁੱਕ ਜਾਣ ਨਾਲ ਵੀ ਉਹ ਇੰਜਣ ਨਾ ਚੱਲ ਸਕਣਗੇ ਜਿਹੜੇ ਭਾਫ਼ ਨਾਲ ਚੱਲਦੇ ਹਨ ਤੇ ਧਰਤੀ ਵਿਚੋਂ ਪਾਣੀ ਕੱਢਦੇ ਹਨ । ਡੀਜ਼ਲ ਤੇਲ ਦੇ ਮੁੱਕ ਜਾਣ ਨਾਲ ਉਹ ਇੰਜਣ ਚੱਲਣੇ ਬੰਦ ਹੋ ਜਾਣਗੇ ਜਿਹੜੇ ਡੀਜ਼ਲ ਨਾਲ ਚੱਲਦੇ ਹਨ ਤੇ ਧਰਤੀ ਵਿਚੋਂ ਪਾਣੀ ਕੱਢਦੇ ਹਨ । ਉਸ ਸਮੇਂ ਕਿਸੇ ਕਾਰਖ਼ਾਨੇ ਨੂੰ ਬਿਜਲੀ ਨਹੀਂ

ਮਿਲੇਗੀ । ਸੰਨ ੨000 ਦੇ ਅੰਤ ਤਕ ਭਾਰਤ ਜੋ ਅਨਾਜ ਪੈਦਾ ਕਰੇਗਾ ਉਹ ਕੇਵਲ ੩੫ ਕਰੋੜ ਅਬਾਦੀ ਦਾ ਢਿੱਡ ਹੀ ਭਰ ਸਕੇਗਾ ਅਤੇ ਸੰਨ ੨੧੦੦ ਤਕ ਭਾਰਤ ਦੀ ਅਬਾਦੀ ਕਾਲਾਂ ਨਾਲ ਮਰ ਮਰ ਕੇ ੩੬ ਕਰੋੜ 'ਤੇ ਪੁੱਜ ਜਾਵੇਗੀ । ਭੁੱਖ ਨਾਲ ਹਰ ਸਾਲ ਸਵਾ ਕਰੋੜ ਬੰਦਾ ਮਰੇਗਾ ਤੇ ਸੌ ਸਾਲਾਂ ਤਕ ਸਵਾ ਕਰੋੜ ਬੰਦਾ ਹਰ ਸਾਲ ਮਰਦਾ ਰਹੇਗਾ ।

ਡੈਮਾਂ ਨੇ ਤਾਂ ਭਰਨਾ ਹੀ ਹੁੰਦਾ ਹੈ ਪਰ ਏਨਾ ਜ਼ਰੂਰ ਹੋ ਸਕਦਾ ਹੈ ਕਿ ਡੈਮਾਂ ਨੂੰ ਛੇਤੀ ਨਾ ਭਰਨ ਦਿੱਤਾ ਜਾਵੇ । ਅਜਿਹਾ ਕਰਨ ਲਈ ਹਰ ਇਕ ਬੰਦੇ ਨੂੰ ਰੁੱਖ ਲਾਉਣ ਬਾਰੇ ਸੋਚਣਾ ਪਵੇਗਾ ਤੇ ਮਹਾਤਮਾ ਬੁੱਧ ਦਾ ਉਪਦੇਸ਼ ਮੰਨਣਾ ਪਵੇਗਾ—**"ਹਰ ਬੰਦਾ ਆਪਣੇ ਜੀਵਨ ਵਿਚ ਘੱਟੋ ਘੱਟ ਪੰਜ ਰੁੱਖ ਜ਼ਰੂਰ ਲਾਵੇ ਤੇ ਲੱਕੜ ਦਾ ਘੱਟ ਤੋਂ ਘੱਟ ਖ਼ਰਚ ਕਰੇ । ਕੋਈ ਦੇਸ਼ ਵਾਸੀ ਗੋਬਰ ਤੇ ਗ਼ੰਦਗੀ ਨੂੰ ਬਰਬਾਦ ਨਾ ਹੋਣ ਦੇਵੇ ਤੇ ਡੀਜ਼ਲ ਤੇ ਪੈਟਰੋਲ ਦੀ ਵਰਤੋਂ ਘੱਟ ਤੋਂ ਘੱਟ ਕਰੇ ।"**

(ਮਿਲੀਅਨ ਦਸ ਲੱਖ ਦਾ ਹੁੰਦਾ ਹੈ )

-o-



# ਭਾਰਤ ਦੇ ਕਾਲਾਂ ਦਾ ਇਤਿਹਾਸ

ਭਾਰਤ ਵਿਚ ਸੰਨ ੬੫੦ ਈਸਵੀ ਤੋਂ ਕਾਲ ਪੈਣੇ ਅਰੰਭ ਹੋਏ ਸਨ ਜਿਨ੍ਹਾਂ ਦਾ ਕਾਰਨ ਮੀਂਹ ਨਾ ਪੈਣਾ ਹੁੰਦਾ ਸੀ । ਜਿੰਨੇ ਕਾਲ ਭਾਰਤ ਵਿਚ ਪੈਂਦੇ ਰਹੇ ਹਨ ਉਨ੍ਹਾਂ ਦਾ ਕੁਝ ਵੇਰਵਾ ਹੇਠਾਂ ਦਿੱਤਾ ਗਿਆ ਹੈ—੬੫੦, ੧੧੪੮ ਤੋਂ ੧੧੫੯ ਤਕ, ੧੩੯੬ ਤੋਂ ੧੪੦੭ ਤਕ, ੧੫੯੬ ਤੋਂ ੧੫੯੮ ਤਕ, ੧੭੬੦ ਤੋਂ ੧੭੯੨ ਤਕ। ਇਨ੍ਹਾਂ ਕਾਲਾਂ ਦੇ ਸਮਿਆਂ 'ਤੇ ਅਜਿਹਾ ਹੁੰਦਾ ਰਿਹਾ ਕਿ ਪ੍ਰਾਂਤਾਂ ਦੇ ਪ੍ਰਾਂਤ ਅਬਾਦੀ ਤੋਂ ਖ਼ਾਲੀ ਹੁੰਦੇ ਗਏ। ਸੰਨ ੯੪੧, ਸੰਨ ੧੦੨੨ ਤੋਂ ੧੦੩੩ ਦੋ ਕਾਲ ਇਤਨੇ ਭਿਆਨਕ ਸਨ ਕਿ ਇਹਨਾਂ ਕਾਲਾਂ ਵਿਚ ਭੁੱਖ ਦੇ ਕਾਰਨ ਬੰਦੇ ਨੇ ਬੰਦੇ ਨੂੰ ਮਾਰ ਕੇ ਖਾਧਾ । ੧੩੯੬ ਵਿਚ ਜਿਹੜਾ ਕਾਲ ਭਾਰਤ ਵਿਚ ਪਿਆ ਉਸ ਕਾਲ ਵਿਚ ਮੁਹੰਮਦ ਤੁਗ਼ਲਕ ਬਾਦਸ਼ਾਹ ਦਿੱਲੀ ਸ਼ਹਿਰ ਦੀ ਅਬਾਦੀ ਨੂੰ ਦਿੱਲੀ ਤੋਂ ਉਖੇੜ ਕੇ ਦੱਖਣ ਦੇ ਇਲਾਕੇ ਦੇ ਸ਼ਹਿਰ ਦਿਓਗਿਰੀ ਨੂੰ ਲੈ ਗਿਆ। ੧੬੩੦ ਤੋਂ ਲੈ ਕੇ ੧੬੩੨ ਤਕ ਜਿਹੜਾ ਕਾਲ ਪਿਆ ਉਸ ਕਾਲ ਦਾ ਇਤਨਾ ਕਰੜਾ ਪ੍ਰਭਾਵ ਗੁਜਰਾਤ ਪ੍ਰਾਂਤ 'ਤੇ ਪਿਆ ਕਿ ਇਕ ਰੋਟੀ ਦੇ ਬਦਲੇ ਬੰਦਾ ਆਪਣਾ ਸਰੀਰ ਵੇਚਣ ਲਈ ਤਿਆਰ ਹੋ ਗਿਆ ਪਰ ਕਿਸੇ ਬੰਦੇ ਵਿਚ ਇਤਨੀ ਸਮਰੱਥਾ ਨਹੀਂ ਰਹਿ ਗਈ ਕਿ ਏਨੇ ਸਸਤੇ ਮੁੱਲ ਤੋਂ ਵੀ ਬੰਦਾ ਬੰਦੇ ਨੂੰ ਖ਼ਰੀਦ ਲੈਂਦਾ , ਅਜਿਹਾ ਕਿਸੇ ਇਤਿਹਾਸਕਾਰ ਨੇ ਲਿਖਿਆ ਹੈ । ਸੰਨ ੧੭੧੦ ਤੋਂ ੧੭੨੨ ਤਕ ਦੇ ਸਮੇਂ ਵਿਚ ਪਿਆ ਉਹ ਕਾਲ ਇਕ ਭਿਆਨਕ ਕਾਲ ਸੀ ਤੇ ਉਸ ਕਾਲ ਦਾ ਨਾਮ '**ਖੋਪਰੀ ਕਾਲ**' ਪਿਆ ਸੀ । ਸੰਨ ੧੯੩੮ ਤੋਂ ਲੈ ਕੇ ਅਗਾਂਹ ਦੇ ੬ ਸਾਲਾਂ ਦੇ ਸਮੇਂ ਵਿਚ ਮੀਂਹ ਨਾ ਪੈਣ ਦੇ ਕਾਰਨ ਭਾਰਤ ਵਿਚ ੨੦ ਕਾਲ ਪਏ ਸਨ । ਇਨ੍ਹਾਂ ਕਾਲਾਂ ਵਿਚ ਹੇਠ ਲਿਖੇ ਕਾਲ ਵੱਡੇ ਕਾਲ ਗਿਣੇ ਗਏ ਸਨ- ਸੰਨ ੧੯੩੯ ਦਾ ਯੂ.ਪੀ. ਪ੍ਰਾਂਤ ਦਾ ਕਾਲ ਜਿਸ ਵਿਚ ੮ ਲੱਖ ਬੰਦੇ ਮਰੇ । ਸੰਨ ੧੯੬੫ ਦਾ ਉੜੀਸਾ ਪ੍ਰਾਂਤ ਦਾ ਕਾਲ ਜਿਸ ਵਿਚ ੧੦ ਲੱਖ ਬੰਦੇ ਮਰੇ ਤੇ ਰਾਜਪੂਤਾਨੇ ਦਾ ਸੰਨ ੧੯੬੮ ਦਾ ਕਾਲ ਜਿਸ ਵਿਚ ਸਾਢੇ ਸੱਤ ਲੱਖ ਬੰਦੇ ਮਰੇ । ਜਿਹੜਾ ਕਾਲ ੧੯੯੬ ਵਿਚ ਬੰਬਈ, ਮਦਰਾਸ ਤੇ ਮੱਧ-ਪ੍ਰਦੇਸ਼ ਦੇ ਇਲਾਕਿਆਂ ਵਿਚ ਪਿਆ ਉਸ ਵਿਚ ਸਾਢੇ ਸੱਤ ਲੱਖ ਬੰਦੇ ਮਰੇ । ਇਹਨਾਂ ਕਾਲਾਂ ਵਿਚ ਜਿਹੜਾ ਪਾਣੀ ਦਾ ਸੰਕਟ ਮੀਂਹ ਨਾ ਪੈਣ ਕਾਰਨ ਹੁੰਦਾ ਗਿਆ ਉਸ ਦੇ ਕਾਰਨ ਜ਼ਿਲ੍ਹਿਆਂ ਦੇ ਜ਼ਿਲ੍ਹਿਆਂ ਦੀ ਅਬਾਦੀ ਉੱਜੜ ਕੇ ਦੂਜਿਆਂ ਜ਼ਿਲ੍ਹਿਆਂ ਨੂੰ ਜਾਂਦੀ ਰਹੀ ਤੇ ਇਸ ਤਰ੍ਹਾਂ

ਕਾਲ ਦੇ ਰਕਬੇ ਦੇ ਘੇਰੇ ਨੂੰ ਵਧਾਉਂਦੀ ਗਈ । ਇਹਨਾਂ ਕਾਲਾਂ ਦਾ ਵੱਡਾ ਕਾਰਨ ਮੀਂਹ ਨਾ ਪੈਣਾ ਹੁੰਦਾ ਸੀ । ਇਸ ਲਈ ਜਿੱਥੇ ਲੋਕਾਂ ਨੂੰ ਅੰਨ ਖਾਣ ਨੂੰ ਨਹੀਂ ਮਿਲਦਾ ਸੀ ਉੱਥੇ ਪਾਣੀ ਵੀ ਲੋਕਾਂ ਨੂੰ ਪੀਣ ਨੂੰ ਨਹੀਂ ਮਿਲਦਾ ਸੀ। ਸੋ ਜਿੱਥੇ ਬੰਦੇ ਇਹਨਾਂ ਕਾਲਾਂ ਵਿਚ ਭੁੱਖ ਤ੍ਰੇਹ ਨਾਲ ਮਰਦੇ ਗਏ ਉੱਥੇ ਬੈਲਾਂ ਵਰਗੇ ਪਸ਼ੂ ਵੀ ਚਾਰੇ ਤੇ ਪਾਣੀ ਤੋਂ ਬਿਨਾਂ ਮਰਦੇ ਗਏ । ਇਹਨਾਂ ਕਾਲਾਂ ਵਿਚ ਬੈਲਾਂ ਦੇ ਮਰ ਜਾਣ ਦਾ ਸਿੱਟਾ ਇਹ ਨਿਕਲਦਾ ਰਹਿੰਦਾ ਸੀ ਕਿ ਜਦੋਂ ਮੀਂਹ ਪੈ ਵੀ ਜਾਇਆ ਕਰਦਾ ਸੀ ਤਾਂ ਵੀ ਖੇਤੀ ਲਈ ਬੈਲ ਨਹੀਂ ਮਿਲਿਆ ਕਰਦੇ ਸਨ । ਬੰਦਿਆਂ ਦੇ ਮਰ ਜਾਣ ਨਾਲ ਬੰਦੇ ਵੀ ਖੇਤੀ ਕਰਨ ਲਈ ਨਹੀਂ ਮਿਲਿਆ ਕਰਦੇ ਸਨ । ਸੋ ਬੈਲਾਂ ਤੇ ਮਨੁੱਖਾਂ ਦੀ ਅਣਹੋਂਦ ਦੇ ਕਾਰਨ ਕਈ ਸਾਲ ਧਰਤੀ ਖੇਤੀ ਤੋਂ ਬਿਨਾਂ ਵਿਹਲੀ ਪਈ ਰਿਹਾ ਕਰਦੀ ਸੀ ।੧੯੯੬ ਤੋਂ ਲੈ ਕੇ ੧੯੯੭ ਤਕ ਪੈਣ ਵਾਲੇ ਕਾਲ ਦੇ ਇਕ ਸਾਲ ਦੇ ਸਮੇਂ ਵਿਚ ਕਾਲ ਦਾ ਪ੍ਰਭਾਵ ਸੱਤ ਕਰੋੜ ਲੋਕਾਂ ’ਤੇ ਪਿਆ ਸੀ । ਮੁਗ਼ਲ ਸ਼ਹਿਨਸ਼ਾਹ ਅਕਬਰ ਨੇ ਸੰਨ ੧੫੭੦ ਵਿਚ ਆਪਣੀ ਰਾਜਧਾਨੀ ਫ਼ਤਹਿਪੁਰ ਸੀਕਰੀ ਵਿਚ ਬਣਾਈ ਪਰ ਉੱਥੇ ਅਬਾਦੀ ਦੀ ਲੋੜ ਅਨੁਸਾਰ ਪਾਣੀ ਨਾ ਮਿਲ ਸਕਿਆ ਜਿਸ ਕਰਕੇ ੧੫੮੬ ਵਿਚ ਅਕਬਰ ਨੇ ਆਗਰਾ ਸ਼ਹਿਰ ’ਚ ਆਪਣੀ ਰਾਜਧਾਨੀ ਬਣਾਈ ਜਿਹੜਾ ਸ਼ਹਿਰ ਜਮਨਾ ਦਰਿਆ ਤੋਂ ਦਸਾਂ ਮੀਲਾਂ ਦੀ ਦੂਰੀ ’ਤੇ ਸੀ।

ਸੌ ਸਾਲਾਂ ਤਕ ਡੇਢ ਕਰੋੜ ਬੰਦੇ ਨੇ ਹਰ ਸਾਲ ਕਾਲਾਂ ਨਾਲ ਮਰਨਾ ਹੈ । ਉਹਨਾਂ ਮੌਤਾਂ ਤੋਂ ਬਚਣ ਦਾ ਇਕੋ ਇਕ ਰਾਹ ਇਹ ਹੈ ਕਿ ਭਾਰਤ ਦਾ ਹਰੇਕ ਵਿਆਹਿਆ ਹੋਇਆ ਬੰਦਾ ਆਪਣੀ ਸਾਰੀ ਉਮਰ ਵਿਚ ਇਕ ਤੋਂ ਵੱਧ ਬੱਚਾ ਪੈਦਾ ਨਾ ਕਰੇ ਭਾਵੇਂ ਮੁੰਡਾ ਜੰਮੇਂ ਭਾਵੇਂ ਕੁੜੀ । ਜਿਹੜੇ ਬੰਦੇ ਬਹੁਤੇ ਬੱਚੇ ਪਿੱਛੇ ਛੱਡ ਕੇ ਜਾਣਗੇ ਉਹਨਾਂ ਦੇ ਬਹੁਤੇ ਬੱਚੇ ਭੁੱਖ ਨਾਲ ਮਰਨਗੇ

-o-



# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਨ ਰਾਹ ’ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ ’ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।

## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ,ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | -03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -43 | | |
| **31 ਅਕਤੂਬਰ 2018 ਤਕ ਕੁੱਲ ਗਿਣਤੀ** | | | **1807** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।



## ਬ੍ਰਾਂਚਾਂ ਦਾ ਵੇਰਵਾ :

| ਬ੍ਰਾਂਚ | ਮਰੀਜ਼ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੋਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ

ਕੀਤਾ ਗਿਆ ਹੈ, ਜਿੱਥੇ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ



ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਆਮ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**ਮੁਫ਼ਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ** :- ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ

ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ।

(ii) Diploma Special Education (Mental Retardation) 25 ਸੀਟਾਂ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।



**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨਾਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ** :-

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖ਼ਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**ਹੋਰ ਸਮਾਜ ਕਲਿਆਣ ਸੰਬੰਧੀ ਕਾਰਜ:-**

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਿਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ 'ਸ਼ੁਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(x) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xi) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ"

ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਰਜਿਸਟਰਾਰ ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉੱਪਰ ਹੈ ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥**

**ਡਾ: ਇੰਦਰਜੀਤ ਕੌਰ**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **Pingalwara Charitable Society UK<br>(UK Charity No. 1178004)<br>756 Bath Road, Cranford, Hounslow, Middlesex<br>TW5 9TY UK<br>Ph. (+44) 203 439 4440 Email: info@pingalwara.org.uk<br>S. GURBAKHSH SINGH<br>63 PEACOCK STREET, GRAVESEND, KENT,<br>DA12 1EG<br>U.K. (PH. 01474-568574)** | **(IN CANADA)<br>BIBI ABNASH KAUR KANG<br>(Pingalwara Soceity of Ontario (Regd.)<br>124 Blackmere Cir,<br>Brampton, ONT., L6W 4CI,<br>Canada<br>Ph: 905-450-9664, 416-674-3341<br>Email-abnash6@yahoo.com** | **(IN USA)<br>JASWANT SAWHNEY CHARITABLE TRUST<br>In Association with<br>All India Pingawara Charitable Society (Regd.)<br>7713 Toburk CT,<br>HANOVER, MD 21076-1643 U.S.A.<br>BIBI JATINDER KAUR DUSAJ<br>Ph. 410-551-8010<br>E-mail-kaurg 2004@yahoo.com** |



*"ਇਸ ਸਮੇਂ ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਰੁੱਖਾਂ ਦੇ ਪ੍ਰਚਾਰ ਲਈ ਦਸਵੰਧ ਕੱਢੇ ਤੇ ਸਾਨੂੰ ਮਾਇਆ ਭੇਜੇ, ਤਾਂ ਜੋ ਇਸ ਸਮੇਂ ਭਾਰਤ ਦੀ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾਉਣ ਲਈ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਦੇ ਇਤਿਹਾਸ ਨਾਲ ਸੰਬੰਧ ਰੱਖਣ ਵਾਲੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਨੂੰ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਛਾਪ ਕੇ ਦੇਸ਼ ਦੇ ਕੋਨੇ-ਕੋਨੇ ਵਿੱਚ ਪਹੁੰਚਾਇਆ ਜਾ ਸਕੇ। ਜੰਗਲਾਤ ਅਫ਼ਸਰਾਂ ਨੂੰ ਇਹ ਪਤਾ ਲੱਗੇ ਕਿ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾਉਣ ਦੀ ਚਿੰਤਾ ਉਨ੍ਹਾਂ ਮਹਾਂਪੁਰਸ਼ਾਂ ਨੂੰ ਹੋਇਆ ਕਰਦੀ ਹੈ ਜਿਨ੍ਹਾਂ ਨੇ ਗ਼ਰੀਬਾਂ ਅਤੇ ਮੁਥਾਜਾਂ ਲਈ ਲੰਗਰ ਚਲਾਉਣੇ ਹੁੰਦੇ ਹਨ, ਕਿਉਂਕਿ ਉਹਨਾਂ ਨੇ ਇਕੱਲਿਆਂ ਪ੍ਰਸ਼ਾਦਾ ਨਹੀਂ ਛਕਣਾ ਹੁੰਦਾ ਬਲਕਿ ਨਗਾਰਾ ਵਜਾ ਕਿ ਭੁੱਖਿਆਂ ਨੂੰ ਸੱਦਾ ਦੇ ਕੇ ਸੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣਾ ਹੁੰਦਾ ਹੈ।"*

**-ਭਗਤ ਪੂਰਨ ਸਿੰਘ, ਬਾਨੀ ਪਿੰਗਲਵਾੜਾ, ਅੰਮ੍ਰਿਤਸਰ।**

## ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

* ਕੁਦਰਤੀ ਸੋਮਿਆਂ ਦੀ ਰੱਖਿਆ ਕਰੋ ।
* ਸਾਦਾ ਜੀਵਨ ਬਤੀਤ ਕਰੋ ।
* ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ ।
* ਖਾਦੀ ਦਾ ਕੱਪੜਾ ਪਹਿਨ ਕੇ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰੋ ।
* ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿੱਚ ਰਹਿਣ ਦਾ ਅਨੰਦ ਹੀ ਵੱਖਰਾ ਹੈ ।
* ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ਅਤੇ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ ।
* ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ । ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖੁਸ਼ਹਾਲੀ ਦਾ ਆਧਾਰ ਹਨ ।
* ਬਰਸਾਤ ਦੇ ਮੌਸਮ ਵਿੱਚ ਹਰ ਇਕ ਪ੍ਰਾਣੀ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।
* ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।



### ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ- ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ